# ਮਾਓ ਜ਼ੇ-ਤੁੰਗ

PEOPLE'S FORUM
ਚੰਗੀਆਂ ਪੁਸਤਕਾਂ ਨਾ ਸਿਰਫ਼ ਜ਼ਿੰਦਗੀ ਨੂੰ

## ਲੇਖਕ ਦੀਆਂ ਹੋਰ ਪੁਸਤਕਾਂ

1. ਮਿੱਟੀ ਤੋਂ ਮਨੁੱਖ ਤੱਕ
2. Rationalism in punjab
3. ਆਈਨਸਟਾਈਨ ਅਤੇ ਉਸਦੇ ਸਮਾਜਿਕ ਸਰੋਕਾਰ
4. ਬਰੇਵ ਨਿਊ ਵਰਲਡ–ਐਲਡਸ ਹਕਸਲੇ (ਅਨੁਵਾਦ)
5. ਪਰਤਾਂ 'ਚ ਜਿਊਂਦਾ ਆਦਮੀ– ਬਲਬੀਰ ਪਰਵਾਨੇ ਦੀ ਚੋਣਵੀਂ ਕਵਿਤਾ,
6. ਪੰਜਾਬ ਦੀ ਇਤਿਹਾਸਕ ਗਾਥਾ (1849–2000)
7. ਗੁਲਬੀਨ–ਦ ਕਲਾਈਡੋਸਕੋਪ (ਵਿਸ਼ਲੇਸ਼ਣਾਤਮਕ ਲੇਖ)

# ਮਾਓ ਜ਼ੇ-ਤੁੰਗ

(ਜੀਵਨੀ)

**ਰਾਜਪਾਲ ਸਿੰਘ**

PEOPLE'S FORUM
BARGARI, PUNJAB
NGO Estd. 2000

ਪੀਪਲਜ਼ ਫ਼ੋਰਮ
ਬਰਗਾੜੀ, ਪੰਜਾਬ
www.peoplesforumpunjab.com

# ਮਾਓ ਜ਼ੇ-ਤੁੰਗ
ਜੀਵਨੀ

# Mao Ze-tung
Biography

ਲੇਖਕ :
ਰਾਜਪਾਲ ਸਿੰਘ,
32, ਹਾਊਸਫੈੱਡ ਕਾਲੋਨੀ,
ਬਠਿੰਡਾ (ਪੰਜਾਬ)
98767 10809

Writer :
**Raj Paul Singh**
32, Housefed Colony
Bathinda (Punjab)
rajpaulsingh@gmail.com

ਨਵੰਬਰ 2018 Nov. 2018

© ਲੇਖਕ © Writer

ਮੁੱਲ :125/- ( ਇੱਕ ਸੌ ਪੱਚੀ ਰੁਪਏ)

**ਪੀਪਲਜ਼ ਫ਼ੋਰਮ**
ਬਰਗਾੜੀ, ਪੰਜਾਬ
www.peoplesforumpunjab.com

ਪ੍ਰਕਾਸ਼ਕ :
ਪੀਪਲਜ਼ ਫੋਰਮ (ਰਜਿ:)
ਬਰਗਾੜੀ, ਫ਼ਰੀਦਕੋਟ - 151 208
98729 89313, 98767 10809
www.peoplesforumpunjab.com

Publication :
**People's Forum**
Bargari, Faridkot-151208
01635-244053 9872989313
www.peoplesforumpunjab.com

---

ਪੀਪਲਜ਼ ਫ਼ੋਰਮ (ਰਜਿ.) ਸਿਹਤ, ਸਿੱਖਿਆ, ਸੱਭਿਆਚਾਰ ਅਤੇ ਵਾਤਾਵਰਣ ਪ੍ਰਤੀ ਸੰਵਾਦ ਰਚਾਉਣ ਲਈ ਪ੍ਰਤੀਬੱਧ ਸਮਾਜ-ਸੇਵੀ ਸੰਸਥਾ ਹੈ। ਇਸ ਵੱਲੋਂ ਪ੍ਰਕਾਸ਼ਤ ਪੁਸਤਕਾਂ, ਪੋਸਟਰ, ਕੈਲੰਡਰ ਅਤੇ ਸੀ. ਡੀਜ਼ ਨੌਜਵਾਨ ਵਰਗ ਅੰਦਰ ਚੇਤਨਾ ਪੈਦਾ ਕਰਨ ਹਿੱਤ ਹੈ।

# ਭੂਮਿਕਾ

ਮਾਓ ਜ਼ੇ-ਤੁੰਗ ਨੇ ਨਾ ਸਿਰਫ ਚੀਨ ਵਰਗੇ ਵੱਡੇ ਦੇਸ਼ ਦੇ ਕਰੋੜਾਂ ਲੋਕਾਂ ਦੀ ਜ਼ਿੰਦਗੀ ਨੂੰ ਬਦਲ ਕੇ ਰੱਖ ਦਿੱਤਾ ਬਲਕਿ ਉਸ ਨੇ ਸੰਸਾਰ ਭਰ ਦੀ ਸਿਆਸਤ ਉੱਤੇ ਵੀ ਬਹੁਤ ਵੱਡਾ ਪ੍ਰਭਾਵ ਪਾਇਆ। ਮਾਰਕਸਵਾਦੀ ਫਲਸਫ਼ੇ ਦੇ ਖੇਤਰ ਵਿੱਚ ਉਸ ਵੱਲੋਂ ਜੋ ਨਵੇਂ ਵਿਚਾਰ ਲਿਆਂਦੇ ਅਤੇ ਲਾਗੂ ਕੀਤੇ ਗਏ, ਉਨ੍ਹਾਂ ਨੇ ਮਾਓ ਵਿਚਾਰਧਾਰਾ ਦੇ ਰੂਪ ਵਿੱਚ ਸੰਸਾਰ ਭਰ ਦੇ ਕਮਿਊਨਿਸਟਾਂ ਵਿੱਚ ਵੱਡੀ ਬਹਿਸ ਛੇੜੀ। ਸਭਿਆਚਾਰਕ ਇਨਕਲਾਬ ਦੇ ਰੂਪ ਵਿੱਚ ਸਮਾਜਵਾਦੀ ਮਨੁੱਖ ਸਿਰਜਣ ਲਈ ਉਸ ਵੱਲੋਂ ਕੀਤਾ ਗਿਆ ਤਜਰਬਾ ਅੱਜ ਵੀ ਸਮਾਜਵਾਦੀ ਅਤੇ ਇਨਕਲਾਬੀ ਵਿਚਾਰਧਾਰਾ ਨੂੰ ਪ੍ਰਣਾਏ ਕਾਰਕੁੰਨਾਂ ਵਿਚਕਾਰ ਬਹਿਸ ਦਾ ਮੁੱਦਾ ਬਣਿਆ ਹੋਇਆ ਹੈ।

ਅਜਿਹੀ ਵਿਰਾਟ ਸ਼ਖ਼ਸੀਅਤ ਦੀ ਜੀਵਨੀ ਲਿਖਣੀ ਕੋਈ ਸੌਖਾ ਕਾਰਜ ਨਹੀਂ ਹੈ ਕਿਉਂਕਿ ਇੱਕ ਪਾਸੇ ਉਸ ਦੀ ਕਹੀ ਹਰ ਗੱਲ ਨੂੰ ਸ਼ਰਧਾ ਦੀ ਹੱਦ ਤੱਕ ਸਹੀ ਮੰਨਣ ਵਾਲੇ ਵਿਅਕਤੀ ਹਨ, ਤਾਂ ਦੂਸਰੇ ਪਾਸੇ ਉਸ ਨੂੰ ਸਨਕੀ ਅਤੇ ਤਾਨਾਸ਼ਾਹ ਕਰਾਰ ਦੇਣ ਵਾਲੇ ਉਸ ਦੇ ਕੱਟੜ ਵਿਰੋਧੀ ਹਨ। ਕਿਸੇ ਵੀ ਵਿਅਕਤੀ (ਜਾਂ ਮੁੱਦੇ) ਬਾਰੇ ਜਦੋਂ ਵਿਚਾਰ ਐਨੀ ਤੀਖਣ ਤਰ੍ਹਾਂ ਵੰਡੇ ਹੋਣ ਤਾਂ ਉਸ ਦਾ ਸੰਤੁਲਿਤ ਮੁਲਅੰਕਣ ਕਰਦੀ ਲਿਖਤ ਦੋਵਾਂ ਧਿਰਾਂ ਨੂੰ ਹੀ ਪਸੰਦ ਨਹੀਂ ਆਉਂਦੀ। ਮਾਓ ਬਾਰੇ ਇਹ ਗੱਲ ਹੋਰ ਵੀ ਤਿੱਖੀ ਤਰ੍ਹਾਂ ਸਾਹਮਣੇ ਆਉਂਦੀ ਹੈ ਕਿਉਂਕਿ ਉਹ ਕੋਈ ਅਜਿਹਾ ਇਤਿਹਾਸ ਪੁਰਸ਼ ਨਹੀਂ ਜਿਸ ਦੇ ਵਿਚਾਰਾਂ ਦੀ ਪ੍ਰਸੰਗਿਕਤਾ ਵੇਲਾ ਵਿਹਾ ਗਈ ਹੋਵੇ, ਬਲਕਿ ਉਸ ਦੇ ਵਿਚਾਰਾਂ ਨੂੰ ਲੈ ਕੇ ਅੱਜ ਵੀ ਸੈਮੀਨਾਰ ਹਾਲਾਂ ਤੋਂ ਲੈ ਕੇ ਜੰਗਲਾਂ ਪਹਾੜਾਂ ਵਿੱਚ ਹਰ ਰੂਪ ਵਿੱਚ ਯੁੱਧ ਲੜੇ ਜਾ ਰਹੇ ਹਨ।

ਇਸ ਪ੍ਰਸੰਗ ਵਿੱਚ ਮਾਓ ਦੇ ਜੀਵਨ ਅਤੇ ਪ੍ਰਾਪਤੀਆਂ ਦੀ ਗੱਲ ਕੀਤੀ ਜਾਵੇ ਤਾਂ ਮੋਟਾ ਜਿਹਾ ਖਾਕਾ ਇਹ ਬਣਦਾ ਹੈ –

ਮਾਓ ਜ਼ੇ-ਤੁੰਗ ਦੀ ਚੀਨੀ ਇਨਕਲਾਬ ਲਈ ਯੁੱਧਨੀਤੀ ਬਹੁਤ ਕਾਰਗਰ ਰਹੀ ਸੀ। ਉਸ ਦੀ ਚੀਨ ਦੀਆਂ ਹਾਲਤਾਂ ਬਾਰੇ ਸਮਝ ਬਹੁਤ ਕਮਾਲ ਦੀ ਸੀ ਅਤੇ ਉਹ ਚੀਨ ਦੇ ਲੋਕਾਂ ਦੀ ਨਬਜ਼ ਪਕੜਣ ਜਾਣਦਾ ਸੀ। ਉਸ ਨੇ ਇਤਿਹਾਸਕ ਵਿਕਾਸ ਦੇ ਨਾਲ ਚੀਨ ਨੂੰ ਸਮਾਜਵਾਦ ਦੇ ਬੂਹੇ 'ਤੇ ਜਾ ਖੜ੍ਹਾਇਆ ਸੀ। ਉਸ ਦੀ ਉਮਰ ਦੇ ਸੱਠਵੇਂ ਸਾਲ (1953) ਤੱਕ ਦੀ ਉਸ ਦੀ ਅਗਵਾਈ ਅਤੇ ਕਾਰਗੁਜ਼ਾਰੀ ਉੱਤੇ ਕੋਈ ਵੀ ਇਤਿਹਾਸਕਾਰ ਉਂਗਲ

ਨਹੀਂ ਧਰ ਸਕਦਾ। ਇਥੋਂ ਤੱਕ ਇਤਿਹਾਸ ਨੇ ਉਸ ਨੂੰ ਸਹੀ ਸਿੱਧ ਕੀਤਾ ਅਤੇ ਉਸ ਦੀ ਆਲੋਚਨਾ ਕਰਨ ਵਾਲਿਆਂ ਨੂੰ ਗਲਤ।

ਪਰ ਇਸ ਤੋਂ ਬਾਅਦ ਸਮਾਜਵਾਦ ਦੀ ਉਸਾਰੀ ਬਾਰੇ, ਸਮਾਜਵਾਦੀ ਮਨੁੱਖ ਦੀ ਸਿਰਜਣਾ ਬਾਰੇ ਉਸ ਦੀ ਪਹੁੰਚ ਵਾਦ ਵਿਵਾਦ ਪੂਰਨ ਰਹੀ ਹੈ। ਇਸ ਬਾਰੇ ਉਸ ਦੀ ਸ਼ਰਧਾਮਈ ਪ੍ਰਸੰਸਾ ਵੀ ਹੋਈ ਹੈ ਅਤੇ ਤਿੱਖੀ ਆਲੋਚਨਾ ਵੀ। ਇਹ ਵਿਵਾਦ ਚੀਨ ਦੇ ਅੰਦਰ ਵੀ ਚਲਦਾ ਰਿਹਾ ਹੈ ਅਤੇ ਚੀਨ ਤੋਂ ਬਾਹਰ ਦੇ ਮਾਰਕਸਵਾਦੀ ਵਿਚਾਰਕਾਂ ਵਿੱਚ ਵੀ। ਮਾਓ ਦੇ ਹਮਾਇਤੀਆਂ ਵੱਲੋਂ ਇਹ ਕਿਹਾ ਜਾਂਦਾ ਹੈ ਕਿ ਮਾਓ ਨੇ ਸਮਾਜਵਾਦੀ ਦੌਰ ਵਿੱਚ ਵੱਖ ਵੱਖ ਜਮਾਤਾਂ ਦੀ ਹੋਂਦ ਅਤੇ ਜਮਾਤੀ ਸੰਘਰਸ਼ ਦੀ ਨਿਸ਼ਾਨਦੇਹੀ ਕਰ ਕੇ ਮਾਰਕਸਵਾਦ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ। ਜਦ ਕਿ ਵਿਰੋਧੀਆਂ ਅਨੁਸਾਰ ਉਸ ਵਿੱਚ ਵਿਚਾਰਧਾਰਕ ਸਨਕੀਪੁਣਾ ਸੀ ਜਿਸ ਤਹਿਤ ਉਹ ਅਸਲ ਹਾਲਤਾਂ ਨੂੰ ਨਜ਼ਰਅੰਦਾਜ ਕਰ ਦਿੰਦਾ ਸੀ ; ਪੈਦਾਵਾਰੀ ਸਾਧਨਾਂ ਦਾ ਵਿਕਾਸ, ਜੋ ਕਿ ਬੁਨਿਆਦੀ ਚੀਜ ਹੈ, ਉਸ ਨੂੰ ਛੱਡ ਕੇ ਪੈਦਾਵਾਰੀ ਸਬੰਧਾਂ ਉੱਤੇ ਵੱਧ ਜੋਰ ਦੇਣਾ ਮਾਰਕਸਵਾਦੀ ਫਲਸਫ਼ੇ ਨੂੰ ਉਲਟਾ ਕਰ ਕੇ ਦੇਖਣਾ ਹੈ; ਇਹ ਪਦਾਰਥਵਾਦ ਦੀ ਬਜਾਏ ਅਧਿਆਤਮਵਾਦੀ ਪਹੁੰਚ ਹੈ, ਅਗਾਂਹ ਵੱਲ ਲੰਮੀ ਛਾਲ ਅਤੇ ਸਭਿਆਚਾਰਕ ਇਨਕਲਾਬ ਵਰਗੀਆਂ ਮੁਹਿੰਮਾਂ ਚਲਾ ਕੇ ਉਸ ਨੇ ਚੀਨੀ ਆਰਥਿਕਤਾ ਦਾ ਬਹੁਤ ਨੁਕਸਾਨ ਕੀਤਾ ; ਉਸ ਨੇ ਕਮਿਊਨਿਸਟ ਕੈਂਪ ਵਿੱਚ ਫੁੱਟ ਪਾਈ ਆਦਿ ਆਦਿ।

ਇਸ ਜੀਵਨੀ ਵਿੱਚ ਇਨ੍ਹਾਂ ਸਾਰੇ ਪੱਖਾਂ ਨੂੰ ਪੇਸ਼ ਕੀਤਾ ਗਿਆ ਹੈ। ਸੋ ਮਾਓ ਦੇ ਹੱਕ ਜਾਂ ਵਿਰੋਧ ਵਿੱਚ ਤਿੱਖੀਆਂ ਭਾਵਨਾਵਾਂ ਰੱਖਣ ਵਾਲੇ ਪਾਠਕਾਂ ਦੇ ਇਸ ਜੀਵਨੀ ਬਾਰੇ ਕੁਝ ਕਿੰਤੂ ਹੋ ਸਕਦੇ ਹਨ। ਫਿਰ ਵੀ ਮੈਨੂੰ ਆਸ ਹੈ ਕਿ ਜੋ ਵੀ ਪਾਠਕ ਇਸ ਨੂੰ ਖੁੱਲ੍ਹੇ ਮਨ ਨਾਲ ਪੜ੍ਹਨਗੇ ਉਨ੍ਹਾਂ ਦੀ ਮਾਓ ਪ੍ਰਤੀ ਕਿੰਤੂ ਰਹਿਤ ਸ਼ਰਧਾ ਅਤੇ ਅੰਨ੍ਹੀ ਵਿਰੋਧਤਾ ਦੋਹਵਾਂ ਤਰ੍ਹਾਂ ਦੀਆਂ ਭਾਵਨਾਵਾਂ ਨੂੰ ਕੁਝ ਮੋੜ ਜਰੂਰ ਪਵੇਗਾ।

– 0 –

ਮਾਓ ਬਾਰੇ ਚੀਨ ਦੇ ਮੌਜੂਦਾ ਮੁੱਖ ਆਗੂ ਸ਼ੀ ਜਿੰਨਪਿੰਗ ਨੇ 2013 ਵਿੱਚ ਕਿਹਾ ਸੀ, "ਇਨਕਲਾਬੀ ਆਗੂ ਦੇਵਤੇ ਨਹੀਂ ਹੁੰਦੇ, ਉਹ ਮਨੁੱਖ ਹੀ ਹੁੰਦੇ ਹਨ। ਅਸੀਂ ਉਨ੍ਹਾਂ ਦੀ ਦੇਵਤਿਆਂ ਵਾਂਗ ਪੂਜਾ ਨਹੀਂ ਕਰ ਸਕਦੇ ਜਾਂ ਉਨ੍ਹਾਂ ਦੀ ਮਹਾਨਤਾ ਦਾ ਵਾਸਤਾ ਦੇ ਕੇ ਲੋਕਾਂ ਨੂੰ ਉਨ੍ਹਾਂ ਦੀਆਂ ਗਲਤੀਆਂ ਉੱਤੇ ਉਂਗਲ ਧਰਨ ਤੋਂ ਰੋਕ ਨਹੀਂ ਸਕਦੇ ਹਾਂ ; ਨਾ ਹੀ ਸਿਰਫ ਇਸ ਕਰਕੇ ਕਿ ਉਨ੍ਹਾਂ ਨੇ ਕੁਝ ਗਲਤੀਆਂ ਕੀਤੀਆਂ ਸਨ, ਅਸੀਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਕੇ ਉਨ੍ਹਾਂ ਦੀਆਂ ਇਤਿਹਾਸਕ ਪ੍ਰਾਪਤੀਆਂ ਨੂੰ ਮਿਟਾ ਸਕਦੇ ਹਾਂ।"

ਸ਼ੀ ਜ਼ਿਨਪਿੰਗ ਦੀ ਰਾਜਨੀਤਕ ਅਤੇ ਵਿਚਾਰਧਾਰਕ ਲੀਹ ਪ੍ਰਤੀ ਕਿਸੇ ਦੇ ਕਿੰਨੇ ਵੀ ਮੱਤਭੇਦ ਕਿਉਂ ਨਾ ਹੋਣ ਉਸ ਦੀ ਉਪਰੋਕਤ ਗੱਲ ਨਾਲ ਸਹਿਮਤ ਹੋਣਾ ਹੀ ਬਣਦਾ ਹੈ।

ਇਸ ਪੁਸਤਕ ਵਿੱਚ ਵੀ ਕੁਝ ਇਸੇ ਤਰ੍ਹਾਂ ਦੀ ਪਹੁੰਚ ਅਪਣਾਈ ਗਈ ਹੈ।

– 0 –

ਇਸ ਪੁਸਤਕ ਵਿੱਚ ਮਾਓ ਜ਼ੇ-ਤੁੰਗ ਦੀ ਜੀਵਨੀ ਅਤੇ ਚੀਨੀ ਇਨਕਲਾਬ ਦਾ ਇਤਿਹਾਸ ਆਪਸ ਵਿੱਚ ਰਲਗੱਡ ਹੋ ਗਏ ਹਨ ਜਿਸ ਕਰ ਕੇ ਸਾਹਿਤਕ ਵਰਗੀਕਰਨ ਦੇ ਪੱਖੋਂ ਇਹ ਸ਼ੁੱਧ ਜੀਵਨੀ ਨਹੀਂ ਰਹੀ ਪਰ ਇਸ ਤੋਂ ਬਿਨਾਂ ਕੋਈ ਚਾਰਾ ਵੀ ਨਹੀਂ ਸੀ ਕਿਉਂਕਿ ਮਾਓ ਦਾ ਜੀਵਨ ਅਤੇ ਚੀਨੀ ਕਮਿਊਨਿਸਟ ਪਾਰਟੀ ਦਾ ਇਤਿਹਾਸ ਆਪਸ ਵਿੱਚ ਐਨੇ ਘੁਲੇ ਮਿਲੇ ਹਨ ਕਿ ਇਨ੍ਹਾਂ ਨੂੰ ਅਲੱਗ ਅਲੱਗ ਲਿਖਿਆ ਹੀ ਨਹੀਂ ਜਾ ਸਕਦਾ।

– 0 –

ਇਸ ਪੁਸਤਕ ਦੀ ਤਿਆਰੀ ਲਈ ਸਭ ਤੋਂ ਵੱਡਾ ਧੰਨਵਾਦ ਕੰਪਿਊਟਰ ਅਤੇ ਇੰਟਰਨੈੱਟ ਦੇ ਕਾਢਕਾਰਾਂ ਅਤੇ ਇਸ ਵਿੱਚ ਮਾਓ ਜ਼ੇ-ਤੁੰਗ, ਚੀਨ, ਚੀਨੀ ਕਮਿਊਨਿਸਟ ਪਾਰਟੀ ਅਤੇ ਚੀਨੀ ਇਨਕਲਾਬ ਬਾਰੇ ਗਿਆਨ ਭਰਨ ਵਾਲੇ ਹਜਾਰਾਂ ਵਿਅਕਤੀਆਂ (contributers)ਦਾ ਜਿਨ੍ਹਾਂ ਸਦਕਾ ਘਰ ਬੈਠੇ ਹੀ ਅਨੇਕਾਂ ਮਹੱਤਵਪੂਰਨ ਪੁਸਤਕਾਂ, ਲਿਖਤਾਂ, ਖੋਜਪੱਤਰਾਂ ਅਤੇ ਵਿਚਾਰਾਂ ਤੱਕ ਪਹੁੰਚ ਹੋ ਸਕੀ। ਦੂਸਰਾ ਧੰਨਵਾਦ ਮਾ. ਤਰਲੋਚਨ ਸਮਰਾਲਾ, ਖੁਸ਼ਵੰਤ ਬਰਗਾੜੀ, ਜਸਪਾਲ ਮਾਨਖੇੜਾ, ਮਾ. ਗਿਆਨ ਸਿੰਘ ਅਤੇ ਡਾ. ਹਰਜਿੰਦਰਮੀਤ ਸਿੰਘ ਦਾ ਜਿਨ੍ਹਾਂ ਨੇ ਪੁਸਤਕ ਦਾ ਖਰੜਾ ਪੜ੍ਹ ਕੇ ਕੀਮਤੀ ਸੁਝਾਅ ਦਿੱਤੇ (ਚਾਹੇ ਉਨ੍ਹਾਂ ਵਿਚੋਂ ਮੈਂ ਕੁਝ ਕੁ ਹੀ ਲਾਗੂ ਕਰ ਸਕਿਆ)। ਇੱਕ ਵਿਸ਼ੇਸ਼ ਧੰਨਵਾਦ ਨਾਵਲਕਾਰ ਜਸਵਿੰਦਰ ਜੱਸ ਦਾ ਜਿਸ ਨੇ ਕਿਸੇ ਸਾਥੀ ਦੇ ਗੁਪਤ ਖਜ਼ਾਨਿਆਂ ਵਿਚੋਂ ਇੱਕ ਮੈਗ਼ਜ਼ੀਨ ਦਾ ਮਾਓ ਸਬੰਧੀ ਵਿਸ਼ੇਸ਼ ਅੰਕ ਅਤੇ ਮੇਜਰ ਸਿੰਘ ਦੂਲੋਵਾਲ ਦੀ ਲਿਖੀ ਮਾਓ ਜ਼ੇ-ਤੁੰਗ ਦੀ ਜੀਵਨੀ ਮੁਹੱਈਆ ਕਰਵਾਈ।

***

# ਚੀਨੀ ਨਾਵਾਂ ਦੇ ਸ਼ਬਦਜੋੜਾਂ ਬਾਰੇ

ਚੀਨੀ ਨਾਵਾਂ ਦੇ ਉਚਾਰਣ ਦਾ ਮਸਲਾ ਬਾਹਰੀ ਸੰਸਾਰ ਵਾਸਤੇ ਕਾਫ਼ੀ ਉਲਝਣ ਭਰਿਆ ਰਿਹਾ ਹੈ ਕਿਉਂਕਿ ਚੀਨੀ ਬੋਲੀ ਅਤੇ ਧੁਨੀਆਂ ਬਾਕੀ ਭਾਸ਼ਾਵਾਂ ਤੋਂ ਬਹੁਤ ਵੱਖਰੀਆਂ ਹਨ। ਸਾਡੇ ਲਈ ਇਹ ਮਸਲਾ ਹੋਰ ਵੀ ਗੁੰਝਲਦਾਰ ਹੋ ਜਾਂਦਾ ਹੈ ਕਿਉਂਕਿ ਸਾਡੇ ਲੇਖਕਾਂ/ਵਿਦਵਾਨਾਂ ਦਾ ਚੀਨ ਨਾਲ ਸਿੱਧਾ ਸਬੰਧ ਨਾ ਹੋਣ ਕਰਕੇ ਸਾਡੇ ਕੋਲ ਚੀਨ ਬਾਰੇ ਜਾਣਕਾਰੀ ਅੰਗਰੇਜ਼ੀ ਭਾਸ਼ਾ ਰਾਹੀਂ ਹੀ ਆਉਂਦੀ ਹੈ। ਚੀਨੀ ਸ਼ਬਦਾਂ ਨੂੰ ਅੰਗਰੇਜ਼ੀ ਵਿੱਚ ਲਿਖਣ ਦਾ ਸਿਸਟਮ ਸਭ ਤੋਂ ਪਹਿਲਾਂ ਸਰ ਥਾਮਸ ਫਰਾਂਸਿਸ ਵੇਡ ਨੇ ਵਿਕਸਿਤ ਕੀਤਾ ਜਿਸ ਨੂੰ ਪ੍ਰੋ. ਹਰਬਰਟ ਐਲਨ ਗਾਈਲਜ਼ ਨੇ ਹੋਰ ਸੋਧਿਆ। ਦੋਵਾਂ ਵਿਦਵਾਨਾਂ ਦੇ ਨਾਵਾਂ 'ਤੇ ਇਸ ਸਿਸਟਮ ਨੂੰ Wade-Giles romanization ਢੰਗ ਕਿਹਾ ਜਾਂਦਾ ਸੀ। ਚੀਨੀ ਸ਼ਬਦਾਂ ਨੂੰ ਬਹੁਤ ਸਮਾਂ ਇਸੇ ਵਿਧੀ ਨਾਲ ਹੀ ਅੰਗਰੇਜ਼ੀ ਅਤੇ ਅੱਗੇ ਹੋਰ ਭਾਸ਼ਾਵਾਂ ਵਿੱਚ ਲਿਖਿਆ ਜਾਂਦਾ ਰਿਹਾ। ਪਰ ਜਦ ਚੀਨ ਦਾ ਬਾਕੀ ਸੰਸਾਰ ਨਾਲ ਵਾਹ ਵਾਸਤਾ ਵਧਿਆ ਤਾਂ ਉਨ੍ਹਾਂ ਨੂੰ ਲੱਗਿਆ ਕਿ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਚੀਨੀ ਸ਼ਬਦਾਂ ਦਾ ਉਚਾਰਨ ਸਹੀ ਨਹੀਂ ਹੋ ਰਿਹਾ। ਇਸ ਲਈ 1979 ਵਿੱਚ ਚੀਨ ਸਰਕਾਰ ਨੇ ਚੀਨੀ ਸ਼ਬਦਾਂ ਦਾ ਅੰਗਰੇਜ਼ੀ ਵਿੱਚ ਲਿਪੀਅੰਤਰ ਕਰਨ ਲਈ ਅਧਿਕਾਰਿਤ ਤੌਰ 'ਤੇ ਪਿਨਯਿਨ ਸਿਸਟਮ Pinyin romanization ਲਾਗੂ ਕਰ ਦਿੱਤਾ। ਇਸ ਨਾਲ ਬਹੁਤ ਸਾਰੇ ਚੀਨੀ ਨਾਵਾਂ ਥਾਵਾਂ ਦੇ ਸ਼ਬਦਜੋੜ ਬਦਲ ਗਏ ; ਜਿਵੇਂ ਪੀਕਿੰਗ ਬੀਜ਼ਿੰਗ ਹੋ ਗਿਆ, ਤੈਂਗ ਸਿਆਓ ਪਿੰਗ ਦੀ ਜਗ੍ਹਾ ਡੈਂਗ ਜ਼ਿਆਓਪਿੰਗ ਅਤੇ ਮਾਓ ਜ਼ੇ-ਤੁੰਗ ਵੀ ਮਾਓ ਜ਼ੇ-ਡੌਂਗ ਲਿਖਿਆ ਜਾਣ ਲੱਗਾ।

ਸਾਡੇ ਪਾਠਕ ਕਿਉਂਕਿ ਪੁਰਾਣੇ ਨਾਵਾਂ ਤੋਂ ਵੱਧ ਜਾਣੂ ਹਨ ਅਤੇ ਉਨ੍ਹਾਂ ਦੇ ਆਦੀ ਹੋਏ ਵੇ ਹਨ ਇਸ ਲਈ ਪੁਸਤਕ ਵਿੱਚ 1979 ਤੋਂ ਪਹਿਲਾਂ ਹੋ ਚੁੱਕੇ ਵਿਅਕਤੀਆਂ ਦੇ ਨਾਮ ਪੁਰਾਣੇ ਉਚਾਰਣ ਦੇ ਅਨੁਸਾਰ ਹੀ ਵਰਤੇ ਗਏ ਹਨ ਜਿਵੇਂ ਲਿਨ ਪਿਆਓ ਜਾਂ ਚਿਆਂਗ ਚਿੰਗ ਆਦਿ (ਜਦ ਕਿ ਨਵੀਂ ਵਿਧੀ ਅਨੁਸਾਰ ਇਨ੍ਹਾਂ ਦੇ ਨਾਮ ਲਿਨ ਬਿਆਓ ਅਤੇ ਜਿਆਂਗ ਕਿੰਗ ਲਿਖੇ ਜਾਂਦੇ ਹਨ)। ਕਿਉਂਕਿ ਪੀਕਿੰਗ ਨੂੰ ਹੁਣ ਹਰ ਜਗ੍ਹਾ ਬੀਜ਼ਿੰਗ ਲਿਖਿਆ ਜਾਂਦਾ ਹੈ ਸੋ ਪੁਸਤਕ ਵਿੱਚ ਵੀ ਬੀਜ਼ਿੰਗ ਹੀ ਵਰਤਿਆ ਗਿਆ ਹੈ। ਇਸੇ ਤਰ੍ਹਾਂ

ਡੈਂਗ ਜ਼ਿਆਓਪਿੰਗ ਚਾਹੇ ਪੁਰਾਣਾ ਆਗੂ ਸੀ ਪਰ ਉਹ ਵਧੇਰੇ ਚਰਚਾ ਵਿੱਚ 1979 ਤੋਂ ਬਾਅਦ ਹੀ ਆਇਆ ਜਦ ਉਸ ਨੇ ਚੀਨ ਨੂੰ ਸਮਾਜਵਾਦ ਤੋਂ ਮੰਡੀ ਆਰਥਿਕਤਾ ਵਿੱਚ ਬਦਲਣ ਵਾਲਾ ਰਾਹ ਲਾਗੂ ਕਰ ਦਿੱਤਾ। ਸੋ ਉਸ ਦਾ ਨਾਮ ਵੀ ਨਵੇਂ ਸਿਸਟਮ ਅਨੁਸਾਰ ਹੀ ਲਿਖਿਆ ਗਿਆ ਹੈ।

***

# ਮਾਓ ਜ਼ੇ-ਤੁੰਗ ਦੀ ਜੀਵਨੀ ਦੇ ਸੋਮਿਆਂ ਬਾਰੇ

ਇਸ ਪੁਸਤਕ ਵਿੱਚ ਮਾਓ ਦੇ ਜੀਵਨ ਬਾਰੇ ਲਿਖਦਿਆਂ ਹਵਾਲੇ ਨਹੀਂ ਦਿੱਤੇ ਗਏ ਕਿਉਂਕਿ ਇਹ ਕੋਈ ਖੋਜ ਪੁਸਤਕ ਨਾ ਹੋ ਕੇ ਇਸ ਦਾ ਮਕਸਦ ਮਾਓ ਜ਼ੇ ਤੁੰਗ ਅਤੇ ਚੀਨ ਦੇ ਇਨਕਲਾਬੀ ਇਤਿਹਾਸ ਬਾਰੇ ਆਮ ਪਾਠਕ ਨੂੰ ਜਾਣਕਾਰੀ ਦੇਣਾ ਸੀ। ਫਿਰ ਵੀ ਇਸ ਦੇ ਸੋਮਿਆਂ ਬਾਰੇ ਕੁਝ ਗੱਲ ਕਰਨੀ ਜਰੂਰੀ ਹੈ ਕਿਉਂਕਿ ਪੰਜਾਬੀ ਵਿੱਚ ਸ਼ਾਇਦ ਇਹ ਪਹਿਲੀ ਪੁਸਤਕ ਹੈ ਜਿਸ ਵਿੱਚ ਮਾਓ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ ਬਾਰੇ ਇਸ ਤਰ੍ਹਾਂ ਦੀ ਜਾਣਕਾਰੀ ਦਿੱਤੀ ਗਈ ਹੈ।

ਇੰਟਰਨੈੱਟ ਉੱਤੇ www.quora.com ਇੱਕ ਵੈਬਸਾਈਟ ਹੈ ਜਿਸ 'ਤੇ ਕੋਈ ਵੀ ਵਿਅਕਤੀ ਕਿਸੇ ਵੀ ਕਿਸਮ ਦਾ ਸਵਾਲ ਪੁੱਛ ਸਕਦਾ ਹੈ ਅਤੇ ਉਸ ਦਾ ਉੱਤਰ ਜਾਣਨ ਦਾ ਦਾਅਵਾ ਕਰਨ ਵਾਲਾ ਕੋਈ ਵੀ ਵਿਅਕਤੀ ਉਸ ਦਾ ਜਵਾਬ ਦੇ ਸਕਦਾ ਹੈ, ਯਾਨੀ ਇਸ ਸਾਈਟ ਉੱਤੇ ਸਵਾਲਾਂ ਜਵਾਬਾਂ ਦਾ ਆਦਾਨ ਪ੍ਰਦਾਨ ਹੁੰਦਾ ਹੈ। ਇਥੇ ਕਿਸੇ ਨੇ ਪੁੱਛਿਆ ਕਿ ਮਾਓ ਜ਼ੇ-ਤੁੰਗ ਦੀਆਂ ਵਧੀਆ ਜੀਵਨੀਆਂ ਕਿਹੜੀਆਂ ਕਿਹੜੀਆਂ ਹਨ? ਇਸ ਦਾ ਜਵਾਬ ਆਇਆ –'ਅਸਲ ਵਿੱਚ ਮਾਓ ਦੀ ਕੋਈ ਵੀ ਵਧੀਆ, ਨਿਰਪੱਖ ਅਤੇ ਉਸ ਦੁਆਲੇ ਕੇਂਦ੍ਰਿਤ ਜੀਵਨੀ ਨਹੀਂ ਹੈ। ਅਮਰੀਕਨਾਂ ਅਤੇ ਅੰਗਰੇਜ਼ ਲੇਖਕਾਂ ਵੱਲੋਂ ਲਿਖੀਆਂ ਜੀਵਨੀਆਂ ਪੱਖਪਾਤੀ ਅਤੇ ਵਿਗਾੜ ਕੇ ਪੇਸ਼ ਕੀਤੇ ਤੱਥਾਂ ਨਾਲ ਭਰੀਆਂ ਹੋਈਆਂ ਹਨ ਅਤੇ ਉਹ ਇੱਕ ਸਾਧਾਰਣ ਤੱਥ ਦੀ ਵਿਆਖਿਆ ਵੀ ਨਹੀਂ ਕਰ ਸਕਦੀਆਂ ਕਿ ਇੱਕ ਰਾਬਿਨ ਹੁੱਡ* ਕਿਸਮ ਦਾ ਵਿਅਕਤੀ ਸਿਰਫ 21 ਸਾਲਾਂ ਵਿੱਚ, ਇੱਕ ਮਹਾਂਦੀਪ ਜਿੱਡੇ ਵੱਡੇ ਆਕਾਰ ਵਾਲੇ ਅਤੇ ਐਨੀ ਵਿਸ਼ਾਲ ਆਬਾਦੀ ਵਾਲੇ ਦੇਸ਼ ਦਾ ਕੰਟਰੋਲ ਹਾਸਲ ਕਰਨ ਵਿੱਚ ਕਿਵੇਂ ਸਫਲ ਹੋ ਗਿਆ? ਦੂਜੇ ਪਾਸੇ ਚੀਨ ਵਿੱਚ ਲਿਖੀਆਂ ਗਈਆਂ ਜੀਵਨੀਆਂ ਵੀ ਬਹੁਤ ਸਾਰੀਆਂ ਗੱਲਾਂ ਨੂੰ ਲੁਕਾ ਲੈਂਦੀਆਂ ਹਨ।' ਇਹ ਜਵਾਬ ਦੇਣ ਵਾਲਾ ਅਮਰੀਕਾ ਵਿੱਚ ਸਿੱਖਿਆ ਪ੍ਰਾਪਤ ਚੀਨੀ ਮੂਲ ਦਾ ਇੰਜਨੀਅਰ ਅਤੇ ਸ਼ੌਕੀਆ ਇਤਿਹਾਸਕਾਰ ਵੈਨ ਲਿੰਗ ਹੈ, ਭਾਵ ਕੋਈ ਸਾਧਾਰਣ ਆਦਮੀ ਨਹੀਂ, ਵਿਸ਼ੇ ਦਾ ਮਾਹਿਰ ਹੈ।

---

*ਰਾਬਿਨ ਹੁੱਡ – ਇੱਕ ਅੰਗਰੇਜ਼ ਡਾਕੂ ਜੋ ਅਮੀਰਾਂ ਨੂੰ ਲੁੱਟ ਕੇ ਗਰੀਬਾਂ ਦੀ ਮਦਦ ਕਰਦਾ ਸੀ ਜਿਸ ਕਰਕੇ ਲੋਕਾਂ ਵਿੱਚ ਉਹ ਬਹੁਤ ਹਰਮਨਪਿਆਰਾ ਸੀ।*

ਜਵਾਬ ਦੇਣ ਵਾਲੇ ਵੈੱਨ ਲਿੰਗ ਦੀ ਉਕਤ ਗੱਲ ਕਾਫੀ ਹੱਦ ਤੀਕ ਸਹੀ ਹੈ। ਅੰਗਰੇਜ਼ੀ ਦੇ ਪ੍ਰਕਾਸ਼ਕਾਂ ਵੱਲੋਂ ਬਹੁਤ ਸਾਰੀਆਂ ਅਜਿਹੀਆਂ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਮਾਓ ਨੂੰ ਕਿਸੇ ਦਿਓ ਵਜੋਂ ਚਿਤਵਿਆ ਗਿਆ ਹੈ ਜੋ ਆਪਣੀ ਤਾਕਤ ਦੇ ਸਿਰ ਉੱਤੇ ਤਬਾਹੀ ਮਚਾਉਂਦਾ ਰਿਹਾ ਹੈ। ਇਨ੍ਹਾਂ ਵਿਚੋਂ ਇੱਕ 1994 ਵਿੱਚ ਪ੍ਰਕਾਸ਼ਿਤ ਹੋਈ The Private Life of Chairman Mao ਸੀ ਜੋ ਮਾਓ ਦੇ ਨਿੱਜੀ ਡਾਕਟਰ ਵਜੋਂ 22 ਸਾਲ ਉਸ ਦੇ ਨਾਲ ਰਹਿੰਦੇ ਰਹੇ ਲੀ ਜ਼ੀ-ਸੂਈ ਵੱਲੋਂ ਲਿਖੀ ਗਈ ਸੀ। ਇਸ ਨੂੰ ਪੱਛਮੀ ਜਗਤ ਵਿੱਚ ਬਹੁਤ ਪ੍ਰਚਾਰਿਆ ਗਿਆ ਕਿਉਂਕਿ ਇਸ ਵਿੱਚ ਮਾਓ ਨੂੰ ਰਾਜਨੀਤਕ ਤੌਰ 'ਤੇ ਨਿੰਦਣ ਦੇ ਨਾਲ ਨਾਲ ਉਸ ਨੂੰ ਬਹੁਤ ਕਾਮੁਕ ਵਿਅਕਤੀ ਵਜੋਂ ਦਿਖਾਇਆ ਗਿਆ ਸੀ ਜਿਸ ਦੇ ਬਹੁਤ ਸਾਰੀਆਂ ਔਰਤਾਂ ਨਾਲ ਸਰੀਰਕ ਸਬੰਧ ਸਨ। ਪਰ ਇਸ ਪੁਸਤਕ ਵਿੱਚ ਅਜਿਹੀਆਂ ਗੱਲਾਂ ਐਨੀਆਂ ਵਧਾ ਚੜ੍ਹਾ ਕੇ ਲਿਖੀਆਂ ਗਈਆਂ ਸਨ ਕਿ ਕਿਸੇ ਸੂਝਵਾਨ ਪਾਠਕ ਨੂੰ ਜਚਦੀਆਂ ਨਹੀਂ ਸਨ। ਆਖਰ ਇਸ ਦੇ ਅੰਗਰੇਜ਼ੀ ਅਨੁਵਾਦਕ ਪ੍ਰੋ. ਤਾਈ ਚੁੰਗ-ਹੋ ਨੂੰ ਇਹ ਦੱਸਣਾ ਪਿਆ ਕਿ ਇਹ ਕਿਤਾਬ ਛਾਪਣ ਵਾਲੇ ਪ੍ਰਕਾਸ਼ਕ Random House ਨੇ ਉਸ ਨੂੰ ਕਿਹਾ ਸੀ ਕਿ ਇਸ ਵਿੱਚ ਮਾਓ ਦੇ ਕਾਮੁਕ ਸਬੰਧਾਂ ਬਾਰੇ ਹੋਰ ਮਸਾਲਾ ਭਰ। ਉਸ ਦੇ ਹੋਰ ਜਾਅਲੀ ਮਸਾਲਾ ਤਿਆਰ ਕਰਨ ਤੋਂ ਇਨਕਾਰ ਕਰਨ 'ਤੇ ਪ੍ਰਕਾਸ਼ਕਾਂ ਨੇ ਖ਼ੁਦ ਹੀ ਇਸ ਵਿੱਚ ਅਜਿਹਾ ਕੁਝ ਭਰ ਦਿੱਤਾ ਤਾਂ ਜੋ ਕਿਤਾਬ ਜਿਆਦਾ ਵਿਕੇ। ਇਸ ਤੋਂ ਇਲਾਵਾ ਜਦ ਕੁਝ ਪੁਸਤਕ ਪੜਚੋਲੀਆਂ ਨੇ ਇਸ ਵਿਚਲੀਆਂ ਗੱਲਾਂ ਬਾਰੇ ਸਬੂਤਾਂ ਦਾ ਹਵਾਲਾ ਦੇਣ ਨੂੰ ਕਿਹਾ ਤਾਂ ਲੇਖਕ ਕੋਈ ਠੋਸ ਜਵਾਬ ਨਾ ਦੇ ਸਕਿਆ। ਉਸ ਨੇ ਕਿਹਾ ਕਿ ਇਹ ਮੇਰੀਆਂ ਯਾਦਾਂ 'ਤੇ ਆਧਾਰਿਤ ਹੈ, ਇਸ ਨਾਲ ਸਬੰਧਿਤ ਕਾਗਜ਼ ਪੱਤਰ ਤਾਂ ਮੈਂ ਸਾੜ ਦਿੱਤੇ ਸਨ।

ਜਦ ਇਸ ਕਿਤਾਬ ਦੀ ਚਰਚਾ ਮੱਠੀ ਪੈ ਗਈ ਤਾਂ 2005 ਵਿੱਚ ਇਸੇ ਤਰ੍ਹਾਂ ਦੀ ਇੱਕ ਹੋਰ ਪੁਸਤਕ ਪ੍ਰਕਾਸ਼ਿਤ ਕੀਤੀ ਗਈ Mao: the unknown story. ਇਸ ਵਿੱਚ ਵੀ ਇਹੋ ਜਿਹੀਆਂ ਹੀ ਗੱਲਾਂ ਲਿਖੀਆਂ ਗਈਆਂ ਸਨ। ਇਸ ਨੂੰ ਲਿਖਣ ਵਾਲਾ ਜੁੰਗ ਚਾਂਗ ਸਭਿਆਚਾਰਕ ਇਨਕਲਾਬ ਦੌਰਾਨ ਰੈੱਡਗਾਰਡਾਂ ਹੱਥੋਂ ਬੇਇਜ਼ਤ ਹੋਇਆ ਸੀ ਸੋ ਉਸ ਵਿੱਚ ਮਾਓ ਪ੍ਰਤੀ ਗੁੱਸਾ ਹੋਣਾ ਸੁਭਾਵਿਕ ਹੀ ਸੀ। ਉਸ ਦੀ ਪਤਨੀ ਹਾਲੀਡੇ ਇਸ ਦੀ ਸਹਿ-ਲੇਖਕਾ ਸੀ। ਇਸ ਕਿਤਾਬ ਨੂੰ ਵੀ ਸਰਮਾਏਦਾਰਾ ਪ੍ਰੈੱਸ ਨੇ ਬਹੁਤ ਚੁੱਕਿਆ। ਗਾਰਡੀਅਨ ਅਖ਼ਬਾਰ ਨੇ ਇਸ ਬਾਰੇ ਲਿਖਿਆ 'ਪੁਸਤਕ ਜਿਸ ਨੇ ਦੁਨੀਆ ਹਿਲਾ ਦਿੱਤੀ', ਇੱਕ ਹੋਰ ਅਖ਼ਬਾਰ ਨੇ ਇਸ ਦੀ ਤੁਲਨਾ 'ਚੀਨ ਉੱਤੇ ਐਟਮ ਬੰਬ' ਕਹਿ ਕੇ ਕੀਤੀ। ਇਹ ਕਿਤਾਬ ਸਾਰੀ ਦੁਨੀਆਂ ਵਿੱਚ ਪਹੁੰਚਾਈ ਗਈ ਅਤੇ ਇੰਗਲੈਂਡ ਵਿੱਚ ਇਹ ਬੈਸਟ-ਸੈਲਰ ਕਿਤਾਬ ਬਣੀ ਰਹੀ। ਇਸ ਤਰ੍ਹਾਂ ਜਿੱਥੇ ਪੱਛਮ ਦਾ ਪਾਪੂਲਰ ਮੀਡੀਆ ਇਸ ਤਰ੍ਹਾਂ ਦੇ ਮਾਓ ਵਿਰੋਧੀ ਪ੍ਰਚਾਰ ਨੂੰ ਹੱਲਾਸ਼ੇਰੀ ਦੇ ਰਿਹਾ ਸੀ ਉਥੇ ਹੀ ਉਥੋਂ ਦੇ ਵਿਦਵਾਨ ਅਜਿਹੀਆਂ ਪੱਖਪਾਤੀ ਪੁਸਤਕਾਂ ਨੂੰ ਮਾਓ ਬਾਰੇ ਸਹੀ

ਸਮਝ ਬਨਾਉਣ ਵਿੱਚ ਅੜਿੱਕਾ ਸਮਝਦੇ ਸਨ। ਇਹ ਵਿਦਵਾਨ ਕੋਈ ਮਾਓ ਪੱਖੀ ਕਮਿਊਨਿਸਟ ਨਹੀਂ ਸਨ ਪਰ ਉਹ ਮਾਓ ਦੇ ਜੀਵਨ, ਸਿਧਾਂਤ ਅਤੇ ਕਾਰਗੁਜ਼ਾਰੀ ਦਾ ਨਿਰਪੱਖ ਮੁਲਅੰਕਣ ਕਰਨ ਦੇ ਹੱਕ ਵਿੱਚ ਸਨ। ਕੋਲੰਬੀਆ ਯੂਨੀਵਰਸਿਟੀ ਦੇ ਪ੍ਰੋ. ਥਾਮਸ ਬਰਨਸਟੀਨ ਨੇ ਇਸ ਕਿਤਾਬ ਬਾਰੇ ਕਿਹਾ, 'ਇਹ ਚੀਨ ਬਾਰੇ ਸਹੀ ਅਧਿਐਨ ਨੂੰ ਸੱਟ ਮਾਰਦੀ ਹੈ - ਕਿਉਂਕਿ ਇਸ ਵਿੱਚ ਲੇਖਕ ਨੇ ਸਾਰੀ ਵਿਦਵਤਾ ਮਾਓ ਦੀ ਸ਼ੋਹਰਤ ਨੂੰ ਖਤਮ ਕਰਨ ਵਿੱਚ ਹੀ ਲਗਾ ਦਿੱਤੀ। ਸਿੱਟੇ ਵਜੋਂ ਇਸ ਵਿੱਚ ਪ੍ਰਸੰਗ ਰਹਿਤ ਟੂਕਾਂ ਦੀ ਭਰਮਾਰ ਅਤੇ ਤੱਥਾਂ ਦੀ ਤਰੋੜ ਮਰੋੜ ਹੈ ਜਦ ਕਿ ਉਹ ਗੱਲਾਂ ਛੱਡ ਦਿੱਤੀਆਂ ਜੋ ਮਾਓ ਨੂੰ ਐਨੀ ਗੁੰਝਲਦਾਰ, ਆਪਾਵਿਰੋਧੀ ਅਤੇ ਬਹੁ ਪੱਖੀ ਆਗੂ ਬਣਾਉਂਦੀਆਂ ਹਨ।' ਐਡੀਲੇਡ ਯੂਨੀਵਰਸਿਟੀ ਵਿੱਚ ਚੀਨੀ ਅਧਿਐਨ ਦੇ ਪ੍ਰੋਫੈਸਰ ਮੋਬੋ ਗਾਓ ਨੇ ਲਿਖਿਆ, ' ਇਹ ਪੁਸਤਕ ਬੌਧਿਕ ਕੁਕਰਮ ਹੈ ਜੋ ਤੱਥਾਂ ਦੀ ਗਲਤ ਵਿਆਖਿਆ ਕਰਦਾ ਹੈ, ਪ੍ਰਾਪਤ ਲਿਖਤਾਂ ਨੂੰ ਅਣਗੌਲਿਆਂ ਕਰਦਾ ਹੈ ਅਤੇ ਬਗੈਰ ਸਬੂਤਾਂ ਤੋਂ ਭੜਕਾਊ ਦਾਅਵੇ ਕਰਦਾ ਹੈ।' ਦੋ ਵਿਦਵਾਨਾਂ ਗ੍ਰੈਗੋਰ ਬੈਂਟਨ ਅਤੇ ਲਿਨ ਚੁਨ ਨੇ 2009 ਵਿੱਚ ਇਸ ਪੁਸਤਕ ਬਾਰੇ 14 ਮਾਹਿਰਾਂ ਦੇ ਵਿਚਾਰ ਇਕੱਠੇ ਕਰ ਕੇ ਇੱਕ ਪੁਸਤਕ ਸੰਪਾਦਤ ਕੀਤੀ ਜਿਸ ਦਾ ਨਾਮ ਰੱਖਿਆ - Was Mao Really a Monster? The Academic Response to Chang and Halliday's 'Mao: The Unknown Story'. ਇਸ ਵਿਚਲੇ ਲੇਖਾਂ ਦਾ ਨਿਚੋੜ ਕੱਢ ਕੇ ਪੁਸਤਕ ਦੀ ਸੰਪਾਦਕੀ ਵਿੱਚ ਉਨ੍ਹਾਂ ਲਿਖਿਆ, 'ਸੰਸਾਰ ਭਰ ਦੇ ਵਪਾਰਕ ਮੀਡੀਆ ਦੇ ਉਲਟ... ਮਾਹਿਰਾਂ ਦੀ ਰਾਇ ਇਸ ਕਿਤਾਬ ਨੂੰ ਰੱਦ ਕਰਦੀ ਹੈ।'

ਚਾਹੇ ਪੱਛਮ ਦੀਆਂ ਸਰਕਾਰਾਂ ਅਤੇ ਮੁੱਖਧਾਰਾ ਦਾ ਮੀਡੀਆ ਮਾਓ ਨਾਲ ਬਹੁਤ ਖ਼ਾਰ ਖਾਂਦਾ ਸੀ ਪਰ ਪੱਛਮ ਵਿੱਚ ਤੱਥਾਂ ਤੋਂ ਸਚਾਈ ਜਾਣਨ ਵਾਲੀ ਬੌਧਿਕ ਪਰੰਪਰਾ ਵੀ ਬਹੁਤ ਮਜਬੂਤ ਹੈ। ਇਸ ਪਰੰਪਰਾ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਵਿੱਚ ਮਾਓ ਜ਼ੇ ਤੁੰਗ ਦੇ ਜੀਵਨ ਅਤੇ ਰਾਜਨੀਤੀ ਬਾਰੇ ਇੱਕ ਹੋਰ ਕਿਤਾਬ Mao Zedong and China - in the twentieth century world ਸੰਨ 2010 ਵਿੱਚ ਛਪ ਕੇ ਆਈ, ਜੋ ਮਾਓ ਦਾ ਕਾਫੀ ਸੰਤੁਲਿਤ ਮੁਲਅੰਕਣ ਕਰਦੀ ਹੈ। ਇਸ ਦੀ ਲੇਖਿਕਾ Rebecca E. Karl ਨਿਊਯਾਰਕ ਯੂਨੀਵਰਸਿਟੀ ਵਿੱਚ ਇਤਿਹਾਸ ਦੀ ਪ੍ਰੋਫੈਸਰ ਹੈ। ਜੇ ਕੋਈ ਪਾਠਕ ਇਸ ਨੂੰ ਪੜ੍ਹਨਾ ਚਾਹੇ ਤਾਂ ਇਸ ਦੀ PDF ਫਾਈਲ ouleft.org ਵੈਬਸਾਈਟ ਤੋਂ ਵੇਖੀ ਜਾ ਸਕਦੀ ਹੈ। ਇਸੇ ਤਰ੍ਹਾਂ ਇੱਕ ਅਮਰੀਕੀ ਵਿਦਵਾਨ Stuart Schram ਜੋ ਪਹਿਲਾਂ ਭੌਤਿਕ ਵਿਗਿਆਨੀ ਸੀ, ਪਰ ਜਿਸ ਨੇ ਐਟਮ ਬੰਬ ਦੇ ਭਿਆਨਕ ਸਿੱਟਿਆਂ ਨੂੰ ਵੇਖ ਕੇ ਉਸ ਨੇ ਆਪਣਾ ਅਧਿਐਨ ਖੇਤਰ ਬਦਲ ਕੇ ਰਾਜਨੀਤੀ ਵਿਗਿਆਨ ਕਰ ਲਿਆ ਅਤੇ ਅਮਰੀਕਾ ਛੱਡ ਕੇ ਯੌਰਪ ਆ ਗਿਆ ਸੀ, ਜਿੱਥੇ ਉਸ ਨੇ ਮਾਓ ਜ਼ੇ-ਤੁੰਗ ਅਤੇ ਚੀਨ ਦੀ ਰਾਜਨੀਤੀ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ। ਉਸ ਨੇ ਮੂਲ ਸੋਮਿਆਂ ਤੱਕ ਪਹੁੰਚਣ ਲਈ ਖ਼ੁਦ ਚੀਨੀ ਭਾਸ਼ਾ

ਸਿੱਖੀ ਅਤੇ ਮਾਓ ਜ਼ੇ-ਤੁੰਗ ਬਾਰੇ ਕਾਫੀ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿਚੋਂ The Thought of Mao Tse-Tung ਵਿੱਚ ਉਸ ਨੇ ਮਾਓ ਦੇ ਵਿਚਾਰਾਂ ਦਾ ਡੂੰਘਾ ਵਿਸ਼ਲੇਸ਼ਣ ਪੇਸ਼ ਕੀਤਾ ਹੈ।

– 0 –

ਮਾਓ ਜ਼ੇ-ਤੁੰਗ ਦੇ ਜੀਵਨ ਬਾਰੇ ਸਭ ਤੋਂ ਪਹਿਲੀ ਜਾਣਕਾਰੀ ਅਮਰੀਕੀ ਪੱਤਰਕਾਰ ਐਡਗਰ ਸਨੋਅ ਤੋਂ ਮਿਲਦੀ ਹੈ ਜੋ ਕਿਸੇ ਤਰ੍ਹਾਂ 1936 ਵਿੱਚ ਕਮਿਊਨਿਸਟਾਂ ਦੇ ਕੰਟਰੋਲ ਹੇਠਲੇ ਇਲਾਕੇ ਯੇਨਾਨ ਵਿੱਚ ਪਹੁੰਚ ਗਿਆ ਸੀ। ਉਸ ਨੇ ਲਾਲ ਇਲਾਕਿਆਂ ਨੂੰ ਦੇਖਿਆ ਅਤੇ ਮਾਓ ਜ਼ੇ-ਤੁੰਗ ਅਤੇ ਹੋਰ ਕਮਿਊਨਿਸਟ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ। ਇਸ ਤਰ੍ਹਾਂ ਹਾਸਲ ਕੀਤੀ ਜਾਣਕਾਰੀ ਦੇ ਆਧਾਰ 'ਤੇ ਉਸ ਨੇ ਆਪਣੀ ਬਹੁਤ ਹੀ ਪ੍ਰਸਿੱਧ ਪੁਸਤਕ Red Star Over China ਲਿਖੀ ਜੋ ਮਾਓ ਦੇ ਮੁਢਲੇ ਜੀਵਨ ਅਤੇ ਚੀਨੀ ਇਨਕਲਾਬ ਬਾਰੇ ਬਹੁਤ ਮਹੱਤਵਪੂਰਨ ਜਾਣਕਾਰੀ ਦੇਣ ਵਾਲੀ ਪੁਸਤਕ ਹੈ।

– 0 –

ਪੰਜਾਬੀ ਵਿੱਚ ਮਾਓ ਦੇ ਜੀਵਨ ਬਾਰੇ ਹੁਣ ਤੱਕ ਜੋ ਕੁਝ ਲਿਖਿਆ ਮਿਲਦਾ ਹੈ ਉਹ ਜਿਆਦਾਤਰ ਇਸੇ ਪੁਸਤਕ ਉੱਤੇ ਆਧਾਰਿਤ ਹੈ। ਅਸਲ ਵਿੱਚ ਪੰਜਾਬੀ ਵਿੱਚ ਮਾਓ ਜ਼ੇ-ਤੁੰਗ ਦੇ ਜੀਵਨ ਨਾਲ ਸਬੰਧਿਤ ਦੋ ਹੀ ਲਿਖਤਾਂ ਧਿਆਨ ਵਿੱਚ ਆਈਆਂ ਹਨ। ਪਹਿਲੀ, ਮਾਓ ਦੇ ਦਿਹਾਂਤ ਬਾਅਦ ਪੰਜਾਬ ਕਮਿਊਨਿਸਟ ਰੈਵੋਲੂਸ਼ਨਰੀ ਕਮੇਟੀ (P.C.R.C.) ਦੇ ਨਾਂ ਹੇਠ ਕੰਮ ਕਰਦੇ ਇੱਕ ਸਿਆਸੀ ਗਰੁੱਪ ਵੱਲੋਂ ਆਪਣੇ ਪਾਰਟੀ ਪਰਚੇ 'ਟਾਕਰਾ' ਦਾ ਵਿਸ਼ੇਸ਼ ਅੰਕ ਕੱਢਿਆ ਗਿਆ। ਇਸ ਵਿੱਚ ਮਾਓ ਨੂੰ ਸ਼ਰਧਾਂਜਲੀਆਂ ਦੇ ਨਾਲ ਨਾਲ ਉਸ ਦੇ ਜੀਵਨ, ਸਭਿਆਚਾਰਕ ਇਨਕਲਾਬ ਸਮੇਤ ਮੁੱਖ ਘਟਨਾਵਾਂ ਦੇ ਵੇਰਵੇ ਅਤੇ ਵਿਚਾਰਧਾਰਕ ਦੇਣ ਦਾ ਵਰਣਨ ਕੀਤਾ ਗਿਆ ਸੀ। ਦੂਸਰੀ ਪੁਸਤਕ ਵੀ ਇੱਕ ਕਮਿਊਨਿਸਟ ਕਾਰਕੁੰਨ ਮੇਜਰ ਸਿੰਘ ਦੂਲੋਵਾਲ ਵੱਲੋਂ 1998 ਵਿੱਚ ਲਿਖੀ ਗਈ ਸੀ ਜਿਸ ਦਾ ਨਾਮ ਸੀ 'ਮਹਾਨ ਮਾਓ-ਜ਼ੇ-ਤੁੰਗ ਦੀ ਜੀਵਨ ਗਾਥਾ'। ਸੁਭਾਵਿਕ ਹੀ ਹੈ ਕਿ ਮਾਓ ਵੱਲੋਂ ਦਰਸਾਈ ਗਈ ਸਿਆਸੀ ਲੀਹ 'ਤੇ ਚੱਲ ਰਹੇ ਵਿਅਕਤੀਆਂ ਵੱਲੋਂ ਉਸ ਦੀ ਜੋ ਜੀਵਨੀ ਲਿਖੀ ਜਾਵੇਗੀ ਓਹ ਮੂਲ ਰੂਪ ਵਿੱਚ ਪ੍ਰਸੰਸਾਤਮਕ ਹੀ ਹੋਵੇਗੀ।

– 0 –

ਹਿੰਦੀ ਵਿੱਚ ਮਾਓ ਜ਼ੇ-ਤੁੰਗ ਦੀ ਇੱਕ ਚਰਚਿਤ ਜੀਵਨੀ ਮਹਾਂ-ਵਿਦਵਾਨ ਰਾਹੁਲ ਸੰਕਰਤਾਇਨ ਨੇ ਲਿਖੀ ਹੈ। ਰਾਹੁਲ ਜੀ ਨੇ ਮਾਰਕਸ, ਲੈਨਿਨ ਅਤੇ ਸਟਾਲਿਨ ਦੀਆਂ ਜੀਵਨੀਆਂ ਤੋਂ ਬਾਅਦ ਇਸ ਲੜੀ ਦੀ ਇਹ ਚੌਥੀ ਪੁਸਤਕ ਲਿਖੀ ਸੀ ਪਰ ਇਹ ਜੀਵਨੀ 1953 ਤੱਕ ਦੇ ਸਮੇਂ ਨੂੰ ਹੀ ਕਵਰ ਕਰਦੀ ਹੈ। ਇਹ ਜੀਵਨੀ ਵੀ ਸ਼ਰਧਾਮੂਲਕ ਸ਼ੈਲੀ ਵਿੱਚ ਲਿਖੀ ਗਈ ਹੈ।

# ਮਾਓ ਵੇਲੇ ਦਾ ਚੀਨ

ਮਾਓ ਜ਼ੇ-ਤੁੰਗ ਦਾ ਜਨਮ 26 ਦਸੰਬਰ 1893 ਨੂੰ ਚੀਨ ਦੇ ਹੂਨਾਨ ਸੂਬੇ ਦੇ ਇੱਕ ਪਿੰਡ ਸ਼ਾਓਸ਼ਾਨ ਵਿੱਚ ਹੋਇਆ ਜੋ ਕੈਂਗਸ਼ਾਨ ਪਹਾੜ ਦੇ ਪੈਰਾਂ ਵਿੱਚ ਚੰਗਾ ਉਪਜਾਊ ਇਲਾਕਾ ਸੀ। ਮਾਓ ਦੇ ਜਨਮ ਸਮੇਂ ਚੀਨ ਉੱਤੇ ਮਾਂਚੂ ਘਰਾਣਾ ਰਾਜ ਕਰ ਰਿਹਾ ਸੀ। ਅਸਲ ਵਿੱਚ ਚੀਨ ਵਿੱਚ ਦੋ ਹਜ਼ਾਰ ਸਾਲ ਤੋਂ ਬਾਦਸ਼ਾਹਤ ਚੱਲ ਰਹੀ ਸੀ ਜਿਸ ਦੌਰਾਨ ਰਾਜ ਘਰਾਣੇ ਬਦਲਦੇ ਰਹੇ ਅਤੇ 1644 ਵਿੱਚ ਮਨਚੂਰੀਆ ਵਾਲੇ ਪਾਸੇ ਤੋਂ ਆਇਆ ਮਾਂਚੂ ਰਾਜ-ਘਰਾਣਾ ਸੱਤਾ ਵਿੱਚ ਆ ਗਿਆ। ਇਸ ਘਰਾਣੇ ਕੋਲ 1911 ਦੇ ਜ਼ਿਨਹੁਈ ਇਨਕਲਾਬ ਤੱਕ ਸੱਤਾ ਰਹੀ। ਇਸ ਦੌਰ ਵਿੱਚ ਗਿਆਨ ਵਿਗਿਆਨ ਦੇ ਖੇਤਰ ਵਿੱਚ ਭਾਰਤ ਵਾਂਗ ਚੀਨ ਵੀ ਬਹੁਤ ਪਛੜ ਗਿਆ, ਲੋਕ ਸਾਹਸੀ ਅਤੇ ਖੋਜੀ ਹੋਣ ਦੀ ਥਾਂ ਨਸ਼ੇੜੀ ਅਤੇ ਘੋਗੀ ਹੋ ਗਏ। ਉਸ ਨੂੰ ਕਮਜੋਰ ਦੇਖ ਕੇ ਪੱਛਮੀ ਦੇਸ਼ ਅਤੇ ਜਾਪਾਨ ਆਰਥਿਕ ਲੁੱਟ ਕਰਨ ਦੇ ਨਾਲ ਨਾਲ ਉਸ ਉੱਤੇ ਅਕਸਰ ਆਪਣੀ ਧੌਂਸ ਜਮਾਉਂਦੇ ਰਹਿੰਦੇ ਸਨ। ਚੀਨ ਵਿੱਚ ਸਾਮਰਾਜੀ ਦਖਲ ਦੀ ਇਕ ਉੱਘੀ ਉਦਾਹਰਣ ਚੀਨੀ ਲੋਕਾਂ ਨੂੰ ਅਫ਼ੀਮ ਦੇ ਨਸ਼ੇ ਉੱਤੇ ਲਾਉਣ ਦੀ ਹੈ। ਪਹਿਲਾਂ ਚੀਨ ਵਿਚੋਂ ਬਹੁਤ ਵੱਡੀ ਮਾਤਰਾ ਵਿੱਚ ਰੇਸ਼ਮ, ਚਾਹ ਅਤੇ ਚੀਨੀ ਦਾ ਸਾਮਾਨ ਬਰਾਮਦ ਹੁੰਦਾ ਸੀ ਜਿਸ ਕਰਕੇ ਵਪਾਰਕ ਸੰਤੁਲਨ ਉਸ ਦੇ ਹੱਕ ਬਣਿਆ ਰਹਿੰਦਾ ਸੀ ਅਤੇ ਚੀਨ ਦੇ ਵਾਧੂ ਮਾਲ ਦੇ ਇਵਜ਼ ਵਿੱਚ ਉਸ ਨੂੰ ਚਾਂਦੀ ਭੇਜੀ ਜਾਂਦੀ ਸੀ। ਪਰ ਬ੍ਰਿਟੇਨ ਨਹੀਂ ਚਾਹੁੰਦਾ ਸੀ ਕਿ ਉਸ ਦੇ ਚਾਂਦੀ ਦੇ ਭੰਡਾਰ ਚੀਨ ਵੱਲ ਤੁਰੇ ਜਾਣ। ਉਹ ਇਸ ਦੇ ਬਦਲੇ ਕੋਈ ਅਜਿਹੀ ਚੀਜ਼ ਚੀਨ ਨੂੰ ਭੇਜਣਾ ਚਾਹੁੰਦਾ ਸੀ ਜੋ ਲਗਾਤਾਰ ਪੈਦਾ ਹੁੰਦੀ ਰਹੇ ਅਤੇ ਮਹਿੰਗੀ ਵੀ ਵਿਕੇ। ਇਸ ਦੇ ਲਈ ਉਸ ਨੇ ਅਫ਼ੀਮ ਦੀ ਚੋਣ ਕੀਤੀ। ਭਾਰਤ ਵਿੱਚ ਅਫ਼ੀਮ ਪੈਦਾ ਕਰਕੇ ਅੰਗਰੇਜ਼ ਵਪਾਰੀਆਂ ਵੱਲੋਂ ਇਸ ਦੀਆਂ ਪੇਟੀਆਂ ਭਰ ਭਰ ਕੇ ਚੀਨ ਭੇਜੀਆਂ ਜਾਣ ਲੱਗੀਆਂ।* ਸਿੱਟੇ ਵਜੋਂ ਕੁਝ ਸਾਲਾਂ ਵਿੱਚ ਹੀ ਚੀਨ

---

** ਚੀਨ ਵਿੱਚ ਕਿੰਨੀ ਵੱਡੀ ਮਾਤਰਾ ਵਿੱਚ ਅਫ਼ੀਮ ਭੇਜੀ ਜਾਂਦੀ ਸੀ, ਇਸ ਦਾ ਅੰਦਾਜਾ ਏਥੋਂ ਲੱਗ ਸਕਦਾ ਹੈ ਕਿ 1839 ਵਿੱਚ ਜਦ ਚੀਨੀ ਸਰਕਾਰ ਨੇ ਇਸ ਖਿਲਾਫ਼ ਫੈਸਲਾ ਲਿਆ ਤਾਂ ਉਸ ਨੇ ਅਫ਼ੀਮ ਦੀਆਂ 20 ਹਜਾਰ ਪੇਟੀਆਂ ਫੜੀਆਂ ਜਿਨ੍ਹਾਂ ਵਿੱਚ ਅਫ਼ੀਮ ਦੀ ਕੁੱਲ ਮਾਤਰਾ 12100 ਕੁਇੰਟਲ ਸੀ।*

ਦਾ ਆਯਾਤ (Import) ਨਿਰਯਾਤ (Export) ਨਾਲੋਂ ਵਧਣ ਲੱਗ ਪਿਆ। ਆਰਥਿਕ ਘਾਟਾ ਪੈਣ ਦੇ ਨਾਲ ਨਾਲ ਚੀਨ ਅਫ਼ੀਮਚੀਆਂ ਦਾ ਦੇਸ਼ ਬਣ ਗਿਆ ਜੋ ਚੀਨ ਲਈ ਇੱਕ ਵੱਡੀ ਸਮਾਜਿਕ ਸਮੱਸਿਆ ਵੀ ਬਣ ਗਈ। ਇਸ ਨੂੰ ਰੋਕਣ ਲਈ 1839 ਵਿੱਚ ਬ੍ਰਿਟੇਨ ਖਿਲਾਫ਼ ਅਫ਼ੀਮ ਦੀ ਜੰਗ (Opium war) ਲੜੀ ਗਈ ਪਰ ਚੀਨ ਦੀ ਫੌਜੀ ਸ਼ਕਤੀ ਬਹੁਤ ਕਮਜ਼ੋਰ ਅਤੇ ਵੇਲਾ ਵਿਹਾ ਚੁੱਕੇ ਢੰਗਾਂ 'ਤੇ ਅਧਾਰਿਤ ਸੀ ਸੋ ਉਹ ਬ੍ਰਿਟੇਨ ਦਾ ਮੁਕਾਬਲਾ ਨਾ ਕਰ ਸਕਿਆ। ਇਸ ਹਾਰ ਕਾਰਣ ਹਾਂਗਕਾਂਗ ਬ੍ਰਿਟੇਨ ਨੂੰ ਸੌਂਪਣਾ ਪਿਆ ਅਤੇ ਪੰਜ ਹੋਰ ਬੰਦਰਗਾਹਾਂ ਉਨ੍ਹਾਂ ਨੂੰ ਵਪਾਰਕ ਕਾਰਜਾਂ ਲਈ ਦੇਣੀਆਂ ਪਈਆਂ। ਇਸ ਤੋਂ ਬਾਅਦ ਜਦ ਵੀ ਸਾਮਰਾਜੀ ਦਖਲਅੰਦਾਜੀ ਖਿਲਾਫ਼ ਚੀਨ ਕੋਈ ਲੜਾਈ ਕਰਦਾ, ਉਹ ਹਾਰ ਜਾਂਦਾ। ਉਸ ਨੂੰ ਵੱਡੇ ਜੁਰਮਾਨੇ ਭਰਨੇ ਪੈਂਦੇ ਅਤੇ ਦੇਸ਼ ਦੇ ਕੁਝ ਹੋਰ ਹਿੱਸੇ ਵਿਦੇਸ਼ੀ ਤਾਕਤਾਂ ਦੇ ਸਿੱਧੇ ਜਾਂ ਅਸਿੱਧੇ ਕੰਟਰੋਲ ਹੇਠ ਦੇਣੇ ਪੈਂਦੇ। ਵੀਹਵੀਂ ਸਦੀ ਦੇ ਸ਼ੁਰੂ ਵਿੱਚ ਬ੍ਰਿਟੇਨ ਦੀ ਥਾਂ ਜਾਪਾਨ ਨੇ ਲੈ ਲਈ ਅਤੇ ਚੀਨ ਉੱਤੇ ਉਸ ਦਾ ਦਬਦਬਾ ਵਧਦਾ ਗਿਆ।

ਸਾਰਾ ਚੀਨ ਕਿਸੇ ਇੱਕ ਦੇਸ਼ ਦਾ ਗੁਲਾਮ ਨਹੀਂ ਬਣਿਆ ਇਸ ਦਾ ਕਾਰਣ ਇਹ ਸੀ ਕਿ ਆਪਣੇ ਆਕਾਰ ਅਤੇ ਆਬਾਦੀ ਪੱਖੋਂ ਐਡਾ ਵੱਡਾ ਦੇਸ਼ ਸੀ ਕਿ ਕਿਸੇ ਵੀ ਇੱਕ ਸਾਮਰਾਜੀ ਦੇਸ਼ ਵੱਲੋਂ ਇਸ ਨੂੰ ਗੁਲਾਮ ਬਣਾ ਕੇ ਰੱਖ ਸਕਣਾ ਮੁਸ਼ਕਿਲ ਕਾਰਜ ਸੀ। ਪਰ ਇਸ ਦੀਆਂ ਬੰਦਰਗਾਹਾਂ, ਸਨਅਤਾਂ ਅਤੇ ਵਪਾਰ ਉੱਤੇ ਸਾਮਰਾਜੀ ਸ਼ਕਤੀਆਂ ਦਾ ਹੀ ਗਲਬਾ ਰਿਹਾ। ਇਸੇ ਕਰਕੇ ਮਾਓ ਵੱਲੋਂ ਇਸ ਦੀ ਅਰਧ-ਬਸਤੀਵਾਦੀ ਦੇਸ਼ ਵਜੋਂ ਗੁਰਬੰਦੀ ਕੀਤੀ ਗਈ।

ਦੂਜੇ ਪਾਸੇ ਚੀਨ ਦੀ 90 ਪ੍ਰਤੀਸ਼ਤ ਆਬਾਦੀ ਪੇਂਡੂ ਖੇਤਰ ਵਿੱਚ ਵਸਦੀ ਸੀ ਜਿੱਥੇ ਜਾਗੀਰਦਾਰਾਂ ਦਾ ਬੋਲਬਾਲਾ ਸੀ। ਕਿਸਾਨੀ ਦਾ ਬਹੁਤ ਮਾੜਾ ਹਾਲ ਸੀ, ਜੀਵਨ ਪੱਧਰ ਐਨਾ ਨੀਵਾਂ ਸੀ, ਢਿੱਡ ਭਰਕੇ ਖਾਣਾ ਵੀ ਮੁਸ਼ਕਿਲ ਸੀ, ਹੋਰ ਸੁਖ ਸਹੂਲਤਾਂ ਦੀ ਤਾਂ ਗੱਲ ਹੀ ਨਹੀਂ ਕੀਤੀ ਜਾਂਦੀ ਸੀ। ਚੀਨ ਵਿੱਚ ਅਕਸਰ ਹੀ ਕਾਲ ਪੈਂਦੇ ਰਹਿੰਦੇ, ਜੇ ਭੁੱਖਮਰੀ ਫੈਲਣ ਦੇ ਸਮਿਆਂ ਦੀ ਕੁੱਲ ਗਿਣਤੀ ਕੀਤੀ ਜਾਵੇ ਤਾਂ ਔਸਤਨ ਹਰ ਸਾਲ ਹੀ ਚੀਨ ਦੇ ਕਿਸੇ ਨਾ ਕਿਸੇ ਹਿੱਸੇ ਵਿੱਚ ਕਾਲ ਪੈਂਦਾ ਸੀ ਜਿਸ ਵਿੱਚ ਮਰਨ ਵਾਲਿਆਂ ਦੀ ਗਿਣਤੀ ਲੱਖਾਂ ਵਿੱਚ ਹੁੰਦੀ ਸੀ। ਚੀਨ ਦੇ ਉੱਤਰੀ ਸੂਬਿਆਂ ਵਿੱਚ 1928-30 ਦੌਰਾਨ ਪਏ ਇੱਕ ਵੱਡੇ ਕਾਲ ਦੇ ਸਮੇਂ ਅਮਰੀਕੀ ਪੱਤਰਕਾਰ ਐਡਗਰ ਸਨੋਅ ਕੁਝ ਦਿਨ ਉਸ ਇਲਾਕੇ ਵਿੱਚ ਰਿਹਾ। ਉਸ ਨੇ ਇਸ ਕਾਲ ਦਾ ਜੋ ਦਰਦਨਾਕ ਦ੍ਰਿਸ਼ ਪੇਸ਼ ਕੀਤਾ ਹੈ ਉਸ ਤੋਂ ਚੀਨ ਦੇ ਉਸ ਸਮੇਂ ਦੇ ਹਾਲਾਤ ਦਾ ਅੰਦਾਜਾ ਲਗਾਇਆ ਜਾ ਸਕਦਾ ਹੈ। ਉਹ ਲਿਖਦਾ ਹੈ -

*ਮੈਂ ਉਸ ਸਮੇਂ 23 ਸਾਲ ਦਾ ਸੀ ਜਦ ਮੈਂ 'ਪੂਰਬ ਦਾ ਗਲੈਮਰ' ਦੇਖਣ ਲਈ ਏਧਰ ਆਇਆ ਸੀ। ਪਰ ਇਥੇ ਮੈਂ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਉਹ*

ਆਦਮੀ ਵੇਖੇ ਜੋ ਇਸ ਕਰਕੇ ਮਰ ਰਹੇ ਸਨ ਕਿ ਉਨ੍ਹਾਂ ਕੋਲ ਖਾਣ ਲਈ ਕੁਝ ਨਹੀਂ ਸੀ। ਉਨ੍ਹਾਂ ਡਰਾਵਣੇ ਦਿਨਾਂ ਵਿੱਚ ਮੈਂ ਸੇਆਨ ਵਿੱਚ ਆਪਣੀਆਂ ਅੱਖਾਂ ਨਾਲ ਹਜਾਰਾਂ ਆਦਮੀ, ਔਰਤਾਂ ਅਤੇ ਬੱਚੇ ਭੁੱਖ ਨਾਲ ਮਰਦੇ ਤੱਕੇ।

ਉਹ ਇਸ ਬਾਰੇ ਭਾਵੁਕ ਹੋਇਆ ਕਹਿੰਦਾ ਹੈ –

ਕੀ ਤੁਸੀਂ ਕਦੇ ਅਜਿਹੇ ਆਦਮੀ ਨੂੰ ਦੇਖਿਆ ਹੈ –ਇੱਕ ਚੰਗਾ ਇਮਾਨਦਾਰ ਆਦਮੀ ਜੋ ਸਖਤ ਮਿਹਨਤ ਕਰਦਾ ਰਿਹਾ ਹੋਵੇ, ਕਨੂੰਨ ਨੂੰ ਮੰਨਣ ਵਾਲਾ, ਕਦੇ ਕਿਸੇ ਨੂੰ ਦੁੱਖ ਨਾ ਪਹੁੰਚਾਉਣ ਵਾਲਾ – ਜਦ ਉਸ ਨੂੰ ਇੱਕ ਮਹੀਨੇ ਤੋਂ ਕੁਝ ਵੀ ਖਾਣ ਨੂੰ ਨਾ ਮਿਲਿਆ ਹੋਵੇ? ਇਹ ਸਭ ਤੋਂ ਦੁਖਦਾਈ ਦ੍ਰਿਸ਼ ਹੁੰਦਾ ਹੈ। ਉਸ ਦਾ ਮਰ ਰਿਹਾ ਮਾਸ ਝੁਰੜੀਆਂ ਬਣ ਕੇ ਲਟਕ ਰਿਹਾ ਹੁੰਦਾ ਹੈ ; ਤੁਸੀਂ ਉਸ ਦੀ ਹਰ ਹੱਡੀ ਸਾਫ਼ ਦੇਖ ਸਕਦੇ ਹੋ ; ਉਸ ਦੀਆਂ ਅੱਖਾਂ ਬਿਨਾਂ ਕੁਝ ਦੇਖਦੇ ਹੋਏ ਖਲਾਅ ਵੱਲ ਝਾਕ ਰਹੀਆਂ ਹੁੰਦੀਆਂ ਹਨ : ਅਤੇ ਚਾਹੇ ਉਹ ਵੀਹ ਸਾਲਾਂ ਦਾ ਜਵਾਨ ਵੀ ਹੋਵੇ ਉਹ ਆਪਣੇ ਸਰੀਰ ਨੂੰ ਇੱਕ ਥਾਂ ਤੋਂ ਦੂਜੀ ਥਾਂ ਕਿਸੇ ਅਤੀ ਬੁੱਢੀ ਔਰਤ ਵਾਂਗ ਧੂੰਹਦਾ ਲਿਜਾ ਰਿਹਾ ਹੁੰਦਾ ਹੈ। ਜੇ ਉਹ ਚੰਗਾ ਕਿਸਮਤ ਵਾਲਾ ਹੋਇਆ ਤਾਂ ਉਹ ਆਪਣੀ ਪਤਨੀ ਅਤੇ ਧੀਆਂ ਪਹਿਲਾਂ ਹੀ ਵੇਚ ਚੁੱਕਾ ਹੋਵੇਗਾ (ਨਹੀਂ ਤਾਂ ਉਹ ਵੀ ਉਸ ਦੇ ਸਾਹਮਣੇ ਮਰ ਰਹੀਆਂ ਹੁੰਦੀਆਂ) ਉਹ ਆਪਣਾ ਸਭ ਕੁਝ ਵੇਚ ਚੁੱਕਾ ਹੋਵੇਗਾ – ਘਰ ਦੀ ਹਰ ਲੱਕੜੀ, ਆਪਣੇ ਸਾਰੇ ਕੱਪੜੇ ; ਇਥੋਂ ਤੱਕ ਉਸ ਕੋਲ ਆਪਣਾ ਨੰਗ ਢਕਣ ਲਈ ਵੀ ਕੁਝ ਨਹੀਂ ਹੋਵੇਗਾ।

ਬੱਚਿਆਂ ਦਾ ਦ੍ਰਿਸ਼ ਤਾਂ ਹੋਰ ਵੀ ਤਰਸਯੋਗ ਹੁੰਦਾ ਹੈ। ਉਨ੍ਹਾਂ ਦੇ ਛੋਟੇ ਜਿਹੇ ਸਰੀਰ ਝੁਕੇ ਹੋਏ, ਹੱਡੀਆਂ ਮੁੜੀਆਂ ਹੋਈਆਂ, ਬਾਹਵਾਂ ਸੁੱਕੀਆਂ ਟਾਹਣੀਆਂ ਵਾਂਗ, ਨੀਲੇ ਹੋਏ ਪੇਟ ਮਿੱਟੀ ਅਤੇ ਲੱਕੜ ਦੇ ਬੂਰੇ ਨਾਲ ਭਰ ਕੇ ਬਾਹਰ ਉਭਰੇ ਹੋਏ। ਇਵੇਂ ਖੂੰਜਿਆਂ ਵਿੱਚ ਡਿੱਗੀਆਂ ਪਈਆਂ ਮੌਤ ਦੀ ਉਡੀਕ ਕਰ ਰਹੀਆਂ ਔਰਤਾਂ .....ਪਰ ਉਹ ਬਹੁਤ ਥੋੜ੍ਹੀਆਂ ਸਨ, ਬਹੁਤੀਆਂ ਪਹਿਲਾਂ ਹੀ ਮਰ ਚੁੱਕੀਆਂ ਸਨ ਜਾਂ ਵੇਚ ਦਿੱਤੀਆਂ ਗਈਆਂ ਸਨ।

ਇਹ ਕੁਝ ਮੈਂ ਆਪਣੀਆਂ ਅੱਖਾਂ ਨਾਲ ਦੇਖਿਆ ਜਿਸ ਨੂੰ ਮੈਂ ਕਦੇ ਭੁੱਲ ਨਹੀਂ ਸਕਾਂਗਾ। ਲੱਖਾਂ ਲੋਕ ਇਸ ਤਰ੍ਹਾਂ ਮਰ ਚੁੱਕੇ ਸਨ ਅਤੇ ਹਜਾਰਾਂ ਹੋਰ ਮਰ ਰਹੇ ਸਨ। ਪਰ ਇਹ ਸਭ ਤੋਂ ਸਦਮਾ-ਜਨਕ ਚੀਜ ਨਹੀਂ ਸੀ। ਸਦਮਾ-ਜਨਕ ਗੱਲ ਇਹ ਸੀ ਕਿ ਇਨ੍ਹਾਂ ਹੀ ਸ਼ਹਿਰਾਂ ਵਿੱਚ ਅਜੇ ਵੀ ਅਮੀਰ ਲੋਕ ਸਨ, ਚੌਲਾਂ ਦੀ ਜਮਾਖੋਰੀ ਕਰਨ ਵਾਲੇ, ਕਣਕ ਦੀ ਜਮਾਖੋਰੀ ਕਰਨ ਵਾਲੇ, ਵਿਆਜ 'ਤੇ ਪੈਸੇ ਦੇਣ ਵਾਲੇ ਅਤੇ ਜਾਗੀਰਦਾਰ, ਜਿਨ੍ਹਾਂ ਦੀ ਹਥਿਆਰਬੰਦ ਰਾਖੇ ਰੱਖਿਆ ਕਰ ਰਹੇ ਸਨ, ਜਦ ਕਿ ਉਹ ਖੁਦ ਮੋਟੇ ਮੁਨਾਫ਼ੇ ਕਮਾ ਰਹੇ ਸਨ। ਦਿਲ-ਕੰਬਾਊ ਗੱਲ ਇਹ ਸੀ ਕਿ ਸ਼ਹਿਰਾਂ ਵਿੱਚ ਅਫਸਰ ਲੋਕ ਨਾਚਾਰ ਕੁੜੀਆਂ ਨਾਲ ਡਾਂਸ ਕਰ ਰਹੇ ਸਨ, ਉਥੇ ਕਈ ਮਹੀਨਿਆਂ

ਲਈ ਲੋੜੀਂਦਾ ਭੋਜਨ ਅਤੇ ਅਨਾਜ ਜਮ੍ਹਾ ਸੀ। ਪੀਕਿੰਗ ਵਿੱਚ ਭੁੱਖਮਰੀ ਕਮਿਸ਼ਨ ਵੱਲੋਂ ਹਜਾਰਾਂ ਟਨ ਕਣਕ ਅਤੇ ਬਾਜਰਾ ਇਕੱਠਾ ਕੀਤਾ ਹੋਇਆ ਸੀ, ਪਰ ਉਹ ਭੁੱਖ ਨਾਲ ਮਰਦੇ ਲੋਕਾਂ ਕੋਲ ਨਹੀਂ ਭੇਜਿਆ ਜਾ ਰਿਹਾ ਸੀ। ਕਿਉਂਕਿ ਕੁਝ ਜੰਗੀ ਸਰਦਾਰ ਅਤੇ ਕੌਮਿਨਤਾਂਗੀ ਜਰਨੈਲ ਇਸ ਨੂੰ ਆਪਣੇ ਇਲਾਕਿਆਂ ਵਿਚੋਂ ਲੰਘਣ ਨਹੀਂ ਦੇ ਰਹੇ ਸਨ, ਉਹ ਸਾਰਾ ਆਪਣੇ ਕੋਲ ਹੀ ਰੱਖਣਾ ਚਾਹੁੰਦੇ ਸਨ ਤਾਂ ਜੋ ਇਹ ਵਿਰੋਧੀ ਦੇ ਹੱਥ ਨਾ ਆ ਜਾਵੇ।'

ਇਸ ਸਾਰੇ ਵਰਣਨ ਤੋਂ ਬਾਅਦ ਉਹ ਕਹਿੰਦਾ ਹੈ, 'ਮੈਂ ਆਪਣੇ ਆਪ ਨੂੰ ਸਵਾਲ ਕੀਤਾ ਕਿ ਇਹ ਸਾਰੇ ਲੋਕ ਬਗਾਵਤ ਕਿਉਂ ਨਹੀਂ ਕਰਦੇ? ਉਹ ਇਸ ਤਰ੍ਹਾਂ ਮਰਨ ਦੀ ਥਾਂ ਇੱਕ ਫੌਜ ਬਣਾ ਕੇ ਸ਼ਹਿਰਾਂ ਵਿਚੋਂ ਉਨ੍ਹਾਂ ਬਦਮਾਸ਼ਾਂ ਨੂੰ ਧੂਹ ਕਿਉਂ ਨਹੀਂ ਲਿਆਉਂਦੇ ਜੋ ਉਨ੍ਹਾਂ 'ਤੇ ਟੈਕਸ ਤਾਂ ਲਾਉਂਦੇ ਹਨ ਪਰ ਉਨ੍ਹਾਂ ਨੂੰ ਖਾਣ ਲਈ ਕੁਝ ਨਹੀਂ ਦੇ ਸਕਦੇ? ਜੋ ਉਨ੍ਹਾਂ ਦੀਆਂ ਸਸਤੀਆਂ ਜ਼ਮੀਨਾਂ ਅਤੇ ਧੀਆਂ ਭੈਣਾਂ ਖਰੀਦ ਕੇ ਲੈ ਜਾਂਦੇ ਹਨ, ਜੋ ਉਨ੍ਹਾਂ ਦੇ ਭੁੱਖ ਨਾਲ ਮਰਦੇ ਹੋਣ ਸਮੇਂ ਵੀ ਛੱਤੀ ਪਦਾਰਥਾਂ ਵਾਲੇ ਭੋਜਨ ਦੀਆਂ ਪਾਰਟੀਆਂ ਕਰਦੇ ਹਨ? ਕਿਉਂ ਨਹੀਂ? ਮੈਂ ਉਨ੍ਹਾਂ ਦੀ ਉਦਾਸੀਨਤਾ ਤੋਂ ਉਲਝਣ ਵਿੱਚ ਪੈ ਗਿਆ ਅਤੇ ਮੈਨੂੰ ਲੱਗਿਆ ਕਿ ਚੀਨੀਆਂ ਨੂੰ ਕੋਈ ਵੀ ਚੀਜ ਲੜਨ ਲਈ ਉਕਸਾ ਨਹੀਂ ਸਕਦੀ।

ਪਰ ਆਪਣੇ ਬਾਅਦ ਦੇ ਅਨੁਭਵ ਦੇ ਆਧਾਰ 'ਤੇ ਉਹ ਕਹਿੰਦਾ ਹੈ - ਮੈਂ ਗਲਤ ਸਾਂ। ਚੀਨੀ ਕਿਸਾਨ ਉਦਾਸੀਨ ਜਾਂ ਡਰੂ ਨਹੀਂ। ਉਹ ਲੜੇਗਾ ਜੇ ਉਸ ਨੂੰ ਕੋਈ ਚੰਗੀ ਅਗਵਾਈ, ਜਥੇਬੰਦੀ, ਸਹੀ ਢੰਗ ਤਰੀਕਾ, ਉਮੀਦ ਅਤੇ ਹਥਿਆਰ ਦਿੱਤੇ ਜਾਣ। ਚੀਨ ਵਿੱਚ ਕਮਿਊਨਿਸਟਾਂ ਨੇ ਇਹੀ ਸਿੱਧ ਕੀਤਾ ਹੈ।

ਉਪਰ ਜਿਸ ਕਾਲ ਦਾ ਵਰਣਨ ਸਨੋਅ ਨੇ ਕੀਤਾ ਹੈ ਇਸ ਵਿੱਚ 30 ਲੱਖ ਤੋਂ ਉਪਰ ਲੋਕ ਇਉਂ ਭੁੱਖ ਨਾਲ ਤੜਪ ਤੜਪ ਕੇ ਮਰ ਗਏ ਅਤੇ ਅਜਿਹਾ ਅਕਸਰ ਹੀ ਵਾਪਰਦਾ ਰਹਿੰਦਾ ਸੀ।

ਅਜਿਹੀਆਂ ਮਾੜੀਆਂ ਹਾਲਤਾਂ ਕਾਰਣ ਚੀਨ ਦੇ ਲੋਕਾਂ ਵਿੱਚ ਬੇਚੈਨੀ ਫੈਲ ਰਹੀ ਸੀ ਜਿਸ ਦੇ ਸਿੱਟੇ ਵਜੋਂ 1911 ਵਿੱਚ ਬਾਦਸ਼ਾਹ ਦੀ ਸਰਕਾਰ ਦੇ ਖਾਤਮੇ ਲਈ ਬਗਾਵਤ ਸ਼ੁਰੂ ਹੋ ਗਈ। 10 ਅਕਤੂਬਰ 1911 ਨੂੰ ਵੂਹਾਨ ਵਿੱਚ ਸ਼ੁਰੂ ਹੋਈ ਇਸ ਬਗਾਵਤ ਦੇ ਸਿੱਟੇ ਵਜੋਂ ਚੀਨ ਵਿੱਚੋਂ ਬਾਦਸ਼ਾਹ ਦਾ ਰਾਜ ਖਤਮ ਹੋ ਗਿਆ ਅਤੇ ਚੀਨ ਇੱਕ ਗਣਰਾਜ ਬਣ ਗਿਆ। ਇਸ ਨੂੰ ਜ਼ਿਨਹੂਈ ਇਨਕਲਾਬ* ਵਜੋਂ ਜਾਣਿਆ ਜਾਂਦਾ ਹੈ ਅਤੇ ਇਸ ਇਨਕਲਾਬ ਦਾ ਆਗੂ ਡਾ. ਸੁਨ ਯੱਤ-ਸੇਨ [1] ਸੀ। ਡਾ. ਸੁਨ ਯੱਤ-ਸੇਨ ਇੱਕ ਅਗਾਂਹਵਧੂ ਵਿਚਾਰਾਂ ਵਾਲਾ ਜਮਹੂਰੀਅਤ ਪਸੰਦ ਆਗੂ ਸੀ ਅਤੇ ਉਸ ਨੂੰ ਚੀਨੀ ਗਣਰਾਜ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਸ ਨੇ ਚੀਨ ਦੇ ਕੌਮੀ ਆਦਰਸ਼ਾਂ ਦੀ ਪੂਰਤੀ ਲਈ ਕੌਮਿਨਤਾਂਗ ਨਾਂ ਦੀ ਪਾਰਟੀ ਸਥਾਪਿਤ ਕੀਤੀ ਅਤੇ ਇਸ

ਦਾ ਪਹਿਲਾ ਪ੍ਰਧਾਨ ਬਣਿਆ। ਭਾਵੇਂ ਇਨਕਲਾਬੀਆਂ ਵਿੱਚ ਮਾਨਤਾ ਡਾ. ਸੁਨ ਯੱਤ-ਸੇਨ ਦੀ ਹੀ ਸੀ ਪਰ ਨਵੀਂ ਸਰਕਾਰ ਦੀ ਫੌਜ ਦਾ ਕੰਟਰੋਲ ਜਰਨੈਲ ਯੂਆਨ ਸ਼ੀ-ਕਾਈ [2] ਕੋਲ ਸੀ ਅਤੇ ਉਸ ਨਾਲ ਨਵੀਂ ਸਰਕਾਰ ਦੀ ਪ੍ਰਧਾਨਗੀ ਦਾ ਵਾਅਦਾ ਕਰ ਕੇ ਹੀ ਉਸ ਨੂੰ ਬਾਦਸ਼ਾਹ ਨਾਲੋਂ ਤੋੜਿਆ ਗਿਆ ਸੀ। ਸੋ ਡਾ. ਸੁਨ ਯੱਤ-ਸੇਨ ਨੇ ਨਵੀਂ ਬਣੀ ਪਾਰਟੀ ਅਤੇ ਸਰਕਾਰ ਵਿੱਚ ਏਕਤਾ ਕਾਇਮ ਰੱਖਣ ਅਤੇ ਯੂਆਨ ਨਾਲ ਕੀਤੇ ਵਾਅਦੇ ਉੱਤੇ ਪੂਰਾ ਉਤਰਣ ਲਈ ਪ੍ਰਧਾਨਗੀ ਛੱਡ ਦਿੱਤੀ ਅਤੇ ਯੂਆਨ ਸ਼ੀ-ਕਾਈ ਸਰਕਾਰ ਦਾ ਮੁਖੀ ਬਣ ਗਿਆ।

ਇਸ ਤਰ੍ਹਾਂ, ਚਾਹੇ ਡਾ. ਸੁਨ ਯੱਤ ਸੇਨ ਦੀ ਅਗਵਾਈ ਵਿੱਚ ਹੋਏ 1911 ਦੇ ਇਨਕਲਾਬ ਬਾਅਦ ਚੀਨ ਵਿਚੋਂ ਬਾਦਸ਼ਾਹਤ ਖਤਮ ਹੋ ਕੇ ਚੀਨ ਗਣਰਾਜ ਬਣ ਗਿਆ ਪਰ ਇਥੇ ਜਮਹੂਰੀਅਤ ਵਿਕਸਿਤ ਨਾ ਹੋ ਸਕੀ। ਪਹਿਲਾਂ ਤਾਂ ਇਸ ਗਣਰਾਜ ਦੇ ਮੁਖੀ ਬਣਾਏ ਯੂਆਨ ਸ਼ੀ-ਕਾਈ ਨੇ 1915 ਵਿੱਚ ਆਪਣੇ ਆਪ ਨੂੰ ਬਾਦਸ਼ਾਹ ਐਲਾਨਣ ਦੀ ਕੋਸ਼ਿਸ਼ ਕੀਤੀ ਪਰ ਲੋਕਾਂ ਦੇ ਵਿਰੋਧ ਕਾਰਣ ਉਸ ਨੂੰ ਇਹ ਫੈਸਲਾ ਵਾਪਸ ਲੈਣਾ ਪਿਆ ਅਤੇ ਫਿਰ 1916 ਵਿੱਚ ਉਸ ਦੀ ਮੌਤ ਹੀ ਹੋ ਗਈ। ਉਸ ਦੀ ਮੌਤ ਬਾਅਦ ਕੇਂਦਰੀ ਸੱਤਾ ਕਮਜੋਰ ਹੋ ਗਈ ਅਤੇ ਚੀਨ ਦੇ ਬਹੁਤੇ ਹਿੱਸਿਆਂ ਉਤੇ ਜੰਗੀ ਸਰਦਾਰਾਂ* ਦਾ ਰਾਜ ਸਥਾਪਿਤ ਹੋ ਗਿਆ ਜਿਨ੍ਹਾਂ ਦੀਆਂ ਆਪਣੀਆਂ ਨਿੱਜੀ ਫੌਜਾਂ ਸਨ। ਉਹ ਆਪਣੇ ਜਬਰ ਨਾਲ ਲੋਕਾਂ ਉੱਤੇ ਦਹਿਸ਼ਤ ਪਾ ਕੇ ਰਖਦੇ ਸਨ। ਉਨ੍ਹਾਂ ਵਿਚੋਂ ਕੁਝ ਤਾਂ ਬੀਜ਼ਿੰਗ ਸਰਕਾਰ ਵੱਲੋਂ ਨਿਯੁਕਤ ਕੀਤੇ ਸੂਬਿਆਂ ਦੇ ਗਵਰਨਰ ਸਨ ਜੋ ਕੇਂਦਰੀ ਸਰਕਾਰ ਦੀ ਕਮਜੋਰੀ ਵੇਖ ਆਜਾਦ ਤੌਰ 'ਤੇ ਰਾਜ ਕਰਨ ਲੱਗ ਪਏ ਸਨ ਅਤੇ ਕੁਝ ਆਪਣੇ ਨਾਲ ਸੈਨਿਕ ਸ਼ਕਤੀ ਇਕੱਠੀ ਕਰ ਕੇ ਉਭਰੇ ਲੜਾਕੇ ਆਗੂ ਸਨ। ਕੁੱਲ ਮਿਲਾ ਕੇ ਇਹ ਉਸੇ ਤਰ੍ਹਾਂ ਦੀ ਸਥਿਤੀ ਸੀ ਜਿਸ ਤਰ੍ਹਾਂ ਮੁਗਲ ਰਾਜ ਦੇ ਪਤਨ ਤੋਂ ਬਾਅਦ ਭਾਰਤ ਦੀ ਸਥਿਤੀ ਸੀ।

ਡਾ. ਸੁਨ ਯੱਤ-ਸੇਨ ਸਾਰੇ ਚੀਨ ਵਿੱਚ ਇੱਕ ਜਮਹੂਰੀ ਸਰਕਾਰ ਕਾਇਮ ਕਰਨੀ ਚਾਹੁੰਦਾ ਸੀ। ਇਸ ਦੇ ਲਈ ਸੋਵੀਅਤ ਯੂਨੀਅਨ ਨੇ ਵੀ ਡਾ. ਸੇਨ ਨੂੰ ਸਮਰਥਨ ਦਿੱਤਾ। ਡਾ. ਸੇਨ ਇਸ ਸਮੇਂ ਤੀਕ ਇਸ ਗੱਲ ਦਾ ਕਾਇਲ ਹੋ ਚੁੱਕਿਆ ਸੀ ਕਿ ਜੰਗੀ ਸਰਦਾਰਾਂ ਦੀ ਸੱਤਾ ਖਤਮ ਕਰਨ ਲਈ ਫੌਜੀ ਮੁਹਿੰਮ ਜਰੂਰੀ ਹੈ। ਉਹ ਇਸ ਮੁਹਿੰਮ ਲਈ ਚੀਨ ਦੇ ਸਾਰੇ ਜਮਹੂਰੀਅਤ ਪਸੰਦ ਲੋਕਾਂ ਦਾ ਸਾਥ ਲੈ ਕੇ ਚੱਲਣਾ ਚਾਹੁੰਦਾ ਸੀ ਜਿਸ ਕਰਕੇ ਕਮਿਊਨਿਸਟ ਵੀ ਇਸ ਲੜਾਈ ਵਿੱਚ ਉਸ ਦੀ ਪਾਰਟੀ ਕੌਮਿਨਤਾਂਗ ਦਾ ਸਾਥ ਦੇ ਰਹੇ ਸਨ ਪਰ 12 ਮਾਰਚ 1925 ਨੂੰ ਡਾ. ਸੇਨ ਦਾ ਦਿਹਾਂਤ ਹੋ ਗਿਆ ਅਤੇ ਕੌਮਿਨਤਾਂਗ ਪਾਰਟੀ ਦੀ ਅਗਵਾਈ ਚਿਆਂਗ ਕਾਈ ਸ਼ੇਕ[3] ਦੇ ਹੱਥ ਆ ਗਈ। ਚਿਆਂਗ ਕਾਈ ਸ਼ੇਕ ਰੂੜ੍ਹੀਵਾਦੀ ਵਿਚਾਰਾਂ ਦਾ ਸੀ ਅਤੇ ਕਮਿਊਨਿਸਟਾਂ ਦਾ ਘੋਰ ਵਿਰੋਧੀ ਸੀ। ਚਿਆਂਗ ਕਾਈ ਸ਼ੇਕ ਨੇ ਜੰਗੀ ਸਰਦਾਰਾਂ ਦੀ ਸੱਤਾ ਨੂੰ ਖਤਮ

** ਵੇਖੋ ਟਿੱਪਣੀਆਂ*

ਕਰਕੇ ਚੀਨ ਨੂੰ ਇੱਕ ਕਰਨ ਦੀ ਕੋਸ਼ਿਸ਼ ਜਾਰੀ ਰੱਖੀ ਅਤੇ 1926 ਵਿੱਚ ਉਸ ਨੇ ਤਕੜੀ ਫੌਜ ਲੈ ਕੇ ਉੱਤਰ ਵੱਲ ਚੜ੍ਹਾਈ ਵੀ ਸ਼ੁਰੂ ਕੀਤੀ ਕਿਉਂਕਿ ਜਿਆਦਾਤਰ ਉੱਤਰੀ ਚੀਨ ਇਨ੍ਹਾਂ ਜੰਗੀ ਸਰਦਾਰਾਂ ਦੇ ਕਬਜੇ ਹੇਠ ਸੀ। ਪਰ ਇਸ ਦੇ ਨਾਲ ਹੀ 1927 ਵਿੱਚ ਉਸ ਨੇ ਕਮਿਊਨਿਸਟਾਂ ਉੱਤੇ ਹੱਲਾ ਬੋਲ ਦਿੱਤਾ ਅਤੇ ਉਨ੍ਹਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ।

ਸੋ ਰਾਜਸੀ ਤੌਰ 'ਤੇ ਚਿਆਂਗ ਕਾਈ-ਸ਼ੇਕ ਅਤੇ ਜੰਗੀ ਸਰਦਾਰਾਂ ਦੀਆਂ ਫੌਜੀ ਹਕੂਮਤਾਂ ਅਤੇ ਉਨ੍ਹਾਂ ਦੀਆਂ ਆਪਸੀ ਲੜਾਈਆਂ ਦਾ ਸ਼ਿਕਾਰ, ਆਰਥਿਕ ਤੌਰ 'ਤੇ ਪਛੜੇਵੇਂ ਅਤੇ ਭੁੱਖਮਰੀ ਦਾ ਸ਼ਿਕਾਰ, ਸਮਾਜਿਕ-ਸਭਿਆਚਾਰਕ ਤੌਰ 'ਤੇ ਅਨੇਕਾਂ ਗੰਭੀਰ ਸਮੱਸਿਆਵਾਂ- ਜਿਵੇਂ ਨਸ਼ਿਆਂ, ਅਨਪੜ੍ਹਤਾ, ਵੇਸਵਾਗਮਨੀ, ਰੂੜ੍ਹੀਵਾਦੀ ਧਾਰਨਾਵਾਂ ਅਤੇ ਵਹਿਮਾ ਭਰਮਾਂ ਦਾ ਸ਼ਿਕਾਰ ; ਇਹ ਸੀ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਦਾ ਚੀਨ ਜਿਸ ਵਿਚੋਂ ਚੀਨ ਦੀ ਕਮਿਊਨਿਸਟ ਪਾਰਟੀ ਅਤੇ ਇਸ ਦਾ ਆਗੂ ਮਾਓ ਜ਼ੇ ਤੁੰਗ ਪੈਦਾ ਹੋਏ ਅਤੇ ਇਸ ਸਭ ਕਾਸੇ ਨੂੰ ਮੁੱਢੋਂ ਸੁੱਢੋਂ ਤਬਦੀਲ ਕਰਨ ਦੇ ਰਾਹ ਤੁਰ ਪਏ।

***

# ਬਚਪਨ ਅਤੇ ਜਵਾਨੀ, ਖ਼ੁਦ ਦੀ ਜ਼ਬਾਨੀ

ਮਾਓ ਜ਼ੇ ਤੁੰਗ ਦੀ ਸਿਆਸੀ ਜ਼ਿੰਦਗੀ ਬਾਰੇ ਤਾਂ ਹਜਾਰਾਂ ਪੁਸਤਕਾਂ ਵਿੱਚ ਵੇਰਵੇ ਮਿਲ ਜਾਂਦੇ ਹਨ ਪਰ ਉਨ੍ਹਾਂ ਦੀ ਜਾਤੀ ਜ਼ਿੰਦਗੀ, ਖਾਸ ਕਰ ਪਰਿਵਾਰਕ ਪਿਛੋਕੜ, ਬਚਪਨ, ਵਿਦਿਆਰਥੀ ਜੀਵਨ ਅਤੇ ਪੂਰਾ ਸੂਰਾ ਕਮਿਊਨਿਸਟ ਕੁਲਵਕਤੀ ਬਣਨ ਤੱਕ ਦੇ ਜੀਵਨ ਬਾਰੇ ਜਾਣਕਾਰੀ ਮਾਓ ਵੱਲੋਂ ਅਮਰੀਕੀ ਪੱਤਰਕਾਰ ਐਡਗਰ ਸਨੋਅ ਨਾਲ ਜੁਲਾਈ 1936 ਵਿੱਚ ਕੀਤੀ ਗੱਲਬਾਤ ਤੋਂ ਹੀ ਦੁਨੀਆ ਦੇ ਸਾਹਮਣੇ ਆਈ ਸੀ। ਮਾਓ ਅਤੇ ਹੋਰ ਕਮਿਊਨਿਸਟ ਆਗੂ ਆਪਣੀ ਨਿੱਜੀ ਜੀਵਨ ਦੀਆਂ ਗੈਰ-ਸਿਆਸੀ ਘਟਨਾਵਾਂ ਨੂੰ ਬਹੁਤੀ ਮਹੱਤਤਾ ਨਹੀਂ ਦਿੰਦੇ, ਪਰ ਐਡਗਰ ਸਨੋਅ ਦੇ ਵਾਰ ਵਾਰ ਇਸਰਾਰ ਕਰਨ 'ਤੇ ਕਿ ਲੋਕਾਂ ਲਈ ਇਹ ਗੱਲ ਜਾਣਨੀ ਬਹੁਤ ਮਹੱਤਵਪੂਰਨ ਹੈ ਕਿ ਚੋਟੀ ਦੇ ਕਮਿਊਨਿਸਟ ਇਨਕਲਾਬੀ ਵਜੋਂ ਉਨ੍ਹਾਂ ਦੀ ਸ਼ਖ਼ਸੀਅਤ ਦਾ ਵਿਕਾਸ ਕਿਵੇਂ ਹੋਇਆ? ਸਨੋਅ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਜੀਵਨ ਬਾਰੇ ਬਹੁਤ ਸਾਰੇ ਗਲਤ ਭਰਮ ਫੈਲਾਏ ਜਾ ਰਹੇ ਹਨ ਜਿਸ ਕਰਕੇ ਸਚਾਈ ਨੂੰ ਪੇਸ਼ ਕਰਨਾ ਜਰੂਰੀ ਹੈ। ਇਸ 'ਤੇ ਮਾਓ ਆਪਣੀ ਜੀਵਨ ਕਹਾਣੀ ਦਾ ਵਰਣਨ ਕਰਨ ਲਈ ਸਹਿਮਤ ਹੋ ਗਿਆ। ਸਨੋਅ ਲਿਖਦਾ ਹੈ ਕਿ ਇਸ ਤੋਂ ਪਹਿਲਾਂ ਮਾਓ ਦੀ ਜਾਤੀ ਜ਼ਿੰਦਗੀ ਬਾਰੇ ਉਸ ਦੇ ਨੇੜਲੇ ਸਾਥੀਆਂ ਨੂੰ ਵੀ ਬਹੁਤ ਘੱਟ ਜਾਣਕਾਰੀ ਸੀ ਇਸੇ ਲਈ ਜਦ ਮਾਓ ਲੇਖਕ ਨੂੰ ਆਪਣੀ ਕਹਾਣੀ ਲਿਖਵਾਉਣ ਲੱਗਾ ਤਾਂ ਮਾਓ ਦੀ ਦੂਜੀ ਪਤਨੀ ਹੋ ਜ਼ੀਜ਼ੈਨ ਵੀ ਇਹ ਸਾਰੀ ਕਹਾਣੀ ਓਨੀ ਹੀ ਉਤਸੁਕਤਾ ਨਾਲ ਸੁਣ ਰਹੀ ਸੀ ਜਿੰਨੀ ਨਾਲ ਐਡਗਰ ਸਨੋਅ। ਅਤੇ ਜੋ ਕੁਝ ਉਸ ਨੇ ਦੱਸਿਆ ਉਨ੍ਹਾਂ ਵਿਚੋਂ ਬਹੁਤੀਆਂ ਗੱਲਾਂ ਉਸ ਨੇ ਅਤੇ ਮਾਓ ਨਾਲ ਕੰਮ ਕਰ ਰਹੇ ਕਾਮਰੇਡਾਂ ਨੇ ਪਹਿਲੀ ਵਾਰ ਹੀ ਸੁਣੀਆਂ ਸਨ। ਸੋ ਜੀਵਨੀ ਦਾ ਇਹ ਹਿੱਸਾ ਮਾਓ ਦੇ ਸ਼ਬਦਾਂ ਵਿੱਚ ਹੀ ਪੇਸ਼ ਕੀਤਾ ਜਾ ਰਿਹਾ ਹੈ। ਮਾਓ ਆਪਣੀ ਪਰਿਵਾਰਕ ਜ਼ਿੰਦਗੀ ਬਾਰੇ ਦਸਦਾ ਹੈ -

"ਮੇਰਾ ਪਿਉ ਮਾਓ ਜੇਨ ਸ਼ੇਂਗ ਪਹਿਲਾਂ ਤਾਂ ਗਰੀਬ ਕਿਸਾਨੀ ਨਾਲ ਹੀ ਸਬੰਧ ਰਖਦਾ ਸੀ। ਜ਼ਮੀਨ ਗਹਿਣੇ ਪੈ ਚੁੱਕੀ ਸੀ ਜਿਸ ਕਰਕੇ ਉਹ ਫੌਜ ਵਿੱਚ ਭਰਤੀ

ਹੋ ਗਿਆ। ਫੌਜ ਵਿਚੋਂ ਆ ਕੇ ਉਸ ਨੇ ਆਪਣੇ ਬਚਤ ਕਰ ਕੇ ਜੋੜੇ ਥੋੜ੍ਹੇ ਬਹੁਤੇ ਪੈਸਿਆਂ ਨਾਲ ਕੁਝ ਨਿੱਕੇ ਮੋਟੇ ਕੰਮ ਕਾਰ ਕੀਤੇ ਜਿਨ੍ਹਾਂ ਤੋਂ ਹੋਈ ਕਮਾਈ ਨਾਲ ਉਸ ਨੇ ਆਪਣੀ ਜ਼ਮੀਨ ਵਾਪਸ ਛੁਡਾ ਲਈ ਜੋ 15 ਮੌ (ਢਾਈ ਕੁ ਏਕੜ) ਸੀ। ਉਸ ਦੇ ਨਾਲ ਹੀ ਉਹ ਅਨਾਜ ਦੇ ਵਪਾਰ ਵਿੱਚ ਪੈ ਗਿਆ, ਕੁਝ ਹੋਰ ਜ਼ਮੀਨ ਖਰੀਦ ਲਈ ਅਤੇ ਇਸ ਤਰ੍ਹਾਂ ਧਨੀ ਕਿਸਾਨਾਂ ਵਿੱਚ ਸ਼ਾਮਲ ਹੋ ਗਿਆ। ਉਸ ਨੇ 6 ਕੁ ਸਾਲ ਦੀ ਉਮਰ ਤੋਂ ਹੀ ਮੈਨੂੰ ਖੇਤਾਂ ਵਿੱਚ ਕੰਮ ਕਰਨ ਲਾ ਲਿਆ ਸੀ। ਅੱਠ ਸਾਲ ਦਾ ਹੋ ਕੇ ਮੈਂ ਸਕੂਲ ਜਾਣ ਲੱਗ ਪਿਆ ਅਤੇ ਸੁਬ੍ਹਾ ਸ਼ਾਮ ਖੇਤ ਵਿੱਚ ਕੰਮ ਕਰਾਉਂਦਾ। ਸਾਡਾ ਪ੍ਰਾਇਮਰੀ ਵਾਲਾ ਅਧਿਆਪਕ ਬਹੁਤ ਸਖਤ ਸੁਭਾਅ ਦਾ ਸੀ ਜੋ ਅਕਸਰ ਹੀ ਵਿਦਿਆਰਥੀਆਂ ਨੂੰ ਕੁਟਦਾ ਰਹਿੰਦਾ। ਉਸ ਤੋਂ ਦੁਖੀ ਹੋ ਕੇ ਇੱਕ ਦਿਨ ਮੈਂ ਸਕੂਲੋਂ ਭੱਜ ਗਿਆ ਪਰ ਪਤਾ ਸੀ ਕਿ ਜੇ ਘਰੇ ਗਿਆ ਤਾਂ ਹੋਰ ਪੈਣਗੀਆਂ ਸੋ ਮੈਂ ਆਵਦੇ ਜਾਣੇ ਸ਼ਹਿਰ ਦੀ ਦਿਸ਼ਾ ਵੱਲ ਚੱਲ ਪਿਆ ਅਤੇ ਤਿੰਨ ਦਿਨ ਭੌਂਦਾ ਰਿਹਾ। ਆਖਰ ਤੀਜੇ ਦਿਨ ਮੇਰੇ ਪਰਿਵਾਰ ਨੇ ਮੈਨੂੰ ਲੱਭ ਲਿਆ। ਤਦ ਮੈਨੂੰ ਪਤਾ ਲੱਗਾ ਕਿ ਦਿਸ਼ਾ ਦਾ ਸਹੀ ਪਤਾ ਨਾ ਹੋਣ ਕਰਕੇ ਮੈਂ ਉਥੇ ਹੀ ਗੇੜੇ ਕਢਦਾ ਰਿਹਾ ਸੀ ਅਤੇ ਘਰ ਤੋਂ ਢਾਈ ਤਿੰਨ ਮੀਲ ਦੂਰ ਹੀ ਘੁੰਮਦਾ ਰਿਹਾ ਸੀ। ਖੈਰ ਹੈਰਾਨੀ ਇਹ ਹੋਈ ਕਿ ਇਸ ਬਾਅਦ ਹਾਲਤਾਂ ਕੁਝ ਬਿਹਤਰ ਹੋ ਗਈਆਂ। ਪਿਉ ਵੀ ਮੇਰਾ ਵੱਧ ਖਿਆਲ ਰੱਖਣ ਲੱਗਾ ਅਤੇ ਅਧਿਆਪਕ ਵੀ ਕੁਝ ਨਰਮ ਹੋ ਗਿਆ। ਇਸ ਤਰ੍ਹਾਂ ਮੇਰੇ ਇਸ ਵਿਰੋਧ ਪ੍ਰਗਟਾਵੇ ਦੇ ਚੰਗੇ ਸਿੱਟੇ ਨਿਕਲੇ, ਯਾਨੀ ਕਿ ਹੜਤਾਲ ਸਫਲ ਰਹੀ।

ਮੇਰਾ ਪਿਉ ਸਖਤੀ ਨਾਲ ਕੰਮ ਲੈਂਦਾ ਸੀ, ਜਦ ਮੈਂ ਥੋੜ੍ਹੇ ਬਹੁਤ ਅੱਖਰ ਸਿੱਖ ਗਿਆ ਤਾਂ ਉਸ ਨੇ ਮੈਨੂੰ ਘਰ ਦਾ ਸਾਰਾ ਹਿਸਾਬ ਕਿਤਾਬ ਰੱਖਣ ਲਈ ਕਿਹਾ ਅਤੇ ਜਦੋਂ ਹਿਸਾਬ ਕਿਤਾਬ ਨਾ ਕਰਨ ਵਾਲਾ ਹੁੰਦਾ ਤਾਂ ਉਹ ਮੈਨੂੰ ਖੇਤ ਵਿੱਚ ਧੱਕ ਦਿੰਦਾ। ਉਸ ਤੋਂ ਵਿਹਲਾ ਬੰਦਾ ਤਾਂ ਬਰਦਾਸ਼ਤ ਹੀ ਨਹੀਂ ਹੁੰਦਾ ਸੀ, ਉਹ ਮੈਨੂੰ ਅਤੇ ਮੇਰੇ ਭਰਾ ਨੂੰ ਅਕਸਰ ਹੀ ਕੁਟਾਪਾ ਚਾੜ੍ਹੀ ਰਖਦਾ। ਇਸ ਦੇ ਮੁਕਾਬਲੇ ਮੇਰੀ ਮਾਂ ਬਹੁਤ ਨਰਮ ਦਿਲ ਅਤੇ ਦਿਆਲੂ ਔਰਤ ਸੀ। ਉਹ ਮੇਰੇ ਪਿਉ ਤੋਂ ਚੋਰੀ ਗਰੀਬ ਲੋਕਾਂ ਨੂੰ ਚੌਲ ਵਗੈਰਾ ਵੀ ਦੇ ਦਿੰਦੀ ਸੀ ਜਿਸ ਤੋਂ ਘਰ ਵਿੱਚ ਕਈ ਵਾਰ ਕਲੇਸ਼ ਵੀ ਪਿਆ ਸੀ।'

ਮਾਓ ਇਸ ਬਾਰੇ ਸਿਆਸੀ ਲਹਿਜੇ ਵਿੱਚ ਬਿਆਨ ਕਰਦਾ ਹੋਇਆ ਕਹਿੰਦਾ ਹੈ – 'ਸਾਡੇ ਪਰਿਵਾਰ ਵਿੱਚ ਦੋ ਪਾਰਟੀਆਂ ਸਨ, ਇੱਕ ਪਾਸੇ ਮੇਰਾ ਪਿਉ ਸੱਤਾਧਾਰੀ ਸ਼ਕਤੀ ਸੀ, ਦੂਜੇ ਪਾਸੇ ਵਿਰੋਧੀ ਧਿਰ ਵਿੱਚ ਮੈਂ, ਮੇਰਾ ਭਰਾ, ਮੇਰੀ ਮਾਤਾ ਅਤੇ ਕਦੇ ਕਦੇ ਸਾਡਾ ਨੌਕਰ ਵੀ ਹੁੰਦਾ ਸੀ। ਪਰ ਇਸ ਵਿਰੋਧੀ ਗੱਠਜੋੜ ਵਿੱਚ ਵਿਚਾਰਾਂ ਦੇ ਮੱਤਭੇਦ ਸਨ। ਮੇਰੀ ਮਾਂ ਅਸਿੱਧੇ ਹਮਲੇ ਦੀ ਨੀਤੀ 'ਤੇ ਚਲਦੀ ਸੀ, ਉਹ 'ਰਾਜਕੀ ਤਾਕਤ' ਦੇ ਖਿਲਾਫ਼ ਖੁੱਲ੍ਹੇਆਮ ਬਗਾਵਤ ਕਰਨ ਅਤੇ ਭਾਵਕ ਬੋਲਾਂ ਨੂੰ ਰੱਦ ਕਰਦੀ

ਸੀ। ਉਸ ਦਾ ਕਹਿਣਾ ਸੀ ਕਿ ਇਉਂ ਕਰਨਾ ਚੀਨੀ ਸਭਿਆਚਾਰ ਨਹੀਂ।

ਪਰ ਜਦ ਮੈਂ ਤੇਰਾਂ ਕੁ ਸਾਲ ਦਾ ਸੀ ਤਾਂ ਮੇਰੀ ਪਿਉ ਨਾਲ ਬਹਿਸ ਹੋ ਗਈ। ਉਹ ਅਕਸਰ ਚੀਨੀ ਗ੍ਰੰਥਾਂ ਵਿਚੋਂ ਟੂਕਾਂ ਦਿੰਦਾ ਹੁੰਦਾ ਸੀ। ਉਹ ਮੇਰੇ ਉੱਤੇ ਮਾਪਿਆਂ ਪ੍ਰਤੀ ਸਹੀ ਵਿਵਹਾਰ ਨਾ ਕਰਨ ਅਤੇ ਕੰਮ ਤੋਂ ਸੁਸਤੀ ਮਾਰਨ ਦਾ ਇਲਜ਼ਾਮ ਲਾਉਂਦਾ ਹੁੰਦਾ ਸੀ। ਮੈਂ ਗ੍ਰੰਥਾਂ ਵਿਚੋਂ ਟੂਕਾਂ ਦੇਕੇ ਕਿਹਾ ਕਿ ਵੱਡਿਆਂ ਨੂੰ ਛੋਟਿਆਂ ਪ੍ਰਤੀ ਦਿਆਲੂ ਅਤੇ ਸਨੇਹ ਭਰਪੂਰ ਹੋਣਾ ਚਾਹੀਦਾ ਹੈ। ਗ੍ਰੰਥਾਂ ਵਿੱਚ ਦਰਜ ਹੈ ਕਿ ਵੱਡਿਆਂ ਨੂੰ ਛੋਟਿਆਂ ਨਾਲੋਂ ਜਿਆਦਾ ਕੰਮ ਕਰਨਾ ਚਾਹੀਦਾ ਹੈ ਅਤੇ ਜਦ ਮੈਂ ਉਸ ਦੀ ਉਮਰ ਦਾ ਹੋ ਗਿਆ ਤਾਂ ਮੈਂ ਉਸ ਤੋਂ ਵੱਧ ਕੰਮ ਕਰਿਆ ਕਰਾਂਗਾ। ... ਖੈਰ ਬੁੜ੍ਹਾ ਪੈਸੇ ਜੋੜਨ ਲੱਗਾ ਰਿਹਾ ਅਤੇ ਸਾਡਾ ਵਿਰੋਧ ਵਧਦਾ ਗਿਆ।

ਤੇਰਾਂ ਸਾਲ ਦੀ ਉਮਰ ਵਿੱਚ ਮੈਂ ਪ੍ਰਾਇਮਰੀ ਸਕੂਲ ਛੱਡ ਦਿੱਤਾ। ਮੈਂ ਖੇਤ ਵਿੱਚ ਸਾਰਾ ਦਿਨ ਮਜਦੂਰਾਂ ਨਾਲ ਪੂਰਾ ਕੰਮ ਕਰਵਾਉਂਦਾ ਅਤੇ ਰਾਤ ਨੂੰ ਸਾਰਾ ਹਿਸਾਬ ਕਿਤਾਬ ਕਰਦਾ। ਇਸ ਦੇ ਨਾਲ ਨਾਲ ਮੈਨੂੰ ਕਿੱਸੇ ਕਹਾਣੀਆਂ ਪੜ੍ਹਨ ਦਾ ਬਹੁਤ ਸ਼ੌਂਕ ਸੀ ਜਿਨ੍ਹਾਂ ਵਿੱਚ ਚੀਨ ਦੇ ਪੁਰਾਣੇ ਬਾਗੀਆਂ ਦੀਆਂ ਕਹਾਣੀਆਂ ਅਤੇ ਸਫ਼ਰਨਾਮੇ ਵੀ ਸ਼ਾਮਲ ਹੁੰਦੇ ਸਨ। ਇਹ ਕਿਤਾਬਾਂ ਮੈਂ ਚੀਨੀ ਸਨਾਤਨੀ ਗ੍ਰੰਥਾਂ ਵਿੱਚ ਲੁਕੋ ਕੇ ਪੜ੍ਹਦਾ ਤਾਂ ਜੋ ਮੇਰੇ ਅਧਿਆਪਕਾਂ ਜਾਂ ਪਿਤਾ ਨੂੰ ਪਤਾ ਨਾ ਲੱਗ ਜਾਵੇ ਕਿਉਂਕਿ ਉਹ ਅਜਿਹੀਆਂ ਕਿਤਾਬਾਂ ਨੂੰ ਫਜ਼ੂਲ ਸਮਝਦੇ ਸਨ।"

ਮਾਓ ਨੇ ਜੋ ਵੇਰਵੇ ਆਪਣੇ ਪਿਤਾ ਦੇ ਦਿੱਤੇ ਹਨ ਉਸ ਤੋਂ ਪੰਜਾਬ ਦੇ ਕਿਸੇ ਵੀ ਸੂਮ ਜੱਟ ਦਾ ਝਲਕਾਰਾ ਵੇਖਿਆ ਜਾ ਸਕਦਾ ਹੈ। ਪਹਿਲੀ ਪੀੜ੍ਹੀ ਵਿੱਚ ਪੰਜਾਬ ਦੇ ਬਹੁਤ ਕਿਸਾਨ ਇਸ ਤਰ੍ਹਾਂ ਦੇ ਹੀ ਸਨ ਜੋ ਮੁੰਡਿਆਂ ਨੂੰ ਚੰਡ ਕੇ ਰਖਦੇ ਸਨ, ਖੇਤ ਅਤੇ ਘਰ ਵਿੱਚ ਖਿੱਚ ਕੇ ਕੰਮ ਲੈਂਦੇ ਸਨ, ਕੰਮ ਲੈਣ ਕਰਕੇ ਉਨ੍ਹਾਂ ਨੂੰ ਪੜ੍ਹਾਉਣ ਵਿੱਚ ਕੋਈ ਦਿਲਚਸਪੀ ਨਹੀਂ ਰਖਦੇ ਸਨ, ਕੋਈ ਵਾਧੂ ਪੈਸਾ ਨਹੀਂ ਖਰਚਦੇ ਸਨ ਅਤੇ ਥੋੜ੍ਹੀ ਥੋੜ੍ਹੀ ਕਰਕੇ ਜ਼ਮੀਨ ਦੀ ਮਾਲਕੀ ਵਧਾਉਂਦੇ ਰਹਿੰਦੇ ਸਨ।

ਅੱਗੇ ਮਾਓ ਆਪਣੇ ਅਤੇ ਪਰਿਵਾਰ ਦੇ ਧਾਰਮਿਕ ਵਿਚਾਰਾਂ ਬਾਰੇ ਗੱਲ ਕਰਦਾ ਹੈ। ਉਸ ਅਨੁਸਾਰ – "ਮੇਰਾ ਪਿਤਾ ਧਰਮ ਵਿੱਚ ਵਿਸ਼ਵਾਸ਼ ਨਹੀਂ ਰਖਦਾ ਸੀ ਜਦ ਕਿ ਮੇਰੀ ਮਾਤਾ ਮਹਾਤਮਾ ਬੁੱਧ ਨੂੰ ਸ਼ਰਧਾ ਨਾਲ ਪੂਜਦੀ ਸੀ। ਉਹ ਸਾਨੂੰ ਵੀ ਧਾਰਮਿਕ ਸਿੱਖਿਆ ਦਿੰਦੀ ਅਤੇ ਅਸੀਂ ਸਾਰੇ ਇਸ ਗੱਲ ਤੋਂ ਦੁਖੀ ਹੁੰਦੇ ਕਿ ਸਾਡਾ ਪਿਉ ਨਾਸਤਿਕ ਸੀ। ਜਦ ਮੈਂ ਨੌਂ ਸਾਲ ਦਾ ਸੀ ਤਾਂ ਮੈਂ ਆਪਣੀ ਮਾਤਾ ਨਾਲ ਇਸ ਗੱਲ ਤੇ ਵਿਚਾਰ ਕੀਤੀ ਕਿ ਸਾਡੇ ਪਿਉ ਵਿੱਚ ਦਯਾ ਭਾਵਨਾ ਬਹੁਤ ਘੱਟ ਹੈ। ਅਸੀਂ ਉਸ ਨੂੰ ਧਾਰਮਿਕ ਬਨਾਉਣ ਲਈ ਕੋਸ਼ਿਸ਼ਾਂ ਕਰਦੇ ਪਰ ਉਸ ਉੱਤੇ ਕੋਈ ਅਸਰ ਨਾ ਹੁੰਦਾ ਅਤੇ ਉਲਟਾ ਸਾਨੂੰ ਗਾਲ੍ਹਾਂ ਹੀ ਮਿਲਦੀਆਂ।

ਹੌਲੀ ਹੌਲੀ ਮੇਰੀਆਂ ਪੜ੍ਹੀਆਂ ਕਿਤਾਬਾਂ ਮੇਰੇ ਉੱਤੇ ਵੀ ਅਸਰ ਪਾਉਣ ਲੱਗੀਆਂ ਅਤੇ ਮੈਂ ਖ਼ੁਦ ਵੀ ਅਵਿਸ਼ਵਾਸੀ ਹੁੰਦਾ ਗਿਆ। ਮੇਰੀ ਮਾਤਾ ਨੂੰ ਫਿਕਰ ਲੱਗਾ ਅਤੇ ਉਹ ਮੈਨੂੰ ਧਾਰਮਿਕ ਗੱਲਾਂ ਤੋਂ ਨਿਰਲੇਪ ਰਹਿਣ ਲਈ ਮੈਨੂੰ ਝਿੜਕਣ ਲੱਗੀ। ਮੇਰੇ ਪਿਤਾ ਦਾ ਇੱਕ ਦਿਨ ਰਸਤੇ ਵਿੱਚ ਚੀਤੇ ਨਾਲ ਟਾਕਰਾ ਹੋ ਗਿਆ ਪਰ ਚੀਤਾ ਘਬਰਾ ਕੇ ਭੱਜ ਗਿਆ। ਇਸ ਕਰਾਮਾਤੀ ਬਚਾਅ ਤੋਂ ਬਾਅਦ ਉਹ ਬੁੱਧ ਪ੍ਰਤੀ ਕੁਝ ਸਤਿਕਾਰ ਦਿਖਾਉਣ ਲੱਗਾ ਅਤੇ ਕਦੇ ਕਦਾਈਂ ਧੂਫ ਬੱਤੀ ਵੀ ਕਰ ਦਿੰਦਾ। ਪਰ ਜਦ ਮੇਰੀ ਨਾਸਤਿਕਤਾ ਵਧਦੀ ਗਈ ਤਾਂ ਵੀ ਉਸ ਨੇ ਕੋਈ ਦਖਲ ਨਾ ਦਿੱਤਾ। ਅਸਲ ਵਿੱਚ ਉਹ ਖ਼ੁਦ ਵੀ ਮੁਸੀਬਤ ਮੌਕੇ ਹੀ ਦੇਵਤਿਆਂ ਨੂੰ ਯਾਦ ਕਰਦਾ ਸੀ।

## ਪੜ੍ਹਾਈ ਲਈ ਘਰੋਂ ਭੱਜਣਾ

ਇਨ੍ਹਾਂ ਦਿਨਾਂ ਵਿੱਚ ਮੈਂ ਇੱਕ ਕਿਤਾਬ 'ਸੁਚੇਤ ਕਰਦੇ ਸ਼ਬਦ' ਪੜ੍ਹੀ ਜੋ ਮੈਨੂੰ ਬਹੁਤ ਪਸੰਦ ਆਈ। ਇਸ ਵਿੱਚ ਲੇਖਕ ਨੇ ਚੀਨ ਦੀਆਂ ਕਮਜੋਰੀਆਂ ਦਾ ਕਾਰਣ ਇਥੇ ਪੱਛਮੀ ਖੋਜਾਂ ਜਿਵੇਂ -ਰੇਲਵੇ, ਟੈਲੀਫ਼ੋਨ, ਟੈਲੀਗ੍ਰਾਮ, ਭਾਫ਼ ਵਾਲੇ ਜਹਾਜ਼ ਆਦਿ ਨੂੰ ਨਾ ਅਪਣਾਇਆ ਜਾਣਾ ਦੱਸਿਆ ਅਤੇ ਇਨ੍ਹਾਂ ਖੋਜਾਂ ਨੂੰ ਚੀਨ ਵਿੱਚ ਵਰਤੇ ਜਾਣ ਦੀ ਵਕਾਲਤ ਕੀਤੀ। ਇਸ ਪੁਸਤਕ ਨੇ ਮੈਨੂੰ ਆਪਣੀ ਪੜ੍ਹਾਈ ਮੁੜ ਸ਼ੁਰੂ ਕਰਨ ਲਈ ਉਤਸ਼ਾਹਿਤ ਕੀਤਾ। ਮੈਂ ਆਪਣੇ ਖੇਤ ਵਿਚਲੇ ਕੰਮ ਤੋਂ ਵੀ ਅੱਕ ਗਿਆ ਸੀ। ਸੁਭਾਵਿਕ ਹੀ ਸੀ ਕਿ ਮੇਰੇ ਪਿਉ ਨੇ ਇਸ ਗੱਲ ਦਾ ਵਿਰੋਧ ਕੀਤਾ। ਇਸ ਮਸਲੇ 'ਤੇ ਸਾਡਾ ਝਗੜਾ ਹੋ ਗਿਆ ਅਤੇ ਆਖਰ ਮੈਂ ਘਰੋਂ ਭੱਜ ਗਿਆ। ਮੈਂ ਕਾਨੂੰਨ ਦੇ ਇੱਕ ਵਿਦਿਆਰਥੀ ਦੇ ਘਰ ਰਹਿਣ ਲੱਗਾ ਅਤੇ ਉਥੇ ਛੇ ਮਹੀਨੇ ਮੈਂ ਕਾਫੀ ਕੁਝ ਪੜ੍ਹਿਆ।

ਇਸੇ ਸਮੇਂ ਹੂਨਾਨ ਵਿੱਚ ਇੱਕ ਘਟਨਾ ਘਟੀ ਜਿਸ ਨੇ ਮੇਰੀ ਸਾਰੀ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਦਿੱਤਾ। ਜਿਸ ਸਕੂਲ ਵਿੱਚ ਮੈਂ ਪੜ੍ਹ ਰਿਹਾ ਸੀ ਉਸ ਦੇ ਬਾਹਰ ਅਸੀਂ ਵਿਦਿਆਰਥੀਆਂ ਨੇ ਦੇਖਿਆ ਕਿ ਬਹੁਤ ਸਾਰੇ ਵਿਉਪਾਰੀ ਚਾਂਗਸ਼ਾ* ਤੋਂ ਵਾਪਸ ਆ ਰਹੇ ਸਨ। ਅਸੀਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਸਾਰੇ ਕਿਉਂ ਸ਼ਹਿਰ ਛੱਡ ਕੇ ਆ ਰਹੇ ਸਨ ਤਾਂ ਉਨ੍ਹਾਂ ਦੱਸਿਆ ਕਿ ਉਥੇ ਸ਼ਹਿਰ ਵਿੱਚ ਇੱਕ ਵੱਡੀ ਬਗਾਵਤ ਹੋ ਗਈ ਹੈ।

ਉਥੇ ਉਸ ਸਾਲ ਸਖਤ ਕਾਲ ਪੈ ਗਿਆ ਸੀ। ਜਦ ਭੁੱਖੇ ਮਰਦੇ ਲੋਕਾਂ ਨੇ ਗਵਰਨਰ ਕੋਲ ਸਹਾਇਤਾ ਲਈ ਇੱਕ ਡੈਲੀਗੇਸ਼ਨ ਭੇਜਿਆ ਤਾਂ ਗਵਰਨਰ ਨੇ ਹੰਕਾਰੀ ਲਹਿਜੇ ਵਿੱਚ ਕਿਹਾ, 'ਤੁਹਾਡੇ ਕੋਲ ਭੋਜਨ ਕਿਉਂ ਨਹੀਂ ਹੈ? ਇਥੇ ਤਾਂ ਵਾਧੂ ਹੈ, ਮੇਰੇ ਕੋਲ ਤਾਂ ਹਮੇਸ਼ਾ ਹੁੰਦਾ ਹੈ।' ਅਜਿਹੇ ਜਵਾਬ ਤੋਂ ਲੋਕ ਭੜਕ ਗਏ ਅਤੇ ਉਨ੍ਹਾਂ ਨੇ ਭੰਨ

* ਚਾਂਗਸ਼ਾ – ਮਾਓ ਦੇ ਸੂਬੇ ਹੂਨਾਨ ਦੀ ਰਾਜਧਾਨੀ

ਤੋੜ ਸ਼ੁਰੂ ਕਰ ਦਿੱਤੀ। ਗਵਰਨਰ ਨੇ ਉਨ੍ਹਾਂ ਦੇ ਆਗੂਆਂ ਦੀ ਗ੍ਰਿਫਤਾਰੀ ਦੇ ਹੁਕਮ ਕਰ ਦਿੱਤੇ ਅਤੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦੇ ਸਿਰ ਕੱਟ ਕੇ ਖੰਭਿਆਂ ਉੱਤੇ ਟੰਗ ਦਿੱਤੇ ਗਏ ਤਾਂ ਜੋ ਭਵਿੱਖ ਦੇ ਬਾਗੀਆਂ ਨੂੰ ਚਿਤਾਵਨੀ ਮਿਲ ਸਕੇ।

ਇਸ ਤੋਂ ਥੋੜ੍ਹੀ ਦੇਰ ਬਾਅਦ ਸ਼ਾਓਸ਼ਾਨ ਵਿੱਚ ਇੱਕ ਜਥੇਬੰਦੀ ਨੇ ਜਾਗੀਰਦਾਰਾਂ ਅਤੇ ਸਰਕਾਰ ਖਿਲਾਫ਼ ਬਗਾਵਤ ਕਰ ਦਿੱਤੀ ਅਤੇ ਨੇੜਲੇ ਪਹਾੜਾਂ ਵਿੱਚ ਮੋਰਚਾ ਬਣਾ ਕੇ ਬੈਠ ਗਏ। ਇਥੇ ਵੀ ਸਰਕਾਰੀ ਫੌਜਾਂ ਨੇ ਉਨ੍ਹਾਂ ਨੂੰ ਖਦੇੜ ਦਿੱਤਾ ਅਤੇ ਉਨ੍ਹਾਂ ਦੇ ਆਗੂ ਦਾ ਸਿਰ ਕਲਮ ਕਰ ਦਿੱਤਾ। ਸਾਡੇ ਵਿਦਿਆਰਥੀਆਂ ਦੀਆਂ ਹਮਦਰਦੀਆਂ ਇਨ੍ਹਾਂ ਬਾਗੀਆਂ ਦੇ ਨਾਲ ਸਨ ਅਤੇ ਉਨ੍ਹਾਂ ਦਾ ਆਗੂ ਸਾਡੇ ਲਈ ਹੀਰੋ ਸੀ।

ਅਗਲੇ ਸਾਲ ਜਦ ਅਜੇ ਧਾਨ ਦੀ ਨਵੀਂ ਫਸਲ ਨਹੀਂ ਆਈ ਸੀ ਅਤੇ ਪਹਿਲੀ ਲੋਕ ਮੁਕਾ ਚੁੱਕੇ ਸਨ ਤਾਂ ਸਾਡੇ ਜਿਲ੍ਹੇ ਵਿੱਚ ਅਨਾਜ ਦੀ ਤੰਗੀ ਹੋ ਗਈ। ਗਰੀਬ ਲੋਕ ਧਨੀ ਕਿਸਾਨਾਂ ਤੋਂ ਸਹਾਇਤਾ ਮੰਗਣ ਲੱਗੇ ਅਤੇ 'ਆਓ ਵੱਡੇ ਘਰੋਂ ਖਾਈਏ' ਨਾਂ 'ਤੇ ਇੱਕ ਲਹਿਰ ਸ਼ੁਰੂ ਕਰ ਦਿੱਤੀ। ਜਿਸ ਤਹਿਤ ਗਰੀਬ ਲੋਕ ਅਮੀਰਾਂ ਦੇ ਘਰਾਂ ਵਿੱਚ ਘੁਸ ਜਾਂਦੇ ਅਤੇ ਉਨ੍ਹਾਂ ਦੇ ਗੋਦਾਮਾਂ ਵਿਚੋਂ ਅਨਾਜ ਲੈ ਕੇ, ਜਬਰਦਸਤੀ ਉਥੇ ਹੀ ਪਕਾ ਕੇ ਖਾਂਦੇ। ਮੇਰਾ ਪਿਉ ਚੌਲਾਂ ਦਾ ਵਪਾਰੀ ਬਣਿਆ ਹੋਇਆ ਸੀ, ਉਸ ਨੇ ਇਲਾਕੇ ਵਿੱਚ ਕਿੱਲਤ ਹੋਣ ਦੇ ਬਾਵਜੂਦ ਅਨਾਜ ਸ਼ਹਿਰ ਭੇਜਣਾ ਜਾਰੀ ਰੱਖਿਆ। ਉਸ ਦਾ ਇੱਕ ਵਾਰੀ ਦਾ ਮਾਲ ਗਰੀਬਾਂ ਨੇ ਲੁੱਟ ਲਿਆ ਤੇ ਉਸ ਦਾ ਗੁੱਸਾ ਅਸਮਾਨੀ ਚੜ੍ਹਿਆ ਹੋਇਆ ਸੀ। ਪਰ ਮੈਨੂੰ ਉਸ ਨਾਲ ਕੋਈ ਹਮਦਰਦੀ ਨਾ ਜਾਗੀ ਚਾਹੇ ਪੇਂਡੂਆਂ ਦੁਆਰਾ ਲੁੱਟ ਦਾ ਢੰਗ ਵੀ ਮੈਨੂੰ ਗਲਤ ਹੀ ਲੱਗਿਆ।

ਇਸੇ ਸਮੇਂ ਦੌਰਾਨ ਮੇਰੇ ਉੱਤੇ ਇੱਕ ਹੋਰ ਪ੍ਰਭਾਵ ਸਥਾਨਕ ਪ੍ਰਾਇਮਰੀ ਸਕੂਲ ਵਿੱਚ ਆਏ ਇੱਕ 'ਰੈਡੀਕਲ' (ਗਰਮਖਿਆਲੀ) ਅਧਿਆਪਕ ਦਾ ਪਿਆ। ਉਹ ਰੈਡੀਕਲ ਸੀ ਕਿਉਂਕਿ ਉਹ ਧਰਮ ਦੇ ਖਿਲਾਫ਼ ਸੀ ਅਤੇ ਦੇਵਤਿਆਂ ਤੋਂ ਖਹਿੜਾ ਛੁਡਾਉਣ ਲਈ ਕਹਿੰਦਾ ਸੀ। ਉਹ ਲੋਕਾਂ ਨੂੰ ਮੰਦਰਾਂ ਨੂੰ ਸਕੂਲਾਂ ਵਿੱਚ ਬਦਲ ਦੇਣ ਲਈ ਉਕਸਾਉਂਦਾ ਸੀ। ਮੈਂ ਉਸ ਨੂੰ ਪਸੰਦ ਕਰਦਾ ਸੀ ਅਤੇ ਉਸ ਦੇ ਵਿਚਾਰਾਂ ਨਾਲ ਸਹਿਮਤ ਸੀ। ਅਗੜ ਪਿਛੜ ਵਾਪਰੀਆਂ ਇਨ੍ਹਾਂ ਘਟਨਾਵਾਂ ਨੇ ਮੇਰੇ ਜਵਾਨ ਮਨ, ਜੋ ਪਹਿਲਾਂ ਹੀ ਬਾਗੀਆਨਾ ਰੁਚੀਆਂ ਦਾ ਸੀ, ਉਤੇ ਸਦੀਵੀ ਪ੍ਰਭਾਵ ਛੱਡਿਆ। ਇਸ ਸਮੇਂ ਦੌਰਾਨ ਮੈਨੂੰ ਥੋੜ੍ਹੀ ਬਹੁਤ ਸਿਆਸੀ ਸੋਝੀ ਆਉਣ ਲੱਗ ਪਈ ਸੀ।

ਮੇਰੇ ਪਿਤਾ ਨੇ ਮੈਨੂੰ ਇੱਕ ਚੌਲਾਂ ਦੀ ਦੁਕਾਨ ਵਿੱਚ ਕੰਮ ਉੱਤੇ ਲਗਾਉਣ ਦਾ ਫੈਸਲਾ ਕੀਤਾ। ਪਹਿਲਾਂ ਤਾਂ ਮੈਂ ਇਸ ਕੰਮ ਦੇ ਉਲਟ ਨਹੀਂ ਸੀ ਪਰ ਲਗਪੱਗ ਇਸੇ ਸਮੇਂ ਮੈਂ ਇੱਕ ਵੱਖਰੀ ਤਰ੍ਹਾਂ ਦੇ ਨਵੇਂ ਸਕੂਲ ਬਾਰੇ ਸੁਣਿਆ ਅਤੇ ਬਾਪ ਦੀ ਵਿਰੋਧਤਾ ਦੇ ਬਾਵਜੂਦ ਉਥੇ ਜਾਣ ਦਾ ਫੈਸਲਾ ਕਰ ਲਿਆ। ਇਹ ਸਕੂਲ ਉਥੇ ਸੀ ਜਿੱਥੇ ਕਿ

ਮੇਰਾ ਨਾਨਕਾ ਪਰਿਵਾਰ ਰਹਿੰਦਾ ਸੀ। ਮੇਰੇ ਮਾਮੇ ਦਾ ਮੁੰਡਾ ਉਥੇ ਪੜ੍ਹਦਾ ਸੀ ਅਤੇ ਉਸ ਨੇ ਮੈਨੂੰ ਦੱਸਿਆ ਕਿ ਉਥੇ ਸਨਾਤਨੀ ਲਿਖਤਾਂ ਦੀ ਬਜਾਏ ਆਧੁਨਿਕ ਗਿਆਨ ਦੀ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਪੜ੍ਹਾਈ ਵੀ ਨਵੇਂ ਢੰਗਾਂ ਨਾਲ ਹੁੰਦੀ ਹੈ। ਮੇਰੇ ਪਿਤਾ ਨੂੰ ਮੇਰੇ ਦੋਸਤਾਂ ਨੇ ਕਿਹਾ ਕਿ ਉਥੇ ਬਹੁਤ ਉੱਚੀ ਪੜ੍ਹਾਈ ਹੁੰਦੀ ਹੈ ਜਿਸ ਨਾਲ ਮੈਂ ਤਕੜੀ ਕਮਾਈ ਕਰਨ ਵਾਲਾ ਨੌਜਵਾਨ ਬਣ ਜਾਵਾਂਗਾ। ਕਮਾਈ ਵਾਲੀ ਗੱਲ ਸੁਣ ਕੇ ਮੇਰਾ ਪਿਤਾ ਮੇਰੇ ਉਥੇ ਦਾਖਲੇ ਨਾਲ ਸਹਿਮਤ ਹੋ ਗਿਆ ਅਤੇ ਮੈਂ ਨਵੇਂ ਸਕੂਲ ਵਿੱਚ ਫੀਸ ਭਰ ਦਿੱਤੀ। ਉਸ ਸਮੇਂ ਮੇਰੀ ਉਮਰ 16 ਸਾਲ ਦੀ ਸੀ ਅਤੇ ਮੈਂ ਪਹਿਲੀ ਵਾਰ ਘਰ ਤੋਂ ਐਨੀ ਦੂਰ ਰਹਿਣ ਲੱਗਾ ਸੀ।

ਇਸ ਨਵੇਂ ਸਕੂਲ ਵਿੱਚ ਮੈਂ ਵਿਗਿਆਨ ਅਤੇ ਪੱਛਮੀ ਗਿਆਨ ਦੇ ਹੋਰ ਵਿਸ਼ੇ ਪੜ੍ਹ ਸਕਿਆ। ਮੈਂ ਪਹਿਲਾਂ ਕਦੇ ਐਨੇ ਬੱਚੇ ਇਕੱਠੇ ਨਹੀਂ ਦੇਖੇ ਸਨ। ਉਨ੍ਹਾਂ ਵਿਚੋਂ ਬਹੁਤੇ ਜਾਗੀਰਦਾਰਾਂ ਦੇ ਮੁੰਡੇ ਸਨ ਜਿਨ੍ਹਾਂ ਦੇ ਮਹਿੰਗੇ ਮਹਿੰਗੇ ਕੱਪੜੇ ਪਾਏ ਹੁੰਦੇ ਸਨ। ਮੇਰੇ ਦੂਜਿਆਂ ਨਾਲੋਂ ਮਾੜੇ ਕੱਪੜੇ ਪਾਏ ਹੁੰਦੇ ਸਨ, ਮੇਰੇ ਕੋਲ ਤਾਂ ਇੱਕ ਹੀ ਸੂਟ ਚੱਜ ਦਾ ਸੀ। ਮੇਰੇ ਰੱਦੀ ਕੱਪੜਿਆਂ ਕਰਕੇ ਅਮੀਰ ਵਿਦਿਆਰਥੀਆਂ ਵਿਚੋਂ ਕਾਫੀ ਸਾਰੇ ਮੇਰੇ ਨਾਲ ਘ੍ਰਿਣਾ ਕਰਦੇ ਸਨ, ਪਰ ਫੇਰ ਵੀ ਉਨ੍ਹਾਂ ਵਿਚ ਮੇਰੇ ਕਾਫੀ ਦੋਸਤ ਵੀ ਸਨ। ਮੈਨੂੰ ਨਾਪਸੰਦ ਕਰਨ ਦਾ ਇੱਕ ਕਾਰਣ ਇਹ ਵੀ ਸੀ ਕਿ ਮੈਂ ਉਸ ਇਲਾਕੇ ਦਾ ਨਹੀਂ ਸੀ।

ਖੈਰ ਇਥੇ ਮੈਂ ਬਹੁਤ ਕੁਝ ਨਵਾਂ ਪੜ੍ਹਿਆ, ਬਹੁਤ ਕੁਝ ਨਵਾਂ ਸਿੱਖਿਆ। ਕਾਂਗ ਯੂ ਵੇਈ ਦੀ ਸੁਧਾਰਕ ਲਹਿਰ ਬਾਰੇ ਮੇਰੇ ਮਮੇਰੇ ਭਰਾ ਦੁਆਰਾ ਭੇਜੀਆਂ ਦੋ ਕਿਤਾਬਾਂ ਤਾਂ ਮੈਂ ਵਾਰ ਵਾਰ ਪੜ੍ਹ ਕੇ ਯਾਦ ਹੀ ਕਰ ਲਈਆਂ। ਮੈਂ ਆਪਣੇ ਭਰਾ ਦਾ ਬਹੁਤ ਧੰਨਵਾਦੀ ਹੋਇਆ ਕਿ ਉਸ ਨੇ ਮੈਨੂੰ ਇਹ ਕਿਤਾਬਾਂ ਪੜ੍ਹਨ ਲਈ ਦਿੱਤੀਆਂ। ਮੈਂ ਉਸ ਸਮੇਂ ਤੀਕ ਅਜੇ ਬਾਦਸ਼ਾਹਤ ਵਿਰੋਧੀ ਨਹੀਂ ਹੋਇਆ ਸੀ। ਮੈਂ ਬਾਦਸ਼ਾਹ ਅਤੇ ਉਸ ਦੇ ਅਧਿਕਾਰੀਆਂ ਨੂੰ ਚੰਗੇ ਬੰਦੇ ਸਮਝਦਾ ਸੀ ਜਿਨ੍ਹਾਂ ਨੂੰ ਬੱਸ ਕਾਂਗ ਯੂ-ਵੇਈ ਵਾਲੇ ਸੁਧਾਰਾਂ ਨੂੰ ਲਾਗੂ ਕਰਨ ਦੀ ਲੋੜ ਹੈ। ਮੈਂ ਪ੍ਰਾਚੀਨ ਚੀਨ ਦੇ ਬਾਦਸ਼ਾਹਾਂ ਦੀਆਂ ਕਹਾਣੀਆਂ ਤੋਂ ਵੀ ਬਹੁਤ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਬਾਰੇ ਬਹੁਤ ਸਾਰੀਆਂ ਪੁਸਤਕਾਂ ਪੜ੍ਹੀਆਂ। ਇਥੇ ਮੈਂ ਦੂਜੇ ਦੇਸ਼ਾਂ ਦੇ ਇਤਿਹਾਸ ਅਤੇ ਭੂਗੋਲ ਬਾਰੇ ਵੀ ਕੁਝ ਜਾਣਿਆ। ਇਥੇ ਹੀ ਮੈਂ ਇੱਕ ਆਰਟੀਕਲ ਵਿੱਚ ਅਮਰੀਕਾ ਬਾਰੇ ਪਹਿਲੀ ਵਾਰ ਸੁਣਿਆ। 'ਇਤਿਹਾਸ ਦੇ ਮਹਾਂ-ਨਾਇਕ' ਨਾਮ ਦੀ ਪੁਸਤਕ ਵਿੱਚੋਂ ਮੈਂ ਨੈਪੋਲੀਅਨ, ਰੂਸ ਦੀ ਕੈਥਰੀਨ, ਪੀਟਰ ਮਹਾਨ, ਵਲਿੰਗਟਨ, ਗਲੈਡਸਟੋਨ ਅਤੇ ਲਿੰਕਨ ਬਾਰੇ ਪੜ੍ਹਿਆ।

***

# ਚਾਂਗਸ਼ਾ ਵਿੱਚ

ਮੇਰੇ ਵਿੱਚ ਆਪਣੇ ਸੂਬੇ ਦੀ ਰਾਜਧਾਨੀ, ਅਤੇ ਵੱਡੇ ਸ਼ਹਿਰ ਚਾਂਗਸ਼ਾ ਜਾਣ ਦੀ ਇੱਛਾ ਜਾਗ ਪਈ ਜੋ ਕਿ ਮੇਰੇ ਘਰ ਤੋਂ ਸੱਠ ਕੁ ਕਿਲੋਮੀਟਰ ਦੂਰ ਸੀ। ਕਿਹਾ ਜਾਂਦਾ ਸੀ ਕਿ ਇਹ ਬਹੁਤ ਵੱਡਾ ਸ਼ਹਿਰ ਹੈ, ਉਥੇ ਬਹੁਤ ਲੋਕ ਰਹਿੰਦੇ ਹਨ, ਬਹੁਤ ਸਕੂਲ ਹਨ ਅਤੇ ਗਵਰਨਰ ਦਾ ਦਫ਼ਤਰ ਹੈ। ਮੈਂ ਉਥੇ ਸਕੂਲ ਵਿੱਚ ਦਾਖਲ ਹੋਣਾ ਚਾਹੁੰਦਾ ਸੀ। ਮੈਂ ਆਪਣੇ ਇੱਕ ਅਧਿਆਪਕ ਨੂੰ ਉਥੇ ਮੇਰੀ ਜਾਣ ਪਛਾਣ ਕਰਵਾਉਣ ਲਈ ਕਿਹਾ। ਅਧਿਆਪਕ ਮੰਨ ਗਿਆ ਅਤੇ ਮੈਂ ਬਹੁਤ ਉਤਸ਼ਾਹ ਨਾਲ ਚਾਂਗਸ਼ਾ ਵੱਲ ਚੱਲ ਪਿਆ। ਉਂਜ ਮੈਨੂੰ ਡਰ ਲੱਗ ਰਿਹਾ ਸੀ ਕਿ ਉਹ ਮੈਨੂੰ ਉਥੇ ਵੜਨ ਨਹੀਂ ਦੇਣਗੇ, ਸਕੂਲ ਵਿੱਚ ਦਾਖਲੇ ਦੀ ਤਾਂ ਆਸ ਹੀ ਨਹੀਂ ਜਾਗ ਰਹੀ ਸੀ। ਪਰ ਮੈਨੂੰ ਹੈਰਾਨੀ ਹੋਈ ਜਦ ਉਨ੍ਹਾਂ ਮੈਨੂੰ ਬਗੈਰ ਕਿਸੇ ਮੁਸ਼ਕਿਲ ਦੇ ਉਥੇ ਦਾਖਲ ਕਰ ਲਿਆ।

ਉਥੇ ਮੈਂ ਪਹਿਲੀ ਵਾਰ ਅਖ਼ਬਾਰ ਪੜ੍ਹਿਆ। ***ਲੋਕ ਸ਼ਕਤੀ*** ਨਾਂ ਦਾ ਇਹ ਅਖ਼ਬਾਰ ਕੌਮੀ ਇਨਕਲਾਬੀ ਪੇਪਰ ਸੀ ਜਿਸ ਵਿੱਚ ਮਾਂਚੂ ਰਾਜ ਘਰਾਣੇ ਖਿਲਾਫ਼ ਕੈਂਟਨ ਵਿਦਰੋਹ ਦੇ ਵੇਰਵੇ ਸਨ ਜਿਨ੍ਹਾਂ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਇਥੇ ਹੀ ਮੈਨੂੰ ਸੁਨ ਯੱਤ-ਸੇਨ ਅਤੇ ਉਸਦੀ ਜਥੇਬੰਦੀ ਦੇ ਪ੍ਰੋਗਰਾਮ ਬਾਰੇ ਪਤਾ ਚੱਲਿਆ। ਦੇਸ਼ ਪਹਿਲੀ ਕ੍ਰਾਂਤੀ ਦੀਆਂ ਬਰੂਹਾਂ 'ਤੇ ਸੀ। ਮੈਂ ਜੋਸ਼ ਵਿੱਚ ਇੱਕ ਆਰਟੀਕਲ ਲਿਖਿਆ ਅਤੇ ਸਕੂਲ ਦੀ ਕੰਧ 'ਤੇ ਚਿਪਕਾ ਦਿੱਤਾ। ਇਹ ਮੇਰਾ ਪਹਿਲਾ ਸਿਆਸੀ ਲੇਖ ਸੀ ਜੋ ਭੰਬਲਭੂਸੇ ਨਾਲ ਭਰਿਆ ਹੋਇਆ ਸੀ।

ਇਸ ਦੌਰਾਨ ਇੱਕ ਰੇਲਵੇ ਲਾਈਨ ਬਨਾਉਣ ਵਿੱਚ ਵਿਦੇਸ਼ੀ ਪੂੰਜੀ ਲਗਾਉਣ ਖਿਲਾਫ਼ ਲਹਿਰ ਸ਼ੁਰੂ ਹੋ ਗਈ ਅਤੇ ਨਾਲ ਹੀ ਦੇਸ਼ ਵਿੱਚ ਇੱਕ ਪਾਰਲੀਮੈਂਟ ਬਨਾਉਣ ਲਈ ਮੰਗ ਸਾਰੇ ਫੈਲ ਗਈ। ਇਸ ਦੇ ਉੱਤਰ ਵਿੱਚ ਬਾਦਸ਼ਾਹ ਨੇ ਕੇਵਲ ਇੱਕ ਸਲਾਹਕਾਰ ਕੌਂਸਲ ਬਨਾਉਣ ਦੇ ਹੁਕਮ ਜਾਰੀ ਕੀਤੇ। ਮੇਰੇ ਸਕੂਲ ਦੇ ਵਿਦਿਆਰਥੀਆਂ ਵਿੱਚ ਰੋਹ ਵਧਦਾ ਗਿਆ। ਉਨ੍ਹਾਂ ਨੇ ਮਾਂਚੂ ਰਾਜਘਰਾਣੇ ਖਿਲਾਫ਼ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਅ ਆਪਣੀਆਂ ਗੁਤਨੀਆਂ ਕਟਵਾ ਕੇ ਕੀਤਾ। ਮੈਂ ਅਤੇ ਮੇਰੇ ਇੱਕ ਦੋਸਤ ਨੇ ਆਪਣੀਆਂ ਗੁਤਨੀਆਂ ਕੱਟ ਦਿੱਤੀਆਂ ਪਰ ਬਾਕੀ ਇਸ ਐਕਸ਼ਨ ਤੋਂ

ਪੈਰ ਪਿਛਾਂਹ ਖਿੱਚ ਗਏ। ਮੈਂ ਅਤੇ ਮੇਰੇ ਦੋਸਤ ਨੇ ਉਨ੍ਹਾਂ 'ਤੇ ਗੁਪਤ ਹਮਲੇ ਸ਼ੁਰੂ ਕਰ ਦਿੱਤੇ ਅਤੇ ਧੱਕੇ ਨਾਲ ਉਨ੍ਹਾਂ ਦੀਆਂ ਗੁੱਤਾਂ ਕੱਟਣ ਲੱਗੇ, ਦਸ ਤੋਂ ਵੱਧ ਜਣਿਆਂ ਦੀਆਂ ਗੁੱਤਾਂ ਸਾਡੀ ਕੈਂਚੀ ਦੀਆਂ ਸ਼ਿਕਾਰ ਹੋ ਗਈਆਂ। ਇਸ ਮੁੱਦੇ 'ਤੇ ਕਾਨੂੰਨ ਵਿਭਾਗ ਦੇ ਇੱਕ ਮਿੱਤਰ ਨਾਲ ਬਹਿਸ ਹੋ ਗਈ ਅਤੇ ਅਸੀਂ ਇੱਕ ਦੂਜੇ ਦੇ ਵਿਰੁੱਧ ਦਲੀਲਾਂ ਦੇਣ ਲੱਗੇ। ਕਾਨੂੰਨੀ ਵਿਦਿਆਰਥੀ ਦਾ ਕਹਿਣਾ ਸੀ ਕਿ ਸਾਡਾ ਸਰੀਰ, ਚਮੜੀ, ਵਾਲ ਅਤੇ ਨਹੁੰ ਸਾਡੇ ਮਾਪਿਆਂ ਦੀ ਵਿਰਾਸਤ ਹੁੰਦੇ ਹਨ ਅਤੇ ਇਨ੍ਹਾਂ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ। ਇਸ ਦੇ ਲਈ ਉਸ ਨੇ ਸਨਾਤਨੀ ਧਾਰਮਿਕ ਗ੍ਰੰਥਾਂ ਵਿਚੋਂ ਟੂਕਾਂ ਦਿੱਤੀਆਂ। ਮੈਂ ਅਤੇ ਹੋਰ ਗੁਤਨੀ-ਵਿਰੋਧੀਆਂ ਨੇ ਮਾਂਚੂ ਵਿਰੋਧੀ ਸਿਆਸਤ ਦੇ ਆਧਾਰ 'ਤੇ ਇਸ ਦੇ ਉਲਟ ਥਿਉਰੀ ਪੇਸ਼ ਕੀਤੀ ਅਤੇ ਉਸ ਨੂੰ ਚੁੱਪ ਕਰਾ ਦਿੱਤਾ।*

1911 ਦੀ ਵੂਹਾਨ ਬਗਾਵਤ ਸ਼ੁਰੂ ਹੋ ਜਾਣ ਬਾਅਦ ਸਿਆਸੀ ਮਾਹੌਲ ਤੇਜੀ ਨਾਲ ਬਦਲ ਗਿਆ। ਇੱਕ ਦਿਨ ਸਾਡੇ ਸਕੂਲ ਵਿੱਚ ਇੱਕ ਇਨਕਲਾਬੀ ਆਇਆ ਜਿਸ ਨੇ ਸਾਨੂੰ ਹਲੂਣ ਦੇਣ ਵਾਲਾ ਭਾਸ਼ਨ ਦਿੱਤਾ ਜੋ ਉਤਸ਼ਾਹ ਨਾਲ ਭਰੇ ਵਿਦਿਆਰਥੀਆਂ ਨੇ ਬੜੇ ਧਿਆਨ ਨਾਲ ਸੁਣਿਆ। ਇਹ ਭਾਸ਼ਣ ਸੁਣਨ ਤੋਂ ਚਾਰ ਪੰਜ ਦਿਨ ਬਾਅਦ ਮੈਂ ਉਨ੍ਹਾਂ ਦੀ ਇਨਕਲਾਬੀ ਫੌਜ ਵਿੱਚ ਭਰਤੀ ਹੋਣ ਦਾ ਨਿਸਚਾ ਕਰ ਲਿਆ। ਮੈਂ ਅਤੇ ਮੇਰੇ ਦੋਸਤਾਂ ਨੇ ਹੈਂਕੋ** ਜਾਣ ਦਾ ਫੈਸਲਾ ਕੀਤਾ। ਮੈਂ ਸੁਣਿਆ ਸੀ ਕਿ ਹੈਂਕੋ ਵਿੱਚ ਚਿੱਕੜ ਬਹੁਤ ਹੈ ਅਤੇ ਉਥੇ ਜਾਣ ਲਈ ਮੀਂਹ ਵਾਲੇ ਬੂਟ ਜਰੂਰੀ ਹਨ। ਮੈਂ ਇਹ ਬੂਟ ਲੈਣ ਲਈ ਆਪਣੇ ਇੱਕ ਫੌਜੀ ਮਿੱਤਰ ਵੱਲ ਗਿਆ ਜੋ ਸ਼ਹਿਰ ਤੋਂ ਬਾਹਰ ਤਾਇਨਾਤ ਸੀ ਪਰ ਮੈਨੂੰ ਚੌਂਕੀ ਦੇ ਪਹਿਰੇਦਾਰਾਂ ਨੇ ਰੋਕ ਲਿਆ। ਬਾਗੀ ਸ਼ਹਿਰ ਵੱਲ ਵਧਦੇ ਆ ਰਹੇ ਸਨ ਅਤੇ ਉਨ੍ਹਾਂ ਨੇ ਸ਼ਹਿਰ ਦੇ ਗੇਟ ਖੋਲ੍ਹ ਦਿੱਤੇ ਸਨ। ਮੈਂ ਵੀ ਇੱਕ ਗੇਟ ਰਾਹੀਂ ਮੁੜ ਸ਼ਹਿਰ ਦੇ ਅੰਦਰ ਆ ਗਿਆ ਅਤੇ ਵੇਖਿਆ ਕਿ ਉਨ੍ਹਾਂ ਨੇ ਹੈਡਕੁਆਰਟਰ ਉੱਤੇ ਆਪਣਾ ਝੰਡਾ ਝੁਲਾਅ ਦਿੱਤਾ ਹੈ। ਪਰ ਨਵਾਂ ਗਵਰਨਰ ਅਤੇ ਉਸ ਦਾ ਡਿਪਟੀ ਬਹੁਤਾ ਸਮਾਂ ਨਾ ਚੱਲ ਸਕੇ। ਥੋੜ੍ਹੇ ਦਿਨਾਂ ਬਾਅਦ ਜਦ ਮੈਂ ਆਪਣੇ ਇੱਕ ਦੋਸਤ ਕੋਲ ਜਾ ਰਿਹਾ ਸੀ ਤਾਂ ਮੈਂ ਉਨ੍ਹਾਂ ਦੀਆਂ ਲਾਸ਼ਾਂ ਗਲੀ ਵਿੱਚ ਪਈਆਂ ਹੋਈਆਂ ਦੇਖੀਆਂ। ਉਹ ਮਾੜੇ ਆਦਮੀ ਨਹੀਂ ਸਨ, ਕੁਝ ਇਨਕਲਾਬੀ ਇਰਾਦੇ ਵੀ

---

** ਕੁਝ ਕਨਫਿਊਸ਼ੀਅਸ ਰੂੜ੍ਹੀਵਾਦੀਆਂ ਦਾ ਮੱਤ ਸੀ ਕਿ ਆਦਮੀ ਨੂੰ ਕੁਦਰਤ ਵਿੱਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ, ਸੋ ਵਾਲਾਂ ਅਤੇ ਨਹੁੰਆਂ ਨੂੰ ਨਹੀਂ ਕੱਟਣਾ ਚਾਹੀਦਾ। ਇਸ ਕਰਕੇ ਬਹੁਤ ਸਾਰੇ ਚੀਨੀ ਲੋਕ ਆਪਣੇ ਵਾਲਾਂ ਦੀ ਪਿੱਛੇ ਗੁੱਤ ਜਿਹੀ ਕਰ ਲੈਂਦੇ ਸਨ। ਪਰ ਬਾਅਦ ਵਿੱਚ ਇਹ ਰਾਜਘਰਾਣੇ ਪ੍ਰਤੀ ਵਫ਼ਾਦਾਰੀ ਦਾ ਚਿੰਨ੍ਹ ਬਣ ਗਿਆ ਜਿਸ ਕਰਕੇ 1911 ਦੇ ਇਨਕਲਾਬ ਬਾਅਦ ਅਜਿਹੀ ਗੁਤਨੀ ਰੱਖਣ 'ਤੇ ਪਾਬੰਦੀ ਲਗਾ ਦਿੱਤੀ ਗਈ।*

*** ਹੈਂਕੋ – ਵੂਹਾਨ ਸ਼ਹਿਰ ਦਾ ਉਪਨਗਰ ਸੀ, ਜਿੱਥੇ 1911 ਦੀ ਬਗਾਵਤ ਸ਼ੁਰੂ ਹੋਈ ਸੀ।*

ਰਖਦੇ ਸਨ ਪਰ ਉਹ ਗਰੀਬ ਸਨ ਅਤੇ ਦਬੇ ਕੁਚਲੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਸਨ। ਸੋ ਜਾਗੀਰਦਾਰ ਅਤੇ ਵਪਾਰੀ ਉਨ੍ਹਾਂ ਤੋਂ ਅਸਤੁੰਸ਼ਟ ਸਨ ਅਤੇ ਉਨ੍ਹਾਂ ਨੇ ਤਾਨ ਯੇਨ ਕਾਈ ਦੀ ਅਗਵਾਈ ਵਿੱਚ ਉਨ੍ਹਾਂ ਨੂੰ ਲਾਹ ਕੇ ਖਤਮ ਕਰ ਦਿੱਤਾ।

ਬਹੁਤ ਸਾਰੇ ਵਿਦਿਆਰਥੀ ਫੌਜ ਵਿੱਚ ਭਰਤੀ ਹੋ ਰਹੇ ਸਨ ਅਤੇ ਮੈਂ ਵੀ ਇਨਕਲਾਬ ਨੂੰ ਸੰਪੂਰਨ ਕਰਨ ਲਈ ਰੈਗੂਲਰ ਆਰਮੀ ਵਿੱਚ ਭਰਤੀ ਹੋਣ ਦਾ ਫੈਸਲਾ ਕੀਤਾ। ਉਥੇ ਮੇਰੀ ਤਨਖਾਹ 7 ਯੂਆਨ ਸੀ, ਜੋ ਮੇਰੀ ਹੁਣ ਦੀ ਲਾਲ ਫੌਜ ਦੀ ਤਨਖ਼ਾਹ ਨਾਲੋਂ ਜਿਆਦਾ ਸੀ। ਇਸ ਵਿਚੋਂ ਦੋ ਯੁਆਨ ਮੇਰਾ ਮਹੀਨੇ ਦਾ ਭੋਜਨ ਦਾ ਖਰਚਾ ਸੀ ਅਤੇ ਕੁਝ ਪਾਣੀ ਲਈ ਖਰਚ ਕਰਨਾ ਪੈਂਦਾ ਸੀ। ਮੇਰੀ ਬਾਕੀ ਸਾਰੀ ਤਨਖਾਹ ਅਖ਼ਬਾਰ ਰਸਾਲੇ ਖਰੀਦਣ 'ਚ ਹੀ ਖਰਚ ਹੁੰਦੀ। ਉਨ੍ਹਾਂ ਰਸਾਲਿਆਂ ਵਿਚੋਂ ਇੱਕ 'ਸਿਆਂਗ ਨਦੀ ਖ਼ਬਰਨਾਮਾ' ਸੀ ਜਿਸ ਵਿੱਚ ਸਮਾਜਵਾਦ ਬਾਰੇ ਵਿਚਾਰਾਂ ਕੀਤੀਆਂ ਹੁੰਦੀਆਂ ਸਨ ਅਤੇ ਇਥੋਂ ਹੀ ਮੈਨੂੰ ਇਸ (ਭਾਵ ਸਮਾਜਵਾਦ) ਬਾਰੇ ਜਾਣਕਾਰੀ ਮਿਲੀ। ਮੈਂ ਇਸ ਸਮਾਜਵਾਦ, ਜੋ ਕਿ ਅਸਲ ਵਿੱਚ ਸਮਾਜਿਕ-ਸੁਧਾਰਵਾਦ ਸੀ, ਬਾਰੇ ਵਿਦਿਆਰਥੀਆਂ ਅਤੇ ਫੌਜੀਆਂ ਨਾਲ ਵਿਚਾਰਾਂ ਕੀਤੀਆਂ। ਮੈਂ ਪੂਰੇ ਉਤਸ਼ਾਹ ਨਾਲ ਇਸ ਵਿਸ਼ੇ ਬਾਰੇ ਆਪਣੇ ਕਈ ਜਮਾਤੀਆਂ ਨੂੰ ਪੱਤਰ ਲਿਖੇ, ਪਰ ਉਨ੍ਹਾਂ ਵਿਚੋਂ ਕੇਵਲ ਇੱਕ ਨੇ ਹੀ ਸਹਿਮਤੀ ਵਾਲਾ ਹੁੰਗਾਰਾ ਭਰਿਆ।

ਖੈਰ ਇਸ ਇਨਕਲਾਬ ਦਾ ਕੋਈ ਠੋਸ ਸਿੱਟਾ ਅਜੇ ਸਪਸ਼ਟ ਨਹੀਂ ਹੋਇਆ ਸੀ। ਬਾਦਸ਼ਾਹ ਨੇ ਅਜੇ ਪੂਰੀ ਤਰ੍ਹਾਂ ਸੱਤਾ ਨਹੀਂ ਛੱਡੀ ਸੀ ਅਤੇ ਕੌਮਿਨਤਾਂਗ ਵਿੱਚ ਵੀ ਅਗਵਾਈ ਲਈ ਸੰਘਰਸ਼ ਚੱਲ ਰਿਹਾ ਸੀ। ਇਸ ਦੌਰਾਨ ਸੁਨ ਯੱਤ-ਸੇਨ ਅਤੇ ਮਾਂਚੂ ਰਾਜਿਆਂ ਦੇ ਸਾਬਕਾ ਫੌਜ ਮੁਖੀ ਯੁਆਨ ਸ਼ੀ-ਕਾਈ ਵਿਚਕਾਰ ਸਮਝੌਤਾ ਹੋ ਗਿਆ ਅਤੇ ਹੋਰ ਜੰਗ ਟਲ ਗਈ। ਮੇਰਾ ਵਿਚਾਰ ਬਣਿਆ ਕਿ ਇਨਕਲਾਬ ਵਾਲਾ ਕੰਮ ਹੁਣ ਖਤਮ ਹੋ ਗਿਆ ਹੈ ਸੋ ਮੈਂ ਫੌਜ ਵਿਚੋਂ ਅਸਤੀਫ਼ਾ ਦੇ ਦਿੱਤਾ ਅਤੇ ਆਪਣੀ ਪੜ੍ਹਾਈ ਵੱਲ ਮੁੜਨ ਦਾ ਫੈਸਲਾ ਕੀਤਾ।"

ਇਸ ਤੋਂ ਬਾਅਦ ਸਵਾਲ ਇਹ ਸੀ ਕਿ ਅਗਲੀ ਪੜ੍ਹਾਈ ਕਿਹੋ ਜਿਹੀ ਕੀਤੀ ਜਾਵੇ ਅਤੇ ਇਸ ਲਈ ਕਿੱਥੇ ਦਾਖਲਾ ਲਿਆ ਜਾਵੇ। ਇਸ ਬਾਰੇ ਮਾਓ ਜੇ ਤੁੰਗ ਬੜਾ ਦਿਲਚਸਪ ਵਰਣਨ ਕਰਦਾ ਹੈ -

"ਮੈਂ ਅਖ਼ਬਾਰਾਂ ਵਿੱਚ ਵਿਦਿਅਕ ਅਦਾਰਿਆਂ ਦੇ ਇਸ਼ਤਿਹਾਰ ਦੇਖਣ ਲੱਗ ਪਿਆ। ਮੇਰੇ ਕੋਲ ਚੰਗੇ ਸਕੂਲ ਨੂੰ ਲੱਭਣ ਲਈ ਕੋਈ ਵਿਸ਼ੇਸ਼ ਮਾਪਦੰਡ ਨਹੀਂ ਸਨ ਅਤੇ ਨਾ ਹੀ ਮੈਨੂੰ ਠੀਕ ਠੀਕ ਪਤਾ ਸੀ ਕਿ ਮੈਂ ਕੀ ਕਰਨਾ ਚਾਹੁੰਦਾ ਹਾਂ। ਪੁਲੀਸ ਸਕੂਲ ਦਾ ਇੱਕ ਇਸ਼ਤਿਹਾਰ ਮੇਰੀ ਨਿਗ੍ਹਾ ਵਿੱਚ ਆਇਆ ਅਤੇ ਮੈਂ ਇਸ ਵਿੱਚ ਦਾਖਲੇ ਲਈ ਅਰਜੀ ਦੇ ਦਿੱਤੀ। ਇਸ ਤੋਂ ਪਹਿਲਾਂ ਕਿ ਮੇਰਾ ਟੈਸਟ ਹੁੰਦਾ ਮੈਂ ਇੱਕ

ਸਾਬਣ ਬਨਾਉਣ ਵਾਲੇ ਸਕੂਲ ਦਾ ਇਸ਼ਤਿਹਾਰ ਪੜ੍ਹ ਲਿਆ। ਇਥੇ ਕੋਈ ਟਿਊਸ਼ਨ ਫੀਸ ਨਹੀਂ ਸੀ, ਰਹਿਣ ਦਾ ਵੀ ਇੰਤਜ਼ਾਮ ਸੀ ਅਤੇ ਥੋੜ੍ਹੀ ਜਿਹੀ ਤਨਖਾਹ ਦਾ ਵੀ ਵਾਅਦਾ ਸੀ। ਇਹ ਬਹੁਤ ਖਿੱਚ ਪਾਊ ਅਤੇ ਉਤਸ਼ਾਹ ਪੂਰਨ ਇਸ਼ਤਿਹਾਰ ਸੀ। ਇਸ ਵਿੱਚ ਸਾਬਣ ਬਨਾਉਣ ਦੇ ਸਮਾਜਿਕ ਫਾਇਦਿਆਂ ਬਾਰੇ ਦੱਸਿਆ ਗਿਆ ਸੀ ਅਤੇ ਲਿਖਿਆ ਕਿ ਇਹ ਦੇਸ਼ ਨੂੰ ਖੁਸ਼ਹਾਲ ਕਰ ਦੇਵੇਗਾ। ਮੈਂ ਪੁਲੀਸ ਸਕੂਲ ਵੱਲੋਂ ਆਪਣਾ ਇਰਾਦਾ ਬਦਲ ਲਿਆ ਅਤੇ ਸਾਬਣ ਬਨਾਉਣ ਵਾਲਾ ਬਨਣ ਦਾ ਫੈਸਲਾ ਕਰ ਲਿਆ। ਮੈਂ ਇੱਕ ਡਾਲਰ ਦੀ ਰਜਿਸਟ੍ਰੇਸ਼ਨ ਫੀਸ ਇਥੇ ਵੀ ਭਰ ਦਿੱਤੀ।

ਇਸੇ ਦੌਰਾਨ ਮੇਰਾ ਇੱਕ ਦੋਸਤ ਕਾਨੂੰਨ ਦਾ ਵਿਦਿਆਰਥੀ ਬਣ ਚੁੱਕਾ ਸੀ ਅਤੇ ਉਸ ਨੇ ਮੈਨੂੰ ਆਪਣੇ ਸਕੂਲ ਵਿੱਚ ਦਾਖਲ ਹੋਣ ਲਈ ਉਕਸਾਇਆ। ਮੈਂ ਵੀ ਇਸ ਲਾਅ ਸਕੂਲ ਬਾਰੇ ਬਹੁਤ ਖਿੱਚ ਪਾਊ ਇਸ਼ਤਿਹਾਰ ਪੜ੍ਹਿਆ ਜਿਸ ਵਿੱਚ ਵਾਅਦਾ ਕੀਤਾ ਗਿਆ ਕਿ ਉਹ ਵਿਦਿਆਰਥੀਆਂ ਨੂੰ ਤਿੰਨ ਸਾਲ ਵਿੱਚ ਸਾਰਾ ਕਾਨੂੰਨ ਪੜ੍ਹਾ ਦੇਣਗੇ ਅਤੇ ਪੜ੍ਹਾਈ ਖਤਮ ਹੁੰਦੇ ਹੀ ਉਹ ਚੀਨੀ ਸਿਵਲ ਸਰਵਿਸਜ਼ ਵਿੱਚ ਅਫ਼ਸਰ ਬਣ ਜਾਣਗੇ। ਮੇਰਾ ਮਿੱਤਰ ਇਸ ਦੀ ਪ੍ਰਸੰਸਾ ਕਰਦਾ ਹੀ ਰਿਹਾ ਜਦ ਤੱਕ ਮੈਂ ਆਪਣੇ ਮਾਪਿਆਂ ਨੂੰ ਸਕੂਲ ਦੇ ਇਸ਼ਤਿਹਾਰ ਵਿਚਲੇ ਸਾਰੇ ਵਾਅਦਿਆਂ ਦਾ ਵਰਣਨ ਕਰਦਾ ਇੱਕ ਪੱਤਰ ਨਾ ਲਿਖ ਦਿੱਤਾ ਜਿਸ ਵਿੱਚ ਮੈਂ ਉਨ੍ਹਾਂ ਨੂੰ ਇਸ ਸਕੂਲ ਦੀ ਫੀਸ ਭੇਜਣ ਲਈ ਕਹਿ ਦਿੱਤਾ। ਮੈਂ ਉਨ੍ਹਾਂ ਕੋਲ ਕਾਨੂੰਨਦਾਨ ਅਤੇ ਅਫਸਰ ਵਜੋਂ ਆਪਣੇ ਭਵਿੱਖ ਦਾ ਸ਼ਾਨਦਾਰ ਚਿੱਤਰ ਖਿੱਚਿਆ। ਤਦ ਮੈਂ ਇਸ ਲਾਅ ਸਕੂਲ ਵਿੱਚ ਵੀ ਰਜਿਸਟ੍ਰੇਸ਼ਨ ਲਈ ਇੱਕ ਡਾਲਰ ਭਰ ਦਿੱਤਾ ਅਤੇ ਮਾਪਿਆਂ ਦੇ ਜਵਾਬ ਦੀ ਉਡੀਕ ਕਰਨ ਲੱਗਾ।

ਇੱਕ ਵਾਰ ਫੇਰ ਕਿਸੇ ਕਮਰਸ਼ੀਅਲ ਸਕੂਲ ਦੇ ਇੱਕ ਇਸ਼ਤਿਹਾਰ ਨੇ ਇਸ ਯੋਜਨਾ ਵਿੱਚ ਦਖਲ ਅੰਦਾਜ਼ੀ ਕਰ ਦਿੱਤੀ। ਇੱਕ ਹੋਰ ਦੋਸਤ ਨੇ ਸਲਾਹ ਦਿੱਤੀ ਕਿ ਦੇਸ਼ ਆਰਥਿਕ ਲੜਾਈ ਲੜ ਰਿਹਾ ਹੈ ਅਤੇ ਦੇਸ਼ ਨੂੰ ਸਭ ਤੋਂ ਵੱਧ ਜਰੂਰਤ ਆਰਥਿਕ ਮਾਹਿਰਾਂ ਦੀ ਹੈ ਜੋ ਦੇਸ਼ ਦੀ ਆਰਥਿਕਤਾ ਨੂੰ ਕਾਇਮ ਕਰ ਸਕਣ। ਉਸ ਦੀ ਦਲੀਲ ਵੀ ਜਚ ਗਈ ਅਤੇ ਮੈਂ ਇਸ ਸਕੂਲ ਲਈ ਇੱਕ ਹੋਰ ਡਾਲਰ ਭਰ ਦਿੱਤਾ, ਇਥੇ ਉਨ੍ਹਾਂ ਮੈਨੂੰ ਦਾਖਲ ਵੀ ਕਰ ਲਿਆ। ਫਿਰ ਵੀ ਮੈਂ ਇਸ਼ਤਿਹਾਰ ਪੜ੍ਹਨੇ ਜਾਰੀ ਹੀ ਰੱਖੇ ਅਤੇ ਇੱਕ ਦਿਨ ਮੈਂ ਇੱਕ ਸਰਕਾਰੀ ਕਮਰਸ਼ੀਅਲ ਸਕੂਲ ਦੀਆਂ ਸਿਫਤਾਂ ਵਾਲਾ ਇਸ਼ਤਿਹਾਰ ਪੜ੍ਹਿਆ। ਇਸ ਦਾ ਸਿਲੇਬਸ ਬਹੁਤ ਖੁੱਲ੍ਹਾ ਸੀ ਅਤੇ ਮੈਂ ਸੁਣਿਆ ਕਿ ਉਥੇ ਪੜ੍ਹਾਉਣ ਵਾਲੇ ਵੀ ਬਹੁਤ ਕਾਬਲ ਅਧਿਆਪਕ ਹਨ। ਮੈਂ ਫੈਸਲਾ ਕੀਤਾ ਕਿ ਇਥੇ ਪੜ੍ਹ ਕੇ ਵਣਜ ਮਾਹਿਰ ਬਣਨਾ ਵਧੇਰੇ ਠੀਕ ਰਹੇਗਾ। ਸੋ ਮੈਂ ਇੱਕ ਡਾਲਰ ਭਰ ਕੇ ਰਜਿਸਟਰਡ ਹੋ ਗਿਆ ਅਤੇ ਆਪਣੇ ਪਿਤਾ ਨੂੰ ਇਸ ਨਵੇਂ ਫੈਸਲੇ ਬਾਰੇ ਪੱਤਰ ਲਿਖ ਦਿੱਤਾ। ਮੇਰਾ ਪਿਉ ਪੂਰਾ ਖੁਸ਼ ਹੋ ਗਿਆ ਕਿਉਂਕਿ ਉਹ ਤਾਂ ਚਾਹੁੰਦਾ ਹੀ ਸੀ ਕਿ ਮੈਂ ਵਣਜ ਵਪਾਰ

ਦੇ ਹੱਥਕੰਡੇ ਸਿੱਖਾਂ। ਮੈਂ ਇਸ ਸਕੂਲ ਵਿੱਚ ਦਾਖਲ ਹੋ ਗਿਆ ਅਤੇ ਉਥੇ ਪੜ੍ਹਨ ਲੱਗਾ – ਪਰ ਸਿਰਫ ਇੱਕ ਮਹੀਨੇ ਲਈ।

ਇਸ ਨਵੇਂ ਸਕੂਲ ਵਿੱਚ ਸਮੱਸਿਆ ਅੰਗਰੇਜ਼ੀ ਦੀ ਸੀ। ਬਹੁਤੇ ਕੋਰਸ ਅੰਗਰੇਜ਼ੀ ਵਿੱਚ ਹੀ ਪੜ੍ਹਾਏ ਜਾਂਦੇ ਸਨ ਅਤੇ ਅੰਗਰੇਜ਼ੀ ਵੱਲੋਂ ਮੇਰਾ ਹੱਥ ਬਾਹਲਾ ਹੀ ਤੰਗ ਸੀ। ਹੋਰ ਮਸਲਾ ਇਹ ਸੀ ਕਿ ਸਕੂਲ ਵਿੱਚ ਕੋਈ ਅੰਗਰੇਜ਼ੀ ਅਧਿਆਪਕ ਵੀ ਨਹੀਂ ਸੀ। ਇਸ ਸਥਿਤੀ ਤੋਂ ਨਿਰਾਸ਼ ਹੋ ਕੇ ਮਹੀਨੇ ਦੇ ਅੰਤ ’ਤੇ ਮੈਂ ਸਕੂਲ ਛੱਡ ਦਿੱਤਾ ਅਤੇ ਫਿਰ ਇਸ਼ਤਿਹਾਰਾਂ ਦੇ ਮਗਰ ਪੈ ਗਿਆ।

ਪੜ੍ਹਾਈ ਵਿੱਚ ਮੇਰਾ ਅਗਲਾ ਮਾਅਰਕਾ ਇੱਕ ਸੂਬਾਈ ਮਿਡਲ ਸਕੂਲ ਵਿੱਚ ਦਾਖਲ ਹੋਣਾ ਸੀ। ਮੈਂ ਦਾਖਲਾ ਪ੍ਰੀਖਿਆ ਦਿੱਤੀ ਅਤੇ ਪਹਿਲੇ ਸਥਾਨ ’ਤੇ ਰਹਿ ਕੇ ਪਾਸ ਕਰ ਲਈ। ਇਹ ਬਹੁਤ ਵੱਡਾ ਸਕੂਲ ਸੀ। ਇੱਕ ਚੀਨੀ ਅਧਿਆਪਕ ਨੇ ਮੇਰੀ ਬਹੁਤ ਮਦਦ ਕੀਤੀ ਕਿਉਂਕਿ ਉਹ ਮੇਰੀਆਂ ਸਾਹਿਤਕ ਰੁਚੀਆਂ ਤੋਂ ਪ੍ਰਭਾਵਿਤ ਹੋ ਗਿਆ ਸੀ। ਉਸ ਨੇ ਮੈਨੂੰ ਇਤਿਹਾਸ ਵਿੱਚ ਜਾਰੀ ਹੋਈਆਂ ਸ਼ਾਹੀ ਸੂਚਨਾਵਾਂ ਅਤੇ ਉਨ੍ਹਾਂ ਦੀ ਆਲੋਚਨਾ ਬਾਰੇ ਇੱਕ ਕਿਤਾਬ ਵੀ ਪੜ੍ਹਨ ਨੂੰ ਦਿੱਤੀ। ਪਰ ਮੈਨੂੰ ਇਹ ਸਕੂਲ ਵੀ ਪਸੰਦ ਨਾ ਆਇਆ ; ਇਸ ਦਾ ਸਿਲੇਬਸ ਬੜਾ ਸੀਮਿਤ ਜਿਹਾ ਸੀ ਅਤੇ ਕਾਇਦੇ ਕਾਨੂੰਨ ਇਤਰਾਜਯੋਗ ਸਨ। ਅਧਿਆਪਕ ਵੱਲੋਂ ਦਿੱਤੀ ਕਿਤਾਬ ਪੜ੍ਹਨ ਉਪਰੰਤ ਮੈਂ ਇਸ ਸਿੱਟੇ ’ਤੇ ਪਹੁੰਚਿਆ ਕਿ ਮੇਰੇ ਲਈ ਇਕੱਲੇ ਰਹਿ ਕੇ ਪੜ੍ਹਨਾ ਅਤੇ ਅਧਿਐਨ ਕਰਨਾ ਵਧੇਰੇ ਠੀਕ ਰਹੇਗਾ। ਛੇ ਮਹੀਨੇ ਬਾਅਦ ਮੈਂ ਸਕੂਲ ਛੱਡ ਦਿੱਤਾ ਅਤੇ ਆਪਣੇ ਅਧਿਐਨ ਲਈ ਖ਼ੁਦ ਰਸਤਾ ਤਹਿ ਕਰ ਲਿਆ ਜਿਸ ਵਿੱਚ ਹਰ ਰੋਜ ਹੂਨਾਨ ਸਟੇਟ ਲਾਇਬ੍ਰੇਰੀ ਵਿੱਚ ਜਾ ਕੇ ਪੜ੍ਹਨਾ ਸ਼ਾਮਲ ਸੀ। ਮੈਂ ਇਸ ਬਾਰੇ ਬਹੁਤ ਸੁਚੇਤ ਅਤੇ ਰੈਗੂਲਰ ਸੀ ਅਤੇ ਜੋ ਛੇ ਮਹੀਨੇ ਇਸ ਤਰ੍ਹਾਂ ਦੀ ਪੜ੍ਹਾਈ ਵਿੱਚ ਖਰਚ ਕੀਤੇ ਉਹ ਮੇਰੇ ਲਈ ਬਹੁਤ ਹੀ ਕੀਮਤੀ ਰਹੇ। ਮੈਂ ਸੁਬ੍ਹਾ ਲਾਇਬ੍ਰੇਰੀ ਖੁੱਲ੍ਹਣ ਸਾਰ ਹੀ ਪਹੁੰਚ ਜਾਂਦਾ ਅਤੇ ਦੁਪਹਿਰ ਨੂੰ ਐਨਾ ਕੁ ਸਮਾਂ ਹੀ ਸਾਹ ਲੈਂਦਾ ਜੋ ਦੁਪਹਿਰ ਦੇ ਖਾਣੇ ਵਜੋਂ ਚੌਲਾਂ ਦੇ ਬਣੇ ਦੋ ਕੇਕ ਖਰੀਦਣ ਅਤੇ ਖਾਣ ਵਿੱਚ ਲਗਦਾ, ਫਿਰ ਇਸ ਲਾਇਬ੍ਰੇਰੀ ਦੇ ਬੰਦ ਹੋਣ ਤੱਕ ਉਥੇ ਪੜ੍ਹਦਾ ਰਹਿੰਦਾ।

ਸਵੈ ਅਧਿਐਨ ਦੇ ਇਸ ਸਮੇਂ ਦੌਰਾਨ ਮੈਂ ਸਾਰੇ ਸੰਸਾਰ ਦੇ ਇਤਿਹਾਸ ਅਤੇ ਭੂਗੋਲ ਨੂੰ ਪੜ੍ਹਿਆ, ਮੈਂ ਦੁਨੀਆ ਦੇ ਨਕਸ਼ੇ ਨੂੰ ਦੇਖਿਆ ਅਤੇ ਬੜੀ ਦਿਲਚਸਪੀ ਨਾਲ ਉਸ ਦਾ ਅਧਿਐਨ ਕੀਤਾ। ਮੈਂ ਐਡਮ ਸਮਿੱਥ ਦੀ ‘ਦ ਵੈਲਥ ਆਫ਼ ਨੇਸ਼ਨਜ਼’, ਡਾਰਵਿਨ ਦੀ ‘ਓਰਿਜਿਨ ਆਫ਼ ਸਪੀਸੀਜ਼’ ਅਤੇ ਜੌਨ੍ਹ ਸਟੂਅਰਟ ਮਿੱਲ ਦੀ ਸਦਾਚਾਰ ਬਾਰੇ ਕਿਤਾਬ ਪੜ੍ਹੀ। ਰੂਸੋ ਅਤੇ ਸਪੈਂਸਰ ਦੀਆਂ ਲਿਖਤਾਂ ਪੜ੍ਹੀਆਂ। ਇਤਿਹਾਸ ਭੂਗੋਲ ਦੇ ਗੰਭੀਰ ਅਧਿਐਨ ਦੇ ਵਿੱਚ ਵਿੱਚ ਮੈਂ ਕਵਿਤਾ, ਰੋਮਾਂਸ ਅਤੇ ਪੁਰਾਤਨ ਯੂਨਾਨ

ਦੀਆਂ ਕਥਾਵਾਂ ਵੀ ਪੜ੍ਹਦਾ ਰਿਹਾ।

ਹੁਣ ਮੇਰੇ ਕੋਲ ਕੋਈ ਪੈਸਾ ਨਹੀਂ ਰਿਹਾ ਸੀ ਅਤੇ ਪਰਿਵਾਰ ਨੇ ਵੀ ਸਕੂਲ ਵਿੱਚ ਦਾਖਲ ਹੋਏ ਬਿਨਾਂ ਕੋਈ ਸਹਾਇਤਾ ਦੇਣ ਤੋਂ ਨਾਂਹ ਕਰ ਦਿੱਤੀ। ਸੋ ਮੈਂ ਆਪਣੇ 'ਕੈਰੀਅਰ' ਬਾਰੇ ਸੋਚਣ ਲੱਗਾ ਅਤੇ ਮੈਨੂੰ ਲੱਗਿਆ ਕਿ ਮੈਂ ਅਧਿਆਪਕ ਦੇ ਕਿੱਤੇ ਦੇ ਵੱਧ ਯੋਗ ਹਾਂ। ਮੈਂ ਫੇਰ ਇਸ਼ਤਿਹਾਰ ਪੜ੍ਹਨੇ ਸ਼ੁਰੂ ਕਰ ਦਿੱਤੇ। ਹੁਨਾਨ ਨਾਰਮਲ ਸਕੂਲ (ਅਧਿਆਪਕ ਸਿੱਖਿਆ ਲਈ ਅਦਾਰਾ) ਦੀ ਇੱਕ ਆਕਰਸ਼ਕ ਸੂਚਨਾ ਨੇ ਮੇਰਾ ਧਿਆਨ ਖਿੱਚਿਆ ਜਿੱਥੇ ਕੋਈ ਟਿਊਸ਼ਨ ਫੀਸ ਨਹੀਂ ਸੀ ਅਤੇ ਰਿਹਾਇਸ਼ ਅਤੇ ਖਾਣਾ ਵੀ ਬਹੁਤ ਸਸਤੇ ਸਨ। ਮੇਰੇ ਦੋ ਹੋਰ ਦੋਸਤ ਵੀ ਮੈਨੂੰ ਇਸ ਲਈ ਪ੍ਰੇਰ ਰਹੇ ਸਨ, ਅਸਲ ਵਿੱਚ ਉਹ ਇਸ ਸਕੂਲ ਦੇ ਦਾਖਲਾ ਟੈਸਟ ਲਈ ਮੰਗੇ ਗਏ ਲੇਖ ਮੈਥੋਂ ਲਿਖਵਾਉਣਾ ਚਾਹੁੰਦੇ ਸਨ। ਮੈਂ ਉਨ੍ਹਾਂ ਲਈ ਦੋ ਲੇਖ ਲਿਖੇ ਅਤੇ ਇੱਕ ਆਪਣੇ ਲਈ ਲਿਖਿਆ। ਤਿੰਨੋ ਲੇਖ ਮਨਜ਼ੂਰ ਹੋ ਗਏ, ਸੋ ਅਸਲੀਅਤ ਵਿੱਚ ਮੈਂ ਤਿੰਨ ਵਾਰ ਸਿਲੈਕਟ ਹੋ ਗਿਆ। ਮੈਨੂੰ ਉਸ ਵਕਤ ਇਹ ਸਮਝ ਨਹੀਂ ਸੀ ਕਿ ਇਸ ਤਰ੍ਹਾਂ ਕਿਸੇ ਹੋਰ ਦੀ ਥਾਂ ਲੇਖ ਆਦਿ ਲਿਖ ਕੇ ਦੇਣਾ ਗਲਤ ਗੱਲ ਹੈ : ਮੇਰੇ ਲਈ ਤਾਂ ਇਹ ਸਿਰਫ ਯਾਰੀ ਪੁਗਾਉਣ ਦਾ ਹੀ ਮਸਲਾ ਸੀ।

ਘਰ ਵਾਲੇ ਵੀ ਮੇਰੇ ਇਸ ਕੋਰਸ ਨਾਲ ਸਹਿਮਤ ਸਨ। ਮੈਂ ਪੂਰੇ ਪੰਜ ਸਾਲ ਇਥੇ ਟਿਕਿਆ ਰਿਹਾ ਅਤੇ ਮੈਂ ਇਥੋਂ ਅਧਿਆਪਕ ਦੀ ਡਿਗਰੀ ਪ੍ਰਾਪਤ ਕਰ ਹੀ ਲਈ। ਇਸ ਸਮੇਂ ਦੀਆਂ ਮੇਰੀ ਜ਼ਿੰਦਗੀ ਨਾਲ ਸਬੰਧਿਤ ਕਾਫੀ ਘਟਨਾਵਾਂ ਹਨ ਅਤੇ ਇਥੇ ਹੀ ਮੇਰੇ ਸਿਆਸੀ ਵਿਚਾਰਾਂ ਨੇ ਠੋਸ ਰੂਪ ਲੈਣਾ ਸ਼ੁਰੂ ਕੀਤਾ।

ਇਥੇ ਜਿਸ ਅਧਿਆਪਕ ਨੇ ਮੇਰੇ ਉੱਤੇ ਸਭ ਤੋਂ ਵੱਧ ਪ੍ਰਭਾਵ ਪਾਇਆ ਉਹ ਇੰਗਲੈਂਡ ਵਿਚੋਂ ਪੜ੍ਹ ਕੇ ਆਇਆ ਯਾਂਗ ਚਾਂਗ-ਚੀ ਸੀ। ਉਹ ਉਥੇ ਸਦਾਚਾਰ ਪੜ੍ਹਾਉਂਦਾ ਸੀ, ਖ਼ੁਦ ਵੀ ਬਹੁਤ ਆਦਰਸ਼ਵਾਦੀ ਅਤੇ ਉੱਚੇ ਚਰਿੱਤਰ ਦਾ ਧਾਰਨੀ ਸੀ। ਉਹ ਨੈਤਿਕ ਕਦਰਾਂ ਕੀਮਤਾਂ ਵਿੱਚ ਡੂੰਘਾ ਵਿਸ਼ਵਾਸ਼ ਰਖਦਾ ਸੀ ਅਤੇ ਆਪਣੇ ਵਿਦਿਆਰਥੀਆਂ ਵਿੱਚ ਵੀ ਇਹ ਕਦਰਾਂ ਭਰਨ ਦੀ ਕੋਸ਼ਿਸ਼ ਕਰਦਾ ਸੀ ਤਾਂ ਜੋ ਉਹ ਨਿਆਂ ਪਸੰਦ, ਨੇਕ, ਸਦਾਚਾਰੀ ਅਤੇ ਸਮਾਜ ਲਈ ਲਾਭਦਾਇਕ ਇਨਸਾਨ ਬਣ ਜਾਣ। ਉਸ ਦੀ ਸਦਾਚਾਰ ਬਾਰੇ ਦਿੱਤੀ ਇੱਕ ਪੁਸਤਕ ਪੜ੍ਹ ਕੇ ਮੈਂ ਇੱਕ ਲੇਖ ਲਿਖਣ ਲਈ ਪ੍ਰੇਰਿਆ ਗਿਆ ਜਿਸ ਦਾ ਮੈਂ ਨਾਂ ਰੱਖਿਆ, 'ਮਨ ਦੀ ਸ਼ਕਤੀ'। ਮੈਂ ਵੀ ਉਦੋਂ ਆਦਰਸ਼ਵਾਦੀ ਸੀ ਅਤੇ ਮੇਰੇ ਉਸ ਆਦਰਸ਼ਵਾਦੀ ਅਧਿਆਪਕ ਨੂੰ ਇਹ ਲੇਖ ਬਹੁਤ ਹੀ ਪਸੰਦ ਆਇਆ ਅਤੇ ਉਸ ਨੇ ਲੇਖ ਨੂੰ ਪੂਰੇ ਸੌ ਨੰਬਰ ਦਿੱਤੇ।

ਇੱਕ ਹੋਰ ਅਧਿਆਪਕ ਨੇ ਮੈਨੂੰ 'ਮਿਨ ਪਾਓ' ਮੈਗਜ਼ੀਨ ਦੇ ਪੁਰਾਣੇ ਅੰਕ ਪੜ੍ਹਨ ਲਈ ਦਿੱਤੇ। ਇਸ ਦੇ ਇੱਕ ਅੰਕ ਵਿੱਚ ਮੈਂ ਦੋ ਚੀਨੀ ਵਿਦਿਆਰਥੀਆਂ ਦੀ

ਕਹਾਣੀ ਪੜ੍ਹੀ ਜੋ ਸਾਰੇ ਚੀਨ ਦੀ ਯਾਤਰਾ ਕਰਦੇ ਹੋਏ ਤਿੱਬਤ ਤੱਕ ਪਹੁੰਚਦੇ ਹਨ। ਇਸ ਨੇ ਮੈਨੂੰ ਬਹੁਤ ਉਤੇਜਿਤ ਕੀਤਾ। ਮੈਂ ਵੀ ਉਨ੍ਹਾਂ ਵਾਂਗ ਕਰਨਾ ਚਾਹੁੰਦਾ ਸਾਂ ਪਰ ਮੇਰੇ ਕੋਲ ਕੋਈ ਪੈਸਾ ਨਹੀਂ ਸੀ, ਸੋ ਮੈਂ ਸੋਚਿਆ ਕਿ ਪਹਿਲਾਂ ਕੇਵਲ ਹੂਨਾਨ ਵਿੱਚ ਘੁੰਮਣ ਦੀ ਕੋਸ਼ਿਸ਼ ਕੀਤੀ ਜਾਵੇ। ਅਗਲੀ ਗਰਮੀ ਮੈਂ ਇੱਕ ਹੋਰ ਵਿਦਿਆਰਥੀ ਨਾਲ ਪੈਦਲ ਹੀ ਸੂਬੇ ਵਿੱਚ ਚੱਲ ਪਿਆ ਅਤੇ ਬਗੈਰ ਇੱਕ ਵੀ ਪੈਸਾ ਖਰਚ ਕੀਤੇ ਪੰਜ ਜ਼ਿਲ੍ਹੇ ਗਾਹ ਦਿੱਤੇ। ਕਿਸਾਨ ਹੀ ਸਾਨੂੰ ਖਾਣ ਨੂੰ ਦਿੰਦੇ ਅਤੇ ਸੌਣ ਲਈ ਥਾਂ ਵੀ ਦੇ ਦਿੰਦੇ।

ਇਸ ਤੋਂ ਹਾਸਲ ਹੋਈ ਉਤਸ਼ਾਹੀ ਅਵਸਥਾ ਵਿੱਚ ਕੁਝ ਜਿਗਰੀ ਸਾਥੀਆਂ ਦੀ ਲੋੜ ਮਹਿਸੂਸ ਕਰਦੇ ਹੋਏ ਮੈਂ ਇੱਕ ਸਥਾਨਕ ਅਖ਼ਬਾਰ ਵਿੱਚ ਇਸ਼ਤਿਹਾਰ ਪਾ ਦਿੱਤਾ ਜਿਸ ਵਿੱਚ ਲਿਖਿਆ ਕਿ ਦੇਸ਼ ਭਗਤਕ ਕੰਮ ਕਰਨ ਵਿੱਚ ਰੁਚੀ ਰੱਖਣ ਵਾਲੇ ਨੌਜਵਾਨ ਮੇਰੇ ਨਾਲ ਸੰਪਰਕ ਕਰਨ। ਮੈਂ ਉਸ ਵਿੱਚ ਸਪਸ਼ਟ ਕੀਤਾ ਸੀ ਕਿ ਉਹੀ ਨੌਜਵਾਨ ਸੰਪਰਕ ਕਰਨ ਜੋ ਸਖਤ ਜਾਨ ਅਤੇ ਪੱਕੇ ਨਿਸਚੇ ਵਾਲੇ ਹੋਣ ਅਤੇ ਦੇਸ਼ ਖਾਤਰ ਕੁਰਬਾਨੀ ਕਰਨ ਲਈ ਤਿਆਰ ਹੋਣ। ਇਸ ਇਸ਼ਤਿਹਾਰ ਪ੍ਰਤੀ ਮੈਨੂੰ ਸਾਢੇ ਤਿੰਨ ਜਵਾਬ ਆਏ, ਅੱਧਾ ਜਵਾਬ ਲੀ ਲੀ ਸਾਨ  ਦਾ ਗਿਣਦਾ ਹਾਂ ਜੋ ਮੇਰੀ ਸਾਰੀ ਗੱਲ ਸੁਣਕੇ, ਅੱਗੋਂ ਕੁਝ ਵੀ ਠੀਕ ਜਾਂ ਗਲਤ ਕਹੇ ਬਗੈਰ ਚਲਾ ਗਿਆ। ਪਰ ਹੌਲੀ ਹੌਲੀ ਮੈਂ ਆਪਣੇ ਦੁਆਲੇ ਵਿਦਿਆਰਥੀਆਂ ਦਾ ਇੱਕ ਗਰੁੱਪ ਖੜ੍ਹਾ ਕਰ ਲਿਆ ਜੋ ਇੱਕ ਸਟਡੀ ਗਰੁੱਪ ਦਾ ਕੇਂਦਰ ਬਣ ਗਿਆ। ਇਹ ਗੰਭੀਰ ਸੋਚ ਵਾਲੇ ਆਦਮੀਆਂ ਦਾ ਛੋਟਾ ਜਿਹਾ ਗਰੁੱਪ ਸੀ ਜੋ ਛੋਟੀਆਂ ਛੋਟੀਆਂ ਗੱਲਾਂ 'ਤੇ ਵਿਚਾਰ ਕਰਨ ਵਿੱਚ ਆਪਣਾ ਸਮਾਂ ਨਹੀਂ ਬਰਬਾਦ ਕਰਦੇ ਸਨ। ਜੋ ਵੀ ਉਹ ਕਰਦੇ ਜਾਂ ਕਹਿੰਦੇ ਸਨ ਉਸ ਦਾ ਕੋਈ ਮਕਸਦ ਹੋਣਾ ਜ਼ਰੂਰੀ ਹੁੰਦਾ ਸੀ। ਉਨ੍ਹਾਂ ਕੋਲ ਪਿਆਰ ਮੁਹੱਬਤ ਲਈ ਕੋਈ ਸਮਾਂ ਨਹੀਂ ਸੀ ਕਿਉਂਕਿ ਉਹ ਉਨ੍ਹਾਂ ਸਮਿਆਂ ਨੂੰ ਬਹੁਤ ਮਹੱਤਵਪੂਰਨ ਸਮਝਦੇ ਸਨ ਅਤੇ ਇਸ ਬਾਰੇ ਗਿਆਨ ਹਾਸਲ ਕਰਨ ਦੀ ਤੱਦੀ ਵਿੱਚ ਔਰਤਾਂ ਜਾਂ ਨਿੱਜੀ ਮਾਮਲਿਆਂ ਬਾਰੇ ਵਿਚਾਰ ਕਰਨ ਨੂੰ ਸਖਤੀ ਨਾਲ ਰੱਦ ਕਰਦੇ ਸਨ। ਮੈਂ ਅਤੇ ਮੇਰੇ ਦੋਸਤ ਕੇਵਲ ਵੱਡੇ ਮਸਲਿਆਂ - ਆਦਮੀ ਦੀ ਕੁਦਰਤੀ ਫ਼ਿਤਰਤ, ਮਨੁੱਖੀ ਸਮਾਜ, ਚੀਨ, ਸੰਸਾਰ ਅਤੇ ਬ੍ਰਹਿਮੰਡ ਆਦਿ ਬਾਰੇ ਹੀ ਗੱਲ ਕਰਦੇ ਸਾਂ। ਸਾਨੂੰ ਸਰੀਰ ਬਨਾਉਣ ਦਾ ਵੀ ਜਨੂੰਨ ਚੜ੍ਹਿਆ ਹੋਇਆ ਸੀ। ਸਰਦੀਆਂ ਵਿੱਚ ਅਸੀਂ ਮੈਦਾਨਾਂ, ਪਹਾੜਾਂ ਦੀਆਂ ਉਤਰਾਈਆਂ ਚੜ੍ਹਾਈਆਂ ਅਤੇ ਨਦੀ ਨਾਲਿਆਂ ਨੂੰ ਗਾਹੁੰਦੇ ਫਿਰਦੇ। ਸਰੀਰ ਨੂੰ ਸਖਤ ਕਰਨ ਲਈ ਅਸੀਂ ਮੀਂਹ, ਧੁੱਪ ਅਤੇ ਤੇਜ ਹਵਾਵਾਂ ਵਿੱਚ ਕਮੀਜ਼ਾਂ ਲਾਹ ਕੇ ਘੁੰਮਦੇ। ਜਦ ਕੋਹਰਾ ਪੈਣ ਲੱਗ ਜਾਂਦਾ ਤਾਂ ਅਸੀਂ ਬਾਹਰ ਖੁੱਲ੍ਹੇ ਵਿੱਚ ਪੈਂਦੇ ਅਤੇ ਨਵੰਬਰ ਵਿੱਚ ਬਰਫੀਲੇ ਦਰਿਆਵਾਂ ਵਿੱਚ ਤੈਰਦੇ। ਇਹ ਸਾਰਾ ਕੁਝ ਅਸੀਂ 'ਸਰੀਰ ਸਿਧਾਉਣ' ਦੇ ਨਾਂ 'ਤੇ ਕਰਦੇ। ਇਸ ਟਰੇਨਿੰਗ ਨਾਲ ਬਣੀ ਸਰੀਰਕ ਮਜਬੂਤੀ ਮੇਰੇ ਬਾਅਦ ਦੇ ਇਨਕਲਾਬੀ

ਦੌਰ ਦੇ ਲੰਮੇ ਕੂਚਾਂ ਵਿੱਚ ਬਹੁਤ ਕੰਮ ਆਈ।

ਮੈਂ ਦੂਜੇ ਸ਼ਹਿਰਾਂ ਅਤੇ ਕਸਬਿਆਂ ਦੇ ਵਿਦਿਆਰਥੀਆਂ ਅਤੇ ਜਾਤੀ ਮਿੱਤਰਾਂ ਨਾਲ ਸੰਪਰਕ ਕੀਤਾ ਅਤੇ 1917 ਵਿੱਚ ਕੁਝ ਹੋਰ ਦੋਸਤਾਂ ਨਾਲ ਰਲ ਕੇ ਇੱਕ ਜਥੇਬੰਦੀ 'ਨਿਊ ਪੀਪਲਜ਼ ਸਟਡੀ ਸੋਸਾਇਟੀ' ਸਥਾਪਿਤ ਕੀਤੀ। ਇਸ ਦੇ 70-80 ਮੈਂਬਰ ਸਨ ਜਿਨ੍ਹਾਂ ਵਿਚੋਂ ਬਹੁਤ ਸਾਰੇ ਚੀਨੀ ਇਨਕਲਾਬ ਅਤੇ ਚੀਨੀ ਸਮਾਜਵਾਦ ਦੇ ਇਤਿਹਾਸ ਵਿੱਚ ਵੱਡੇ ਨਾਂ ਬਣੇ। ਅਜਿਹੀ ਹੀ ਇੱਕ ਜਥੇਬੰਦੀ 'ਸੋਸ਼ਲ ਵੈਲਫੇਅਰ ਸੋਸਾਇਟੀ' ਹੂਪੇ ਵਿੱਚ ਬਣੀ, ਇਸ ਦੇ ਵੀ ਬਹੁਤੇ ਮੈਂਬਰ ਬਾਅਦ ਵਿੱਚ ਕਮਿਊਨਿਸਟ ਬਣੇ ਜਿਨ੍ਹਾਂ ਵਿੱਚ ਲਿਨ ਪਿਆਓ ਵੀ ਸ਼ਾਮਲ ਸੀ। ਖਾੜਕੂ ਨੌਜਵਾਨਾਂ ਵੱਲੋਂ ਇਸ ਤਰ੍ਹਾਂ ਦੀਆਂ ਰੈਡੀਕਲ ਜਥੇਬੰਦੀਆਂ ਚੀਨ ਦੇ ਹੋਰ ਸ਼ਹਿਰਾਂ ਵਿੱਚ ਵੀ ਬਣਾਈਆਂ ਗਈਆਂ ਅਤੇ ਇਹ ਚੀਨ ਦੀ ਸਿਆਸਤ ਨੂੰ ਪ੍ਰਭਾਵਿਤ ਕਰਨ ਲੱਗੀਆਂ। ਇਨ੍ਹਾਂ ਵਿਚੋਂ ਬਹੁਤੀਆਂ ਚੈੱਨ ਤੂ ਸੀਉ ਦੁਆਰਾ ਕੱਢੇ ਜਾਂਦੇ ਮੈਗ਼ਜ਼ੀਨ 'ਨਵੀਂ ਜਵਾਨੀ' ਦੇ ਪ੍ਰਭਾਵ ਹੇਠ ਬਣੀਆਂ ਸਨ। ਮੈਂ ਵੀ ਇਹ ਮੈਗ਼ਜ਼ੀਨ ਨਾਰਮਲ ਸਕੂਲ ਦੇ ਸਮੇਂ ਤੋਂ ਪੜ੍ਹਨ ਲੱਗ ਪਿਆ ਸੀ ਅਤੇ ਇਸ ਦਾ ਬਹੁਤ ਵੱਡਾ ਪ੍ਰਸ਼ੰਸਕ ਸੀ।

ਇਸ ਸਮੇਂ ਮੇਰੇ ਵਿਚਾਰ ਉਦਾਰਵਾਦ, ਜਮਹੂਰੀ ਸੁਧਾਰਵਾਦ ਅਤੇ ਖਿਆਲੀ ਸਮਾਜਵਾਦ ਦਾ ਅਜੀਬ ਜਿਹਾ ਮਿਸਰਣ ਸਨ ਅਤੇ ਮੈਂ ਸੈਨਾਵਾਦ ਅਤੇ ਸਾਮਰਾਜਵਾਦ ਦਾ ਪੱਕਾ ਵਿਰੋਧੀ ਸਾਂ। ਮੈਂ ਅਧਿਆਪਕ ਟਰੇਨਿੰਗ ਸਕੂਲ ਵਿੱਚ 1912 ਵਿੱਚ ਦਾਖਲ ਹੋਇਆ ਸੀ ਅਤੇ 1918 ਵਿੱਚ ਉਥੋਂ ਡਿਗਰੀ ਹਾਸਲ ਕੀਤੀ।"

ਮਾਓ ਅੱਗੇ ਦਸਦਾ ਹੈ -

" ਚਾਂਗਸ਼ਾ ਦੇ ਇਸ ਸਕੂਲ ਦੇ ਸਾਰੇ ਸਾਲਾਂ ਦੌਰਾਨ ਮੈਂ ਕੁੱਲ ਮਿਲਾ ਕੇ, ਕੇਵਲ 160 ਡਾਲਰ ਖਰਚ ਕੀਤੇ, ਜਿਸ ਵਿੱਚ ਮੇਰੀਆਂ ਫੀਸਾਂ ਵੀ ਸ਼ਾਮਲ ਸਨ। ਇਨ੍ਹਾਂ ਵਿਚੋਂ ਲਗਪੱਗ ਤੀਜਾ ਹਿੱਸਾ ਪੈਸੇ ਮੈਂ ਅਖਬਾਰਾਂ ਉੱਤੇ ਖਰਚ ਕੀਤੇ। ਮੇਰਾ ਪਿਉ ਇਸ ਫਜ਼ੂਲ-ਖਰਚੀ ਲਈ ਮੈਨੂੰ ਬਹੁਤ ਗਾਲ੍ਹਾਂ ਕੱਢਦਾ ਸੀ। ਉਹ ਇਸ ਨੂੰ ਫ਼ਜ਼ੂਲ ਕਾਗਜ਼ਾਂ ਉਪਰ ਪੈਸਾ ਬਰਬਾਦ ਕਰਨਾ ਕਹਿੰਦਾ ਸੀ। ਪਰ ਮੈਨੂੰ ਅਖ਼ਬਾਰ ਪੜ੍ਹਨ ਦੀ ਪੱਕੀ ਆਦਤ ਪੈ ਚੁੱਕੀ ਸੀ ਅਤੇ 1911 ਤੋਂ ਲੈ ਕੇ 1927 ਵਿੱਚ ਚਿੰਗਕਾਂਗਸ਼ਾਨ ਦੀਆਂ ਪਹਾੜੀਆਂ ਵਿੱਚ ਚਲੇ ਜਾਣ ਤੱਕ, ਮੈਂ ਪੀਕਿੰਗ, ਸ਼ੰਘਾਈ ਅਤੇ ਹੂਨਾਨ ਦੇ ਰੋਜ਼ਾਨਾ ਅਖ਼ਬਾਰਾਂ ਨੂੰ ਪੜ੍ਹਨ ਵਿੱਚ ਕਦੇ ਨਾਗਾ ਨਹੀਂ ਪਾਇਆ ਸੀ।

ਜਦ ਮੈਂ ਨਾਰਮਲ ਸਕੂਲ ਦੇ ਆਖਰੀ ਸਾਲ ਵਿੱਚ ਸਾਂ ਤਾਂ ਮੇਰੀ ਮਾਤਾ ਦਾ ਦਿਹਾਂਤ ਹੋ ਗਿਆ ਜਿਸ ਨਾਲ ਮੇਰੀ ਘਰ ਵਾਪਸ ਜਾਣ ਵਿੱਚ ਦਿਲਚਸਪੀ ਬਿਲਕੁਲ ਖਤਮ ਹੋ ਗਈ। ਸੋ ਮੈਂ ਬੀਜ਼ਿੰਗ (ਪੀਕਿੰਗ) ਜਾਣ ਦਾ ਫੈਸਲਾ ਕੀਤਾ। ਅਸਲ ਵਿੱਚ ਹੂਨਾਨ ਦੇ ਬਹੁਤੇ ਵਿਦਿਆਰਥੀ 'ਕੰਮ ਅਤੇ ਸਿਖਲਾਈ' ਸਕੀਮ ਅਧੀਨ ਪੜ੍ਹਨ ਲਈ

ਫਰਾਂਸ ਜਾਣਾ ਚਾਹੁੰਦੇ ਸਨ, ਇਸ ਸਕੀਮ ਨੂੰ ਫਰਾਂਸ ਸੰਸਾਰ ਜੰਗ ਦੀਆਂ ਲੋੜਾਂ ਲਈ ਨੌਜਵਾਨ ਚੀਨੀਆਂ ਨੂੰ ਭਰਤੀ ਕਰਨ ਲਈ ਵਰਤ ਰਿਹਾ ਸੀ। ਇਹ ਵਿਦਿਆਰਥੀ ਫਰਾਂਸ ਜਾਣ ਤੋਂ ਪਹਿਲਾਂ ਪੀਕਿੰਗ ਵਿੱਚ ਫਰਾਂਸੀਸੀ ਭਾਸ਼ਾ ਸਿੱਖਣੀ ਚਾਹੁੰਦੇ ਸਨ। ਚਾਹੇ ਸਾਡੀ ਜਥੇਬੰਦੀ ਇਸ ਗੱਲ ਦਾ ਸਮਰਥਨ ਕਰਦੀ ਸੀ ਅਤੇ ਮੈਂ ਇਸ ਮੁਹਿੰਮ ਵਿੱਚ ਮਦਦ ਕਰ ਰਿਹਾ ਸੀ ਪਰ ਮੈਂ ਖ਼ੁਦ ਯੌਰਪ ਜਾਣ ਦਾ ਇਛੁੱਕ ਨਹੀਂ ਸੀ। ਮੈਨੂੰ ਜਾਪਦਾ ਸੀ ਕਿ ਮੈਂ ਅਜੇ ਚੀਨ ਬਾਰੇ ਹੀ ਬਹੁਤਾ ਨਹੀਂ ਜਾਣਦਾ ਅਤੇ ਚੀਨ ਵਿੱਚ ਮੇਰਾ ਵਕਤ ਵਧੇਰੇ ਲਾਭਦਾਇਕ ਢੰਗ ਨਾਲ ਬੀਤੇਗਾ।

ਬੀਜ਼ਿੰਗ ਮੇਰੇ ਲਈ ਬਹੁਤ ਮਹਿੰਗਾ ਸ਼ਹਿਰ ਸੀ। ਮੈਂ ਤਾਂ ਇਥੇ ਯਾਰਾਂ ਦੋਸਤਾਂ ਤੋਂ ਮੰਗ ਤੰਗ ਕੇ ਪਹੁੰਚਿਆ ਸੀ ਸੋ ਪਹੁੰਚ ਕੇ ਮੇਰੇ ਲਈ ਸਭ ਤੋਂ ਪਹਿਲ ਤਾਂ ਇਥੇ ਕੋਈ ਕੰਮ ਲੱਭਣ ਦੀ ਸੀ। ਯਾਂਗ ਚਾਂਗ-ਚੀ, ਜੋ ਨਾਰਮਲ ਸਕੂਲ ਵਿੱਚ ਮੇਰਾ ਸਦਾਚਾਰ (Ethics) ਦਾ ਅਧਿਆਪਕ ਸੀ, ਉਹ ਇਥੇ ਬੀਜ਼ਿੰਗ ਨੈਸ਼ਨਲ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਬਣ ਗਿਆ ਸੀ। ਮੈਂ ਉਸ ਨੂੰ ਕੋਈ ਕੰਮ ਦਿਵਾਉਣ ਲਈ ਬੇਨਤੀ ਕੀਤੀ ਜਿਸ ਨੇ ਮੈਨੂੰ ਯੂਨੀਵਰਸਿਟੀ ਦੇ ਲਾਇਬ੍ਰੇਰੀਅਨ ਨਾਲ ਮਿਲਾ ਦਿੱਤਾ। ਇਹ ਲਾਇਬ੍ਰੇਰੀਅਨ ਲੀ ਤਾ-ਚਾਉ ਸੀ ਜੋ ਬਾਅਦ ਵਿੱਚ ਚੀਨ ਦੀ ਕਮਿਊਨਿਸਟ ਪਾਰਟੀ ਦਾ ਮੋਢੀ ਵੀ ਬਣਿਆ। ਉਸਨੇ ਮੈਨੂੰ ਅੱਠ ਡਾਲਰ ਦੀ ਤਨਖਾਹ 'ਤੇ ਸਹਾਇਕ ਲਾਇਬ੍ਰੇਰੀਅਨ ਰੱਖ ਲਿਆ। ਇਥੇ ਬਹੁਤ ਵੱਡੇ ਵੱਡੇ ਆਦਮੀ ਅਖ਼ਬਾਰ ਆਦਿ ਪੜ੍ਹਨ ਆਉਂਦੇ ਸਨ ਜਿਨ੍ਹਾਂ ਨੂੰ ਮੈਂ ਮਿਲਣਾ ਚਾਹੁੰਦਾ ਹੁੰਦਾ ਸੀ, ਪਰ ਉਨ੍ਹਾਂ ਲਈ ਮੈਂ ਬਹੁਤ ਛੋਟਾ ਆਦਮੀ ਸੀ ਜਿਸ ਨੂੰ ਮਿਲਣ ਵਿੱਚ ਉਨ੍ਹਾਂ ਦੀ ਕੋਈ ਖਾਸ ਦਿਲਚਸਪੀ ਨਹੀਂ ਹੁੰਦੀ ਸੀ। ਫਿਰ ਵੀ ਮੈਂ ਨਿਰਾਸ਼ ਨਾ ਹੋਇਆ ਅਤੇ ਫਿਲਾਸਫ਼ੀ ਅਤੇ ਪੱਤਰਕਾਰੀ ਦੀਆਂ ਸਭਾਵਾਂ ਦਾ ਮੈਂਬਰ ਬਣ ਗਿਆ ਅਤੇ ਇਸ ਤਰ੍ਹਾਂ ਕਾਫੀ ਵਧੀਆ ਬੰਦਿਆਂ ਨੂੰ ਮਿਲਿਆ। ਇਥੇ ਹੀ ਮੇਰੇ ਅਧਿਆਪਕ ਯਾਂਗ ਚਾਂਗ-ਚੀ, ਜਿਸ ਤੋਂ ਮੈਂ ਬਹੁਤ ਪ੍ਰਭਾਵਿਤ ਸੀ, ਉਸ ਦੀ ਲੜਕੀ ਯਾਂਗ ਕਾਈ ਹੂਈ ਨੂੰ ਮਿਲਿਆ ਜਿਸ ਨਾਲ ਮੇਰਾ ਇਸ਼ਕ ਹੋ ਗਿਆ। ਬੀਜ਼ਿੰਗ ਵਿੱਚ ਮੇਰੀਆਂ ਆਪਣੀਆਂ ਰਹਿਣ ਹਾਲਤਾਂ ਤਾਂ ਬਹੁਤ ਮਾੜੀਆਂ ਹੀ ਸਨ। ਅਸੀਂ ਸੱਤ ਜਣੇ ਇੱਕ ਛੋਟੇ ਜਿਹੇ ਕਮਰੇ ਵਿੱਚ ਰਹਿੰਦੇ ਸਾਂ ਅਤੇ ਜਦ ਸਾਰੇ ਜਣੇ ਆ ਜਾਂਦੇ ਤਾਂ ਸਾਹ ਲੈਣ ਨੂੰ ਵੀ ਜਗ੍ਹਾ ਨਾ ਬਚਦੀ, ਪਾਸਾ ਲੈਣ ਸਮੇਂ ਦੂਜੇ ਨੂੰ ਦੱਸਣਾ ਪੈਂਦਾ। ਪਰ ਦੂਜੇ ਪਾਸੇ ਬੀਜ਼ਿੰਗ ਦੀ ਖ਼ੂਬਸੂਰਤੀ ਇਸ ਮਾੜੀ ਰਿਹਾਇਸ਼ ਦਾ ਹਿਸਾਬ ਬਰਾਬਰ ਕਰ ਦਿੰਦੀ। ਪਾਰਕਾਂ ਅਤੇ ਮਹੱਲਾਂ ਦੇ ਮੈਦਾਨਾਂ ਵਿੱਚ ਕੁਦਰਤ ਦੇ ਸ਼ਾਨਦਾਰ ਨਜ਼ਾਰੇ ਦੇਖਣ ਨੂੰ ਮਿਲਦੇ।

ਸਿਆਸਤ ਵਿੱਚ ਮੇਰੀ ਦਿਲਚਸਪੀ ਵਧਦੀ ਗਈ ਅਤੇ ਮੇਰਾ ਮਨ ਹੋਰ ਅਤੇ ਹੋਰ ਗਰਮਖਿਆਲੀ ਹੁੰਦਾ ਗਿਆ। ਪਰ ਅਜੇ ਵੀ ਮੈਂ ਸਪਸ਼ਟ ਨਹੀਂ ਸੀ ਅਤੇ ਸਹੀ

ਰਸਤਾ ਲੱਭ ਰਿਹਾ ਸੀ। ਮੈਂ ਅਨਾਰਕਿਜ਼ਮ ਬਾਰੇ ਕੁਝ ਪੈਂਫਲੈੱਟ ਪੜ੍ਹੇ ਅਤੇ ਉਨ੍ਹਾਂ ਤੋਂ ਵੀ ਕਾਫ਼ੀ ਪ੍ਰਭਾਵਿਤ ਹੋਇਆ। 1919 ਦੇ ਸ਼ੁਰੂ ਵਿੱਚ ਮੈਂ ਫਰਾਂਸ ਜਾਣ ਵਾਲੇ ਆਪਣੇ ਦੋਸਤਾਂ ਨੂੰ ਜਹਾਜ ਚੜ੍ਹਾਉਣ ਲਈ ਸ਼ੰਘਾਈ ਗਿਆ। ਉਥੋਂ ਜਦ ਮੈਂ ਵਾਪਸ ਚਾਂਗਸ਼ਾ ਆਇਆ ਤਾਂ ਸਿਆਸਤ ਵਿੱਚ ਸਿੱਧਾ ਹਿੱਸਾ ਲੈਣ ਲੱਗ ਪਿਆ। ਮੈਂ ਵਿਦਿਆਰਥੀਆਂ ਨੂੰ ਜਥੇਬੰਦ ਕਰਨ ਲੱਗਾ ਅਤੇ ਹੂਨਾਨ ਦੇ ਵਿਦਿਆਰਥੀਆਂ ਦੇ ਅਖ਼ਬਾਰ ਦਾ ਸੰਪਾਦਕ ਬਣ ਗਿਆ। ਸਾਡੀ ਜਥੇਬੰਦੀ ਨੇ ਹੂਨਾਨ ਪ੍ਰਦੇਸ਼ ਦੀ ਆਜਾਦੀ ਲਈ ਵੀ ਕੰਮ ਕੀਤਾ। ਸਾਨੂੰ ਜਾਪਦਾ ਸੀ ਕਿ ਜੇ ਹੂਨਾਨ ਬੀਜ਼ਿੰਗ ਤੋਂ ਆਜਾਦ ਹੋ ਜਾਵੇ ਤਾਂ ਇਥੇ ਤੇਜੀ ਨਾਲ ਤਰੱਕੀ ਹੋ ਸਕਦੀ ਹੈ। ਸਾਡੀ ਇਸ ਆਜਾਦੀ ਲਹਿਰ 'ਤੇ ਸਵਾਰ ਹੋ ਕੇ ਚਾਉ ਹੈਂਗ-ਤੀ ਨਾਂ ਦਾ ਫੌਜੀ ਸਰਦਾਰ ਸੱਤਾ ਵਿੱਚ ਆ ਗਿਆ ਪਰ ਸੱਤਾ ਵਿੱਚ ਆ ਕੇ, ਉਹ ਸਾਰੇ ਵਾਅਦੇ ਭੁੱਲ ਕੇ ਜਮਹੂਰੀ ਲਹਿਰ ਨੂੰ ਸਖਤੀ ਨਾਲ ਕੁਚਲਣ ਵੱਲ ਤੁਰ ਪਿਆ। ਇਸ ਘਟਨਾ ਤੋਂ ਮੈਨੂੰ ਸਪਸ਼ਟ ਹੋ ਗਿਆ ਕਿ ਵਿਸ਼ਾਲ ਲੋਕਾਂ ਦੇ ਐਕਸ਼ਨ ਰਾਹੀਂ ਹਾਸਲ ਕੀਤੀ ਲੋਕਾਂ ਦੀ ਰਾਜਸੀ ਸੱਤਾ ਹੀ ਸਹੀ ਸੁਧਾਰਾਂ ਨੂੰ ਲਾਗੂ ਕਰ ਸਕਦੀ ਹੈ।

1920 ਦੀ ਸਰਦ ਰੁੱਤ ਵਿੱਚ ਮੈਂ ਕਾਮਿਆਂ ਨੂੰ ਮਾਰਕਸੀ ਵਿਚਾਰਾਂ ਦੀ ਰੋਸ਼ਨੀ ਵਿੱਚ ਜਥੇਬੰਦ ਕਰਨ ਲੱਗਾ। ਮੈਂ ਰੂਸ ਦੀਆਂ ਘਟਨਾਵਾਂ ਬਾਰੇ ਕਾਫ਼ੀ ਪੜ੍ਹਿਆ ਅਤੇ ਜਿੰਨਾ ਕੁ ਕਮਿਊਨਿਸਟ ਲਿਟਰੇਚਰ ਚੀਨੀ ਭਾਸ਼ਾ ਵਿੱਚ ਉਪਲੱਬਧ ਸੀ ਉਹ ਲੱਭਿਆ। ਤਿੰਨ ਕਿਤਾਬਾਂ ਨੇ ਮੈਨੂੰ ਵਿਸ਼ੇਸ਼ ਰੂਪ ਵਿੱਚ ਪ੍ਰਭਾਵਿਤ ਕੀਤਾ ਅਤੇ ਮੇਰਾ ਮਾਰਕਸਵਾਦ ਵਿੱਚ ਵਿਸ਼ਵਾਸ਼ ਪੱਕਾ ਕੀਤਾ। ਇਹ ਤਿੰਨ ਕਿਤਾਬਾਂ ਸਨ – *ਕਮਿਊਨਿਸਟ ਮੈਨੀਫੈਸਟੋ*, ਕੌਟਸਕੀ ਦੀ *ਜਮਾਤੀ ਸੰਘਰਸ਼* ਅਤੇ ਕ੍ਰਿਪਕ ਦੀ *ਸਮਾਜਵਾਦ ਦਾ ਇਤਿਹਾਸ*। 1920 ਦੀਆਂ ਗਰਮੀਆਂ ਤੱਕ ਮੈਂ ਪੱਕਾ ਮਾਰਕਸਵਾਦੀ ਬਣ ਗਿਆ ਸੀ। ਇਸੇ ਸਾਲ ਮੈਂ ਯਾਂਗ ਕਾਈ ਹੁਈ ਨਾਲ ਵਿਆਹ ਕਰਵਾ ਲਿਆ।"

***

# ਮਾਓ ਦੀ ਬਹਾਦਰ ਪਤਨੀ ਯਾਂਗ ਕਾਈ ਹੂਈ

ਮਾਓ ਦੀ ਜੀਵਨ ਕਹਾਣੀ ਅੱਗੇ ਤੋਰਨ ਤੋਂ ਪਹਿਲਾਂ ਉਸ ਦੀ ਪਤਨੀ ਅਤੇ ਕਮਿਊਨਿਸਟ ਵਿਚਾਰਾਂ ਲਈ ਸ਼ਹੀਦ ਹੋਣ ਵਾਲੀ ਦਲੇਰ ਔਰਤ ਬਾਰੇ ਕੁਝ ਗੱਲਾਂ ਕਰਨੀਆਂ ਜਰੂਰੀ ਹਨ।

ਯਾਂਗ ਕਾਈ ਹੂਈ ਨਾਰਮਲ ਸਕੂਲ ਵਿੱਚ ਮਾਓ ਦੇ ਆਦਰਸ਼ ਅਧਿਆਪਕ ਰਹੇ ਯਾਂਗ ਚਾਂਗ-ਚੀ ਦੀ ਧੀ ਸੀ। ਜਿਵੇਂ ਪਹਿਲਾਂ ਜਿਕਰ ਆਇਆ ਹੈ ਇਹ ਅਧਿਆਪਕ ਨੈਤਿਕ ਗੁਣਾਂ ਬਾਰੇ ਸਿਰਫ ਪੜ੍ਹਾਉਂਦਾ ਹੀ ਨਹੀਂ ਸੀ ਸਗੋਂ ਆਪਣੀ ਜ਼ਿੰਦਗੀ ਵਿੱਚ ਵੀ ਉਨ੍ਹਾਂ ਉੱਚ ਨੈਤਿਕ ਕਦਰਾਂ ਕੀਮਤਾਂ ਦਾ ਧਾਰਨੀ ਸੀ। ਇਨ੍ਹਾਂ ਗੁਣਾਂ ਕਰਕੇ ਮਾਓ ਉਸ ਦਾ ਬਹੁਤ ਸਤਿਕਾਰ ਕਰਦਾ ਸੀ ਅਤੇ ਉਸ ਦੇ ਘਰ ਵੀ ਆਉਂਦਾ ਜਾਂਦਾ ਰਹਿੰਦਾ ਸੀ। ਹੂਈ ਬਾਅਦ ਵਿੱਚ ਇਸ ਸਮੇਂ ਨੂੰ ਯਾਦ ਕਰਦਿਆਂ ਕਹਿੰਦੀ ਹੈ ਕਿ 'ਮੈਂ ਤਾਂ ਉਸ ਨੂੰ ਪਹਿਲਾਂ ਹੀ ਪਿਆਰ ਕਰਨ ਲੱਗ ਪਈ ਸੀ ਅਤੇ ਸੋਚ ਲਿਆ ਸੀ ਕਿ ਇਸ ਨੂੰ ਛੱਡ ਕੇ ਹੋਰ ਕਿਸੇ ਨਾਲ ਸ਼ਾਦੀ ਨਹੀਂ ਕਰਾਂਗੀ।' ਪਰ ਉਸ ਨੇ ਇਸ ਆਸ ਨਾਲ ਆਪਣੀਆਂ ਇਹ ਭਾਵਨਾਵਾਂ ਜਾਹਰ ਨਾ ਕੀਤੀਆਂ ਕਿ ਮਾਓ ਹੀ ਇਸ ਬਾਰੇ ਕੋਈ ਪਹਿਲ ਕਰੇਗਾ। ਦੂਜੇ ਪਾਸੇ ਮਾਓ ਇਸ ਮਾਮਲੇ ਵਿੱਚ ਸੰਗਾਊ ਸੀ ਅਤੇ ਉਸ ਪਾਸ ਕੋਈ ਪੈਸਾ ਧੇਲਾ ਵੀ ਨਹੀਂ ਸੀ, ਛੇ ਸੱਤ ਹੋਰ ਨੌਜਵਾਨਾਂ ਨਾਲ ਉਹ ਇੱਕ ਭੀੜੇ ਜਿਹੇ ਕਮਰੇ ਵਿੱਚ ਰਹਿ ਰਿਹਾ ਸੀ। ਸੋ ਉਸ ਸਮੇਂ ਤਾਂ ਮਾਓ ਨੇ ਵੀ ਗੱਲ ਛੇੜਨ ਦੀ ਪਹਿਲ ਨਾ ਕੀਤੀ।

ਜਨਵਰੀ 1920 ਵਿੱਚ ਹੂਈ ਦੇ ਪਿਤਾ ਦੀ ਬਿਮਾਰੀ ਕਾਰਣ ਮੌਤ ਹੋ ਗਈ। ਮਾਓ ਉਸ ਦਾ ਦੁੱਖ ਵੰਡਾਉਣ ਬੀਜ਼ਿੰਗ ਆਇਆ। ਉਥੇ ਮਾਓ ਨੇ ਸਾਹਿਤ-ਸਭਿਆਚਾਰ ਨਾਲ ਸਬੰਧਿਤ ਇੱਕ ਅਦਾਰਾ ਕਾਇਮ ਕੀਤਾ ਜਿੱਥੇ ਹੂਈ ਵੀ ਆਉਣ ਲੱਗੀ ਅਤੇ ਉਨ੍ਹਾਂ ਦਾ ਪ੍ਰੇਮ ਪ੍ਰਵਾਨ ਚੜ੍ਹਨ ਲੱਗਾ। ਸਤੰਬਰ ਵਿੱਚ ਮਾਓ ਚਾਂਗਸ਼ਾ ਵਿੱਚ ਅਧਿਆਪਕ ਲੱਗ ਗਿਆ ਅਤੇ ਉਸ ਨੇ ਹੂਈ ਨਾਲ ਬਗੈਰ ਰਸਮਾਂ ਅਤੇ ਜਸ਼ਨਾਂ ਦੇ ਵਿਆਹ ਕਰਵਾ ਲਿਆ। ਇਸ ਵਿਆਹ ਤੋਂ ਉਨ੍ਹਾਂ ਦੇ ਤਿੰਨ ਬੱਚੇ ਹੋਏ।

ਹੂਈ ਪਹਿਲਾਂ ਚੀਨੀ ਸਮਾਜਵਾਦੀ ਯੂਥ ਲੀਗ ਵਿੱਚ ਕੰਮ ਕਰਦੀ ਰਹੀ, ਫਿਰ

1923 ਵਿੱਚ ਮਾਓ ਦੇ ਨਾਲ ਸ਼ੰਘਾਈ ਚਲੀ ਗਈ ਅਤੇ ਉਥੇ ਇੱਕ ਕਤਾਈ ਮਿੱਲ ਵਿੱਚ ਸ਼ਾਮ ਦਾ ਸਕੂਲ ਚਲਾਉਣ ਲੱਗੀ। ਅਗਲੇ ਸਾਲ ਉਹ ਦੋਹਵੇਂ ਸ਼ਾਓਸ਼ਾਨ ਚਲੇ ਗਏ ਅਤੇ ਉਹ ਕਿਸਾਨਾਂ ਨੂੰ ਜੱਥੇਬੰਦ ਕਰਨ ਦਾ ਕੰਮ ਕਰਦੀ ਰਹੀ ਅਤੇ ਸ਼ਾਮ ਨੂੰ ਉਨ੍ਹਾਂ ਨੂੰ ਪੜ੍ਹਾਈ ਕਰਵਾਉਂਦੀ ਰਹੀ। ਜਦ ਮਾਓ ਨੇ ਹੂਨਾਨ ਦੀ ਕਿਸਾਨ ਲਹਿਰ ਬਾਰੇ ਰਿਪੋਰਟ ਤਿਆਰ ਕੀਤੀ ਤਾਂ ਉਸ ਵਿੱਚ ਵੀ ਹੂਈ ਨੇ ਵੱਡਾ ਯੋਗਦਾਨ ਪਾਇਆ।

1927 ਵਿੱਚ ਜਦ ਕੌਮਿਨਤਾਂਗ ਨੇ ਕਮਿਊਨਿਸਟਾਂ ਨਾਲ ਸਮਝੌਤਾ ਤੋੜ ਕੇ ਉਨ੍ਹਾਂ ਉਪਰ ਹੱਲਾ ਬੋਲ ਦਿੱਤਾ ਤਾਂ ਹੂਈ ਗੁਪਤਵਾਸ ਹੋਕੇ ਕੰਮ ਕਰਨ ਲੱਗੀ ਅਤੇ ਮਾਓ ਨੂੰ ਹੂਈ ਨਾਲੋਂ ਵਿਛੜ ਕੇ ਪਾਰਟੀ ਕਾਰਜਾਂ ਲਈ ਕੈਂਟਨ ਜਾਣਾ ਪਿਆ। ਕੈਂਟਨ ਜਾਣ ਸਮੇਂ ਆਪਣੇ ਜਜ਼ਬਾਤਾਂ ਨੂੰ ਮਾਓ ਨੇ ਇਸ ਕਵਿਤਾ ਰਾਹੀਂ ਪ੍ਰਗਟ ਕੀਤਾ –

*ਅੱਛਾ ਅਲਵਿਦਾ,*
*ਮੈਂ ਚੱਲਿਆਂ ਹਾਂ ਆਪਣੀ ਯਾਤਰਾ 'ਤੇ*
*ਹਾਲਤ ਹੋਰ ਮਾੜੀ ਕਰ ਦਿੱਤੀ*
*ਉਹਨਾਂ ਉਦਾਸ ਨਜ਼ਰਾਂ ਨੇ*
*ਜੋ ਅਸੀਂ ਇੱਕ ਦੂਜੇ ਵੱਲ ਸੁੱਟੀਆਂ।*
*ਮੈਂ ਮਿੰਨਤ ਕਰਦਾ ਹਾਂ ਕਿ*
*ਤੋੜ ਲੈ ਇਹ ਜਜ਼ਬਾਤ ਦੀਆਂ ਕੜੀਆਂ*
*ਮੈਂ ਤਾਂ ਹੁਣ ਬਿਨਾਂ ਜੜ੍ਹਾਂ ਤੋਂ ਘੁੰਮਦਾ ਰਹਾਂਗਾ*
*ਅਤੇ ਕੋਈ ਵਾਸਤਾ ਨਹੀਂ ਰੱਖਾਂਗਾ*
*ਆਸ਼ਕਾਂ ਵਾਲੀ ਫੁਸਫੁਸਾਹਟ ਨਾਲ*

ਸਰਕਾਰੀ ਜਬਰ ਅਤੇ ਕੰਮ ਖੇਤਰਾਂ ਵਿੱਚ ਦੂਰੀ ਕਾਰਣ 1927 ਤੋਂ ਬਾਅਦ ਉਸ ਦਾ ਮਾਓ ਨਾਲੋਂ ਸਿੱਧਾ ਸੰਪਰਕ ਟੁੱਟ ਗਿਆ ਅਤੇ ਮਾਓ ਦੀ ਸੁੱਖਸਾਂਦ ਬਾਰੇ ਉਸ ਨੂੰ ਅਖ਼ਬਾਰਾਂ ਵਿਚੋਂ ਹੀ ਪਤਾ ਲਗਦਾ ਸੀ।

ਅਕਤੂਬਰ 1930 ਵਿੱਚ ਕੌਮਿਨਤਾਂਗ ਦੇ ਇੱਕ ਜੰਗੀ ਸਰਦਾਰ ਨੇ ਯਾਂਗ ਕੂਈ ਹੂਈ ਅਤੇ ਉਸ ਦੇ ਪੁੱਤਰ ਮਾਓ ਐਨੀਇੰਗ ਨੂੰ ਗ੍ਰਿਫਤਾਰ ਕਰ ਲਿਆ। ਉਹ ਚਾਹੁੰਦੇ ਸਨ ਕਿ ਹੂਈ ਜਨਤਕ ਤੌਰ 'ਤੇ ਮਾਓ ਜ਼ੇ ਤੁੰਗ ਅਤੇ ਚੀਨੀ ਕਮਿਊਨਿਸਟ ਪਾਰਟੀ ਦੀ ਨਿੰਦਾ ਕਰੇ। ਇਸ ਦੇ ਲਈ ਉਸ 'ਤੇ ਬਹੁਤ ਤਸ਼ੱਦਦ ਕੀਤਾ ਗਿਆ ਪਰ ਉਸ ਨੇ ਝੁਕਣ ਤੋਂ ਨਾਂਹ ਕਰ ਦਿੱਤੀ। ਉਸ ਨੇ ਆਪਣੇ ਬੰਦੀਕਾਰਾਂ ਨੂੰ ਕਿਹਾ, "ਤੁਸੀਂ ਮੈਨੂੰ ਜਿਵੇਂ ਵੀ ਚਾਹੋ ਮਾਰ ਸਕਦੇ ਹੋ, ਪਰ ਤੁਸੀਂ ਮੇਰੇ ਮੂੰਹ ਵਿਚੋਂ ਇਹੋ ਜਿਹੀ

ਗੱਲ ਕਦੇ ਨਹੀਂ ਕਢਵਾ ਸਕੋਗੇ। ਮੌਤ ਬੁਜ਼ਦਿਲਾਂ ਨੂੰ ਹੀ ਡਰਾ ਸਕਦੀ ਹੈ, ਸਾਨੂੰ ਕਮਿਊਨਿਸਟਾਂ ਨੂੰ ਨਹੀਂ।" "ਇਥੋਂ ਤੱਕ ਕਿ ਜੇ ਸਮੁੰਦਰ ਸੁੱਕ ਜਾਣ ਅਤੇ ਪਹਾੜ ਢਹਿ ਜਾਣ, ਮੈਂ ਮਾਓ ਜ਼ੇ-ਤੁੰਗ ਨਾਲੋਂ ਆਪਣੇ ਸਬੰਧ ਨਹੀਂ ਤੋੜਾਂਗੀ। ਮੈਂ ਮਾਓ ਦੇ ਇਨਕਲਾਬੀ ਜੀਵਨ ਦੀ ਸਫ਼ਲਤਾ ਲਈ ਮਰਨਾ ਪਸੰਦ ਕਰਦੀ ਹਾਂ।"

ਆਖਰ 14 ਨਵੰਬਰ 1930 ਨੂੰ ਯਾਂਗ ਕਾਈ ਹੂਈ ਨੂੰ ਗੋਲੀ ਮਾਰ ਦਿੱਤੀ ਗਈ ਅਤੇ ਉਹ ਚੀਨੀ ਕਮਿਊਨਿਸਟ ਲਹਿਰ ਦੇ ਪਹਿਲੇ ਸ਼ਹੀਦਾਂ ਵਿੱਚ ਸ਼ਾਮਲ ਹੋ ਗਈ। ਉਸ ਸਮੇਂ ਉਹ ਕੇਵਲ 29 ਸਾਲ ਦੀ ਸੀ। ਉਸ ਦੇ ਪੁੱਤਰ ਮਾਓ ਐਨੀਇੰਗ ਨੂੰ ਆਪਣੀ ਮਾਂ ਦਾ ਇਹ ਕਤਲ ਦੇਖਣ ਲਈ ਮਜਬੂਰ ਕੀਤਾ ਗਿਆ। ਮਾਓ ਅਤੇ ਹੂਈ ਦਾ ਇਹ ਪੁੱਤਰ ਬਾਅਦ ਵਿੱਚ ਕੋਰੀਆਈ ਜੰਗ ਵਿੱਚ ਸ਼ਹੀਦ ਹੋ ਗਿਆ। ਉਸ ਦਾ ਸਭ ਤੋਂ ਛੋਟਾ ਪੁੱਤਰ ਤਾਂ ਉਸ ਦੀ ਸ਼ਹੀਦੀ ਤੋਂ ਥੋੜ੍ਹੇ ਦਿਨ ਬਾਅਦ ਹੀ ਮਰ ਗਿਆ ਪਰ ਦੂਸਰੇ ਦੋਹਵੇਂ ਪੁੱਤਰ ਮਾਓ ਐਨੀਇੰਗ ਅਤੇ ਮਾਓ ਐਨਕਿੰਗ ਕੁਝ ਦਿਨ ਸ਼ੰਘਾਈ ਵਿੱਚ ਰੁਲਦੇ ਰਹੇ ਜਿਥੋਂ ਕਮਿਊਨਿਸਟ ਪਾਰਟੀ ਦੇ ਕਾਰਕੁੰਨਾਂ ਨੇ ਉਨ੍ਹਾਂ ਨੂੰ ਸਾਂਭ ਲਿਆ।

ਮਾਓ ਦੇ ਚਾਹੇ ਬਾਅਦ ਵਿੱਚ ਹੋਰ ਔਰਤਾਂ ਨਾਲ ਵਿਆਹੁਤਾ ਸਬੰਧ ਬਣੇ ਪਰ ਉਸ ਨੇ ਹੂਈ ਨੂੰ ਸਾਰੀ ਉਮਰ ਯਾਦ ਰੱਖਿਆ। 1937 ਵਿੱਚ ਪੱਤਰਕਾਰ ਐਗਨਸ ਸਮੈਡਲੀ ਨਾਲ ਗੱਲਬਾਤ ਕਰਦੇ ਸਮੇਂ ਉਸ ਨੇ ਯਾਂਗ ਕਾਈ ਹੂਈ ਦੀ ਯਾਦ ਵਿੱਚ ਲਿਖੀ ਕਵਿਤਾ ਉਸ ਨੂੰ ਸੁਣਾਈ। ਹੂਈ ਨੂੰ ਚੀਨ ਵਿੱਚ ਬਹੁਤ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਉਸ ਦੇ ਬਾਰੇ ਬਹੁਤ ਸਾਰੇ ਨਾਵਲ, ਕਹਾਣੀਆਂ ਅਤੇ ਫਿਲਮਾਂ ਬਣੀਆਂ।

***

# ਪਹਿਲੀਆਂ ਲਿਖਤਾਂ, ਪਹਿਲੇ ਵਿਚਾਰ

ਮਾਓ ਜ਼ੇ-ਤੁੰਗ ਦੀਆਂ ਕਮਿਊਨਿਸਟ ਸਿਧਾਂਤ ਅਤੇ ਯੁੱਧਨੀਤੀ ਬਾਰੇ ਲਿਖਤਾਂ ਤੋਂ ਤਾਂ ਇਨਕਲਾਬੀ ਸਿਆਸਤ ਵਿੱਚ ਦਿਲਚਸਪੀ ਰੱਖਣ ਵਾਲੇ ਬਹੁਤੇ ਵਿਅਕਤੀ ਜਾਣੂ ਹੀ ਹਨ ਪਰ ਉਸ ਦੇ ਮੁਢਲੇ ਸਮੇਂ ਦੀਆਂ ਲਿਖਤਾਂ ਵੀ ਉਸ ਦੀ ਅਗਾਂਹਵਧੂ ਸੋਚ ਅਤੇ ਯੋਗਤਾ ਬਾਰੇ ਜਾਣੂ ਕਰਵਾਉਂਦੀਆਂ ਹਨ। ਮਾਓ ਦਾ ਪਹਿਲਾ ਪ੍ਰਕਾਸ਼ਿਤ ਲੇਖ 'ਸਰੀਰਕ ਸਿੱਖਿਆ ਦਾ ਇੱਕ ਅਧਿਐਨ' ਮੰਨਿਆ ਜਾਂਦਾ ਹੈ ਜੋ ਅਪ੍ਰੈਲ 1917 ਵਿੱਚ 'ਨਵੀਂ ਜਵਾਨੀ' ਮੈਗ਼ਜ਼ੀਨ ਵਿੱਚ ਪ੍ਰਕਾਸ਼ਿਤ ਹੋਇਆ। ਇਸ ਲੇਖ ਦੇ ਤੱਤ ਬਾਰੇ ਗੱਲ ਕਰਨ ਤੋਂ ਪਹਿਲਾਂ ਇਸ ਵਿਸ਼ੇ ਦੇ ਪਿਛੋਕੜ ਬਾਰੇ ਜਾਣਨਾ ਜਰੂਰੀ ਹੈ। ਚੀਨ ਦੀ ਸਭਿਆਚਾਰਕ ਪਰੰਪਰਾ ਵਿੱਚ ਬੌਧਿਕ ਸਰਗਰਮੀਆਂ ਅਤੇ ਕਲਾਤਮਿਕ ਨਫ਼ਾਸਤ (Artistic refinement) ਨੂੰ ਸਰੀਰਕ ਸ਼ਕਤੀ ਅਤੇ ਸਰੀਰਕ ਮਿਹਨਤ ਕਰਨ ਦੇ ਬਿਲਕੁਲ ਉਲਟ ਰੱਖਿਆ ਜਾਂਦਾ ਸੀ। (ਇਹ ਗੱਲ ਕਾਫੀ ਹੱਦ ਤੱਕ ਭਾਰਤ ਦੀ ਵਰਣ ਵੰਡ ਵਿੱਚ ਵੀ ਲਾਗੂ ਹੁੰਦੀ ਸੀ) ਇਸ ਨਜ਼ਰੀਏ ਅਨੁਸਾਰ ਸਰੀਰਕ ਜੋਰ ਲਗਾਉਣਾ, ਵਿਦਵਾਨ ਲਈ ਗੈਰਵਾਜਿਬ ਅਤੇ ਦਿਮਾਗ ਦੇ ਸਹੀ ਵਿਕਾਸ ਲਈ ਮਾੜਾ ਮੰਨਿਆ ਜਾਂਦਾ ਸੀ। ਇੱਕ ਚੀਨੀ ਵਿਦਵਾਨ ਦਾ ਆਦਰਸ਼ਕ ਬਿੰਬ- ਪੀਲਾ ਚਿਹਰਾ, ਮਾਸ-ਪੇਸ਼ੀਆਂ ਤੋਂ ਰਹਿਤ ਸਰੀਰ, ਲੰਬੇ ਵਧੇ ਨਹੁੰ, ਢਿੱਲੜ ਜਿਹੀ ਚਾਲ-ਢਾਲ ਅਤੇ ਲੰਮਾ ਚੋਲਾ ਪਹਿਨਣਾ ਸੀ ਜੋ ਉਸ ਨੂੰ ਚੁਸਤੀ ਨਾਲ ਚੱਲਣ ਫਿਰਨ ਨਾ ਦੇਵੇ। ਉੱਚ ਵਰਗ ਦੀਆਂ ਔਰਤਾਂ ਲਈ ਤਾਂ ਇਹ ਮਾਪਦੰਡ ਹੋਰ ਵੀ ਸਿਰੇ ਦੇ ਸਨ ਜਿਨ੍ਹਾਂ ਵਿੱਚ ਬਚਪਨ ਤੋਂ ਲੋਹੇ ਦੇ ਬੂਟ ਪਹਿਨਾ ਕੇ ਛੋਟੇ ਰੱਖੇ ਪੈਰ, ਮੋਟਾ ਸਰੀਰ ਅਤੇ ਬੁਣਾਈ ਕਢਾਈ ਤੋਂ ਬਿਨਾਂ ਕੋਈ ਸਰੀਰਕ ਸਰਗਰਮੀ ਨਾ ਕਰਨਾ ਸ਼ਾਮਲ ਸਨ। ਵੀਹਵੀਂ ਸਦੀ ਦੇ ਸ਼ੁਰੂ ਵਿੱਚ ਦਿਮਾਗੀ ਯੋਗਤਾ ਅਤੇ ਸਰੀਰਕ ਕਸਰਤ ਕਰਨ ਵਿਚਕਾਰ ਸਬੰਧਾਂ ਬਾਰੇ ਨਜ਼ਰੀਆ ਬਦਲਣ ਲੱਗਾ ਸੀ, ਹੁਣ ਇਨ੍ਹਾਂ ਨੂੰ ਇੱਕ ਦੂਜੇ ਦੇ ਵਿਰੋਧੀ ਦੀ ਬਜਾਏ ਇੱਕ ਦੂਜੇ ਦੇ ਸਹਾਇਕ ਮੰਨਿਆ ਜਾਣ ਲੱਗਾ ਸੀ। ਇਸੇ ਤਰ੍ਹਾਂ ਕੇਵਲ ਆਪਣੇ ਹਾਰ ਸ਼ਿੰਗਾਰ ਵਿੱਚ ਲੱਗੀਆਂ ਰਹਿਣ ਵਾਲੀਆਂ ਅਤੇ ਛੋਟੇ ਪੈਰ ਰੱਖ ਕੇ ਅਪਾਹਜਾਂ ਵਾਂਗ ਕੀਤੀਆਂ ਔਰਤਾਂ ਵੀ ਸੁਧਾਰਕਾਂ ਅਤੇ ਨਾਰੀਵਾਦੀਆਂ ਦੇ ਨਿਸ਼ਾਨੇ 'ਤੇ ਆ ਗਈਆਂ ਸਨ। ਇੱਕ

ਨਵੀਂ ਬੌਧਿਕ ਲਹਿਰ ਖੜ੍ਹੀ ਹੋ ਰਹੀ ਸੀ ਜੋ 'ਪਰੰਪਰਾ' ਦੇ ਨਾਮ 'ਤੇ ਚੱਲੀਆਂ ਆਉਂਦੀਆਂ ਅਜਿਹੀਆਂ ਸਾਰੀਆਂ ਧਾਰਨਾਵਾਂ ਨੂੰ ਰੱਦ ਕਰਦੀ ਹੋਈ, ਆਦਮੀਆਂ ਅਤੇ ਔਰਤਾਂ ਦੇ ਮਜਬੂਤ ਸਰੀਰ ਹੋਣ ਨੂੰ ਚੰਗਾ ਆਦਰਸ਼ ਬਣਾ ਰਹੀ ਸੀ।

ਇਸ ਮਾਹੌਲ ਵਿੱਚ ਮਾਓ ਵੀ ਕਸਰਤ ਕਰਨ ਅਤੇ ਮਜਬੂਤ ਸਰੀਰ ਬਨਾਉਣ ਦੇ ਪੱਖ ਵਿੱਚ ਜੋਰਦਾਰ ਢੰਗ ਨਾਲ ਵਕਾਲਤ ਕਰ ਰਿਹਾ ਸੀ। ਉਸ ਨੇ ਮਜਬੂਤ ਸਰੀਰ ਬਨਾਉਣ ਨੂੰ ਕੇਵਲ ਵਿਅਕਤੀਗਤ ਪ੍ਰਾਪਤੀ ਤੱਕ ਸੀਮਿਤ ਨਾ ਰੱਖ ਕੇ ਇਸ ਨੂੰ ਕੌਮ ਦੀਆਂ ਲੋੜਾਂ ਨਾਲ ਵੀ ਜੋੜਿਆ। ਇਸ ਲੇਖ ਦੀ ਸ਼ੁਰੂਆਤ ਹੀ ਇਨ੍ਹਾਂ ਸਤਰਾਂ ਨਾਲ ਹੁੰਦੀ ਹੈ -'ਸਾਡੇ ਦੇਸ਼ ਵਿੱਚ ਤਾਕਤ ਦੀ ਘਾਟ ਹੈ; ਫੌਜੀ ਭਾਵਨਾ ਨੂੰ ਉਤਸ਼ਾਹਿਤ ਨਹੀਂ ਕੀਤਾ ਜਾ ਰਿਹਾ। ਸਾਡੇ ਲੋਕਾਂ ਦੀ ਸਰੀਰਕ ਹਾਲਤ ਦਿਨੋ ਦਿਨ ਡਿਗਦੀ ਜਾ ਰਹੀ ਹੈ।' ਉਸ ਨੇ ਲੇਖ ਵਿੱਚ ਇਸ ਨਾਅਰੇ 'ਤੇ ਜੋਰ ਦਿੱਤਾ, ' ਮਨ ਨੂੰ ਸਭਿਅਕ ਬਣਾਓ ਅਤੇ ਸਰੀਰ ਨੂੰ ਜਾਂਗਲੀ' (Civilize the mind and make savage the body) ਇਸ ਤਰ੍ਹਾਂ ਉਸ ਨੇ ਇਸ ਮੁਢਲੇ ਲੇਖ ਵਿੱਚ ਵੀ ਦੋ ਵਿਰੋਧੀ ਪੱਖਾਂ ਦੇ ਏਕੇ ਨੂੰ ਉਭਾਰਿਆ, ਜੋ ਗੱਲ ਉਸ ਦੀਆਂ ਬਾਅਦ ਦੀਆਂ ਸਿਧਾਂਤਕ ਲਿਖਤਾਂ ਦਾ ਧੁਰਾ ਬਣਦੀ ਰਹੀ। ਉਸ ਨੇ ਸਰੀਰਕ ਮਜਬੂਤੀ ਬਾਰੇ ਗੱਲਾਂ ਨੂੰ ਕੇਵਲ ਲਿਖਣ ਤੱਕ ਹੀ ਸੀਮਿਤ ਨਹੀਂ ਰੱਖਿਆ ਸਗੋਂ ਇਸ ਨੂੰ ਖ਼ੁਦ 'ਤੇ ਵੀ ਲਾਗੂ ਕੀਤਾ। ਉਸ ਨੂੰ ਤੈਰਨ ਦਾ ਸ਼ੌਂਕ ਸਾਰੀ ਉਮਰ ਜਨੂੰਨ ਦੀ ਹੱਦ ਤੀਕ ਰਿਹਾ। ਇਸ ਤੋਂ ਬਿਨਾਂ ਲੰਮੀਆਂ ਵਾਟਾਂ ਪੈਦਲ ਤਹਿ ਕਰਨੀਆਂ, ਪਹਾੜਾਂ ਦੀਆਂ ਚੜ੍ਹਾਈਆਂ ਚੜ੍ਹਨਾ ਅਤੇ ਹੋਰ ਸਰੀਰਕ ਕਸਰਤਾਂ ਕਰਨਾ ਉਸ ਦਾ ਸ਼ੌਂਕ ਰਿਹਾ ਜੋ ਬਾਅਦ ਦੇ ਇਨਕਲਾਬੀ ਦੌਰ ਦੀਆਂ ਮੁਸ਼ਕਿਲਾਂ ਵਿੱਚ ਨਿਭਣ ਦੇ ਬਹੁਤ ਕੰਮ ਆਇਆ।

1919 ਦੇ ਸ਼ੁਰੂ ਵਿੱਚ ਮਾਓ ਬੀਜ਼ਿੰਗ ਛੱਡ ਕੇ ਵਾਪਸ ਆਪਣੇ ਸੂਬੇ ਵਿੱਚ ਆ ਗਿਆ ਸੀ ਕਿਉਂਕਿ ਉਸ ਨੂੰ ਆਪਣੀ ਮਾਤਾ ਦੀ ਬਿਮਾਰੀ ਦਾ ਸੁਨੇਹਾ ਮਿਲਿਆ ਸੀ। ਉਸ ਦੇ ਆਉਣ ਤੋਂ ਕੁਝ ਸਮੇਂ ਬਾਅਦ ਹੀ ਬੀਜ਼ਿੰਗ ਵਿੱਚ 4 ਮਈ ਦੀ ਲਹਿਰ ਸ਼ੁਰੂ ਹੋ ਗਈ। ਇਹ ਲਹਿਰ ਵਾਰਸੇਲਜ਼ ਦੀ ਸੰਧੀ ਦੇ ਖਿਲਾਫ਼ ਸੀ। ਇਹ ਸੰਧੀ ਪਹਿਲੀ ਸੰਸਾਰ ਜੰਗ ਤੋਂ ਬਾਅਦ, ਜੰਗ ਵਿੱਚ ਸ਼ਾਮਲ ਦੇਸ਼ਾਂ ਵਿਚਕਾਰ ਹੋਈ ਸੀ। ਇਸ ਜੰਗ ਵਿੱਚ ਚੀਨ ਦੇ ਸੈਨਿਕ ਮਿੱਤਰ ਦੇਸ਼ਾਂ (ਬ੍ਰਿਟੇਨ, ਫਰਾਂਸ) ਵੱਲੋਂ ਲੜਾਈ ਵਿੱਚ ਸ਼ਾਮਲ ਹੋਏ ਸਨ ਜਿਸ ਕਰਕੇ ਚੀਨੀਆਂ ਨੂੰ ਆਸ ਸੀ ਜੰਗ ਦੇ ਖਾਤਮੇ ਬਾਅਦ ਜਰਮਨਾਂ ਦੇ ਕਬਜੇ ਹੇਠ ਰਹੇ ਚੀਨੀ ਇਲਾਕੇ ਚੀਨ ਨੂੰ ਵਾਪਸ ਮੋੜ ਦਿੱਤੇ ਜਾਣਗੇ। ਪਰ ਸੰਧੀ ਵਿੱਚ ਉਹ ਇਲਾਕੇ ਚੀਨ ਨੂੰ ਦੇਣ ਦੀ ਬਜਾਏ ਜਾਪਾਨ ਦੇ ਹਵਾਲੇ ਕਰ ਦਿੱਤੇ ਗਏ। ਜਾਪਾਨ ਪਹਿਲਾਂ ਹੀ ਚੀਨ ਦੇ ਹੋਰ ਇਲਾਕਿਆਂ ਉੱਤੇ ਅੱਖ ਰੱਖੀ ਬੈਠਾ ਸੀ। ਇਸ ਤੋਂ ਚੀਨ ਵਿੱਚ ਗੁੱਸਾ ਭੜਕ ਉਠਿਆ, 4 ਮਈ ਨੂੰ ਬੀਜ਼ਿੰਗ ਯੂਨੀਵਰਸਿਟੀ ਦੇ ਹਜਾਰਾਂ

ਵਿਦਿਆਰਥੀਆਂ ਨੇ ਮੁਜਾਹਰਾ ਕੱਢ ਕੇ ਚੀਨ ਸਰਕਾਰ ਨੂੰ ਕਿਹਾ ਕਿ ਉਹ ਚੀਨ ਦੇ ਹਿਤਾਂ ਨਾਲ ਗਦਾਰੀ ਨਾ ਕਰੇ। ਲੋਕਾਂ ਦਾ ਗੁੱਸਾ ਵੇਖ ਕੇ ਚੀਨੀ ਸਰਕਾਰ ਸੰਧੀ ਉੱਤੇ ਦਸਤਖ਼ਤ ਕਰਨ ਤੋਂ ਤਾਂ ਪਿੱਛੇ ਹਟ ਗਈ ਪਰ ਉਸ ਦੀਆਂ ਬਾਕੀ ਨੀਤੀਆਂ ਉਵੇਂ ਜਾਰੀ ਰਹੀਆਂ। ਸੋ ਇਹ ਲਹਿਰ ਹੋਰ ਸ਼ਹਿਰਾਂ ਵਿੱਚ ਵੀ ਫੈਲਦੀ ਗਈ। ਮਾਓ ਬੀਜ਼ਿੰਗ ਤੋਂ ਦੂਰ ਹੋਣ ਕਰਕੇ ਇਸ ਲਹਿਰ ਵਿੱਚ ਸਿੱਧੀ ਸ਼ਮੂਲੀਅਤ ਤਾਂ ਨਾ ਕਰ ਸਕਿਆ ਪਰ ਉਸਨੇ ਆਪਣੇ ਰਸਾਲੇ 'ਸਿਆਂਗ ਨਦੀ ਰਿਵੀਊ' ਵਿੱਚ ਇਸ ਲਹਿਰ ਦੇ ਹੱਕ ਵਿੱਚ ਬਹੁਤ ਖੁੱਲ੍ਹ ਕੇ ਲਿਖਿਆ। ਹੂਨਾਨ ਦੇ ਜੰਗੀ ਹਾਕਮਾਂ ਨੇ ਇਸ ਰਸਾਲੇ ਉੱਤੇ ਪਾਬੰਦੀ ਲਗਾ ਕੇ ਬੰਦ ਕਰਵਾ ਦਿੱਤਾ।

ਇਸੇ ਸਾਲ, ਨਵੰਬਰ ਵਿੱਚ ਹੀ ਚਾਂਗਸ਼ਾ ਵਿਖੇ ਇੱਕ ਸਥਾਨਕ ਘਟਨਾ ਨੇ ਮਾਓ ਨੂੰ ਔਰਤ ਦੇ ਮਸਲਿਆਂ ਬਾਰੇ ਲਿਖਣ ਲਈ ਪ੍ਰੇਰਿਤ ਕੀਤਾ। ਜਾਓ ਨਾਂ ਦੀ ਇੱਕ ਔਰਤ ਦਾ ਧੱਕੇ ਨਾਲ ਇੱਕ ਅਜਿਹੇ ਬੰਦੇ ਨਾਲ ਵਿਆਹ ਕਰ ਦਿੱਤਾ ਗਿਆ ਜਿਸ ਨੂੰ ਉਹ ਬਿਲਕੁਲ ਹੀ ਪਸੰਦ ਨਹੀਂ ਕਰਦੀ ਸੀ। ਜਦ ਉਸ ਨੂੰ ਡੋਲੀ ਵਿੱਚ ਪਾ ਕੇ ਹੋਣ ਵਾਲੇ ਪਤੀ ਦੇ ਘਰ ਲਿਜਾਇਆ ਜਾ ਰਿਹਾ ਸੀ ਤਾਂ ਉਸ ਨੇ ਆਪਣੀ ਘੰਡੀ ਕੱਟ ਕੇ ਆਤਮ-ਹੱਤਿਆ ਕਰ ਲਈ। ਚਾਹੇ ਚੀਨੀ ਸਮਾਜ ਵਿੱਚ ਪਹਿਲਾਂ ਵੀ ਇਹੋ ਜਿਹੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਸਨ ਪਰ ਮਾਓ ਨੇ ਇਸ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਬਾਰੇ ਨੌਂ ਲੇਖ ਲਿਖੇ ਜੋ ਹੂਨਾਨ ਦੇ ਵੱਖ ਵੱਖ ਅਖ਼ਬਾਰਾਂ ਵਿੱਚ ਛਪੇ। ਮਾਓ ਨੇ ਇਸ ਮੁੱਦੇ ਬਾਰੇ ਗੱਲ ਇਉਂ ਸ਼ੁਰੂ ਕੀਤੀ, "ਜਦ ਸਾਡੇ ਸਮਾਜ ਵਿੱਚ ਅਜਿਹਾ ਕੁਝ ਵਾਪਰਦਾ ਹੈ ਤਾਂ ਸਾਨੂੰ ਇਸ ਦੀ ਮਹੱਤਤਾ ਘਟਾ ਕੇ ਨਹੀਂ ਦੇਖਣੀ ਚਾਹੀਦੀ।" ਉਸ ਦੇ ਕਹਿਣ ਦਾ ਭਾਵ ਸੀ ਕਿ ਸਾਨੂੰ ਰੋਜਾਨਾ ਜੀਵਨ ਵਿੱਚ, ਆਪਣੇ ਆਸ ਪਾਸ ਵਾਪਰ ਰਹੀਆਂ ਘਟਨਾਵਾਂ ਬਾਰੇ ਵੀ ਉਸੇ ਤਰ੍ਹਾਂ ਸਮਾਜਿਕ ਤੌਰ 'ਤੇ ਬਹਿਸ ਛੇੜਣੀ ਚਾਹੀਦੀ ਹੈ ਜਿਵੇਂ ਵੱਡੀਆਂ ਕੌਮੀ ਜਾਂ ਕੌਮਾਂਤਰੀ ਘਟਨਾਵਾਂ ਬਾਰੇ ਕਰਦੇ ਹਾਂ। ਮਾਓ ਨੇ ਸਵਾਲ ਪੇਸ਼ ਕੀਤਾ ਕਿ ਕੀ ਉਹ ਆਪਣੀ ਮੌਤ ਦੀ ਖ਼ੁਦ ਜਿੰਮੇਵਾਰ ਸੀ ਜਾਂ ਸਮਾਜ ਉਸ ਦਾ ਕਾਤਲ ਸੀ ਜਿਸ ਦੇ ਗਲਤ ਮਾਪਦੰਡਾਂ ਦਾ ਉਹ ਸ਼ਿਕਾਰ ਬਣੀ? ਮਾਓ ਨੇ ਸਮਾਜ ਵਿੱਚ ਔਰਤਾਂ ਦੇ ਮਾੜੇ ਸਥਾਨ ਦਾ ਵਿਸ਼ਲੇਸ਼ਣ ਕਰਦੇ ਹੋਏ ਲਿਖਿਆ ਕਿ ਸਮਾਜ ਵੱਲੋਂ ਔਰਤਾਂ ਪ੍ਰਤੀ ਵਤੀਰਾ ਬਹੁਤ ਹਿੰਸਕ ਹੈ ਅਤੇ ਬਹੁਤ ਸਾਰੇ ਵਿਆਹੁਤਾ ਸਬੰਧ ਰੋਜ ਦੇ ਬਲਾਤਕਾਰ ਤੋਂ ਵੱਧ ਕੁਝ ਨਹੀਂ ਹਨ। ਉਨ੍ਹਾਂ ਦੀ ਆਜਾਦੀ ਆਤਮਹੱਤਿਆ ਕਰਨ ਦੀ ਖੁੱਲ੍ਹ ਹੀ ਲੈ ਸਕਦੀ ਹੈ। ਮਾਓ ਨੇ ਅੱਗੇ ਸਵਾਲ ਉਠਾਇਆ ਕਿ ਕੀ ਔਰਤਾਂ ਨੂੰ (ਅਤੇ ਆਦਮੀਆਂ ਨੂੰ ਵੀ) ਮਾਪਿਆਂ ਦੁਆਰਾ ਤੈਅ ਕੀਤੀਆਂ ਸ਼ਾਦੀਆਂ ਨੂੰ ਸਿਰ ਝੁਕਾ ਕੇ ਮੰਨ ਲੈਣਾ ਚਾਹੀਦਾ ਹੈ ਜਾਂ ਉਨ੍ਹਾਂ ਨੂੰ ਆਪਣੇ ਜੀਵਨ ਸਾਥੀ ਚੁਣਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ? ਜੇ ਦੂਸਰੀ ਗੱਲ ਨੂੰ ਲਾਗੂ ਕਰਨਾ ਹੈ ਤਾਂ

ਔਰਤਾਂ ਦੀ ਜਨਤਕ ਜੀਵਨ ਦੇ ਹਰ ਖੇਤਰ ਵਿੱਚ ਵੱਡੀ ਪੱਧਰ 'ਤੇ ਸ਼ਮੂਲੀਅਤ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਮਾਓ ਨੇ ਔਰਤ ਲਈ ਜੀਵਨ ਸਾਥੀ ਦੀ ਚੋਣ ਵਿੱਚ ਆਜਾਦੀ ਹੋਣ ਦੇ ਮਸਲੇ ਨੂੰ ਵਿਅਕਤੀਗਤ ਕੋਸ਼ਿਸ਼ਾਂ ਦੀ ਬਜਾਏ ਸਮਾਜਿਕ ਅਤੇ ਰਾਜਨੀਤਕ ਪ੍ਰਬੰਧ ਵਿੱਚ ਤਬਦੀਲੀ ਦੀ ਲੋੜ ਨਾਲ ਜੋੜਿਆ।

ਜਦ ਮਾਓ ਜ਼ੇ-ਤੁੰਗ ਮਿਸ ਜਾਓ ਦੀ ਖ਼ੁਦਕਸ਼ੀ ਬਾਰੇ ਇਹ ਬਹਿਸ ਚਲਾ ਰਿਹਾ ਸੀ ਤਾਂ ਉਸੇ ਸਮੇਂ ਇਬਸਨ ਦਾ ਮਸ਼ਹੂਰ ਨਾਟਕ 'ਗੁੱਡੀ ਦਾ ਘਰ' (A doll's house) ਚੀਨੀ ਭਾਸ਼ਾ ਵਿੱਚ ਤਾਜਾ ਤਾਜਾ ਅਨੁਵਾਦ ਹੋ ਕੇ ਸ਼ੰਘਾਈ ਦੀ ਸਟੇਜ 'ਤੇ ਖੇਡਿਆ ਗਿਆ ਸੀ ਜਿਸ ਨੇ ਚੀਨ ਦੇ ਬੁੱਧੀਜੀਵੀ ਹਲਕਿਆਂ ਵਿੱਚ ਵੱਡੀ ਬਹਿਸ ਛੇੜ ਰੱਖੀ ਸੀ। ਇਸ ਨਾਟਕ ਵਿੱਚ ਨਾਇਕਾ 'ਨੌਰਾ' ਆਪਣੇ ਦਬਾਊ ਪਤੀ ਅਤੇ ਘਰ ਦੇ ਦਮਘੋਟੂ ਮਾਹੌਲ ਤੋਂ ਤੰਗ ਆ ਕੇ ਘਰ ਛੱਡ ਕੇ ਚਲੀ ਜਾਂਦੀ ਹੈ। ਚੀਨ ਦੇ ਅਗਾਂਹਵਧੂ ਬੁੱਧੀਜੀਵੀ 'ਨੌਰਾ' ਨੂੰ ਮਾੜੇ ਵਿਆਹਾਂ ਵਿੱਚ ਫਸੀਆਂ ਔਰਤਾਂ ਲਈ ਰੋਲ-ਮਾਡਲ ਵਜੋਂ ਪੇਸ਼ ਕਰ ਰਹੇ ਸਨ, ਕਿ ਉਨ੍ਹਾਂ ਨੂੰ ਨੌਰਾ ਵਾਂਗ ਘਰ ਛੱਡ ਕੇ ਚਲੀਆਂ ਜਾਣਾ ਚਾਹੀਦਾ ਹੈ। ਇਸ ਪ੍ਰਸੰਗ ਵਿੱਚ ਚੀਨ ਦੇ ਮਸ਼ਹੂਰ ਲੇਖਕ ਲੂ ਸ਼ੁਨ ਨੇ ਸਵਾਲ ਕੀਤਾ ਕਿ - 'ਚੀਨੀ ਨੌਰਾ' ਜੇ ਘਰ ਛੱਡ ਜਾਂਦੀ ਹੈ ਤਾਂ ਉਸ ਨਾਲ ਕੀ ਵਾਪਰੇਗਾ? ਉਸ ਦਾ ਭਾਵ ਸੀ ਕਿ ਜੇ ਸਮਾਜ ਆਜਾਦ ਔਰਤ ਨੂੰ ਕਬੂਲ ਕਰਨ ਲਈ ਤਿਆਰ ਨਹੀਂ ਹੈ ਤਾਂ ਅਜਿਹੀ ਔਰਤ ਲਈ ਵੇਸਵਾਪੁਣੇ ਜਾਂ ਮੌਤ ਤੋਂ ਇਲਾਵਾ ਹੋਰ ਕੋਈ ਰਾਹ ਹੀ ਨਹੀਂ ਬਚਦਾ। ਅਜਿਹੀ ਬਹਿਸ ਵਿਚੋਂ ਹੀ ਮਾਓ ਨੇ ਔਰਤ ਦੀ ਆਜਾਦੀ ਨੂੰ ਸਮਾਜਿਕ ਤਬਦੀਲੀ ਨਾਲ ਜੋੜ ਕੇ ਪੇਸ਼ ਕੀਤਾ।

***

# ਕਮਿਊਨਿਸਟ ਵਜੋਂ ਸ਼ੁਰੂਆਤੀ ਸਮਾਂ

ਮਾਓ 1920 ਤੱਕ ਮਾਰਕਸਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਹੋ ਚੁੱਕਾ ਸੀ। ਉਸ ਵਾਂਗ ਵੱਖ ਵੱਖ ਥਾਂਵਾਂ ਉੱਤੇ ਕੁਝ ਹੋਰ ਬੁੱਧੀਜੀਵੀ ਵੀ ਮਾਰਕਸਵਾਦ ਨੂੰ ਰਾਹ ਦਸੇਰਾ ਸਮਝਣ ਲੱਗ ਪਏ ਸਨ ਅਤੇ ਚੀਨ ਵਿੱਚ ਕਮਿਊਨਿਸਟ ਪਾਰਟੀ ਦੀ ਸਥਾਪਨਾ ਲਈ ਕੋਸ਼ਿਸ਼ਾਂ ਕਰਨ ਲੱਗ ਪਏ ਸਨ। ਇਸ ਲਈ ਚੈੱਨ ਤੂ-ਸੀਓ[4] ਅਤੇ ਲੀ ਤਾ-ਚਾਓ [5] ਨੇ ਬੀਜ਼ਿੰਗ ਵਿੱਚ ਰਹਿ ਰਹੇ ਕੁਝ ਰੂਸੀਆਂ ਰਾਹੀਂ ਕਮਿਊਨਿਸਟਾਂ ਦੀ ਕੌਮਾਂਤਰੀ ਜਥੇਬੰਦੀ ਕਮਿੰਨਟਰਨ (ਕਮਿਊਨਿਸਟ ਇੰਟਰਨੈਸ਼ਨਲ) ਨਾਲ ਸੰਪਰਕ ਕੀਤਾ। ਜਿਸ ਦੇ ਸਿੱਟੇ ਵਜੋਂ ਕਮਿੰਨਟਰਨ ਦੇ ਨੁਮਾਇੰਦੇ ਚੀਨ ਆ ਕੇ ਇਨ੍ਹਾਂ ਆਗੂਆਂ ਨੂੰ ਮਿਲੇ ਅਤੇ ਕੁਝ ਮੁਢਲੀ ਤਿਆਰੀ ਬਾਅਦ ਮਈ 1921 ਵਿੱਚ ਚੀਨੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਮੀਟਿੰਗ ਹੋਈ ਜਿਸ ਵਿੱਚ ਮਾਓ ਜ਼ੇ ਤੁੰਗ ਵੀ ਸ਼ਾਮਲ ਹੋਇਆ ਅਤੇ ਪਾਰਟੀ ਦੀ ਹੂਨਾਨ ਸ਼ਾਖ ਦੇ ਸਕੱਤਰ ਵਜੋਂ ਜਿੰਮੇਵਾਰੀਆਂ ਸੰਭਾਲੀਆਂ।

ਮੁਢਲੇ ਸਾਲਾਂ ਵਿੱਚ ਚੀਨ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਚੈੱਨ ਤੂ-ਸੀਓ ਅਤੇ ਲੀ ਤਾ-ਚਾਓ ਕਰ ਰਹੇ ਸਨ ਅਤੇ ਮਾਓ ਦੋਹਵਾਂ ਤੋਂ ਬਹੁਤ ਪ੍ਰਭਾਵਿਤ ਸੀ। ਲੀ ਤਾ-ਚਾਓ ਤਾਂ ਪੀਕਿੰਗ ਯੂਨੀਵਰਸਿਟੀ ਦਾ ਉਹੀ ਲਾਇਬ੍ਰੇਰੀਅਨ ਸੀ ਜਿਸ ਦੇ ਸਹਾਇਕ ਵਜੋਂ ਮਾਓ ਕੰਮ ਕਰਦਾ ਰਿਹਾ ਸੀ ਅਤੇ ਚੈੱਨ ਤੂ-ਸੀਓ ਵੀ ਚੀਨ ਵਿੱਚ ਮਾਰਕਸਵਾਦੀ ਵਿਚਾਰਾਂ ਦੀ ਜੜ੍ਹ ਲਾਉਣ ਵਾਲਾ ਸੀ। ਮਾਓ ਦੋਹਵਾਂ ਲਈ ਹੀ ਚੀਨ ਦੇ ਸਭ ਤੋਂ ਸ਼ਾਨਦਾਰ ਬੁੱਧੀਜੀਵੀ ਆਗੂ ਸ਼ਬਦ ਵਰਤਦਾ ਹੈ ਹਾਲਾਂ ਕਿ ਕੁਝ ਸਾਲਾਂ ਬਾਅਦ ਪਾਰਟੀ ਲਾਈਨ ਦੇ ਸਵਾਲ 'ਤੇ ਚੈੱਨ ਨਾਲ ਹੀ ਉਸ ਦਾ ਸਭ ਤੋਂ ਜੋਰਦਾਰ ਵਿਰੋਧ ਖੜ੍ਹਾ ਹੁੰਦਾ ਹੈ।

ਖੈਰ 1922 ਵਿੱਚ ਪਾਰਟੀ ਦੀ ਹੂਨਾਨ ਸ਼ਾਖ ਦੀ ਅਗਵਾਈ ਕਰਦਿਆਂ ਉਸ ਨੇ ਵੱਖ ਵੱਖ ਅਦਾਰਿਆਂ ਦੇ ਮਜਦੂਰਾਂ ਦੀਆਂ ਟ੍ਰੇਡ ਯੂਨੀਅਨਾਂ ਖੜ੍ਹੀਆਂ ਕੀਤੀਆਂ ਅਤੇ ਕਈ ਹੜਤਾਲਾਂ ਅਤੇ ਸੰਘਰਸ਼ ਜਥੇਬੰਦ ਕੀਤੇ। ਮਾਓ ਦੀ ਪਤਨੀ ਯਾਂਗ ਕਾਈ-ਹੁਈ ਨੇ ਔਰਤਾਂ ਨੂੰ ਜਥੇਬੰਦ ਕਰਨ ਅਤੇ ਉਨ੍ਹਾਂ ਦੀ ਸਿੱਖਿਆ ਦਾ ਕੰਮ ਸੰਭਾਲ ਲਿਆ ਅਤੇ ਮਾਓ ਦੇ ਦੋਹਵੇਂ ਭਰਾ ਉਥੋਂ ਦੇ ਖਾਨ ਮਜਦੂਰਾਂ ਵਿੱਚ ਸਰਗਰਮੀ ਨਾਲ ਕੰਮ ਕਰਨ ਲੱਗੇ। ਇੱਕ ਜਥੇਬੰਦਕ ਆਗੂ ਵਜੋਂ ਮਾਓ ਦੀ ਕਾਬਲੀਅਤ ਤੋਂ ਚੈੱਨ ਤੂ-ਸੀਓ

ਵਰਗੇ ਵੱਡੇ ਆਗੂ ਬਹੁਤ ਪ੍ਰਭਾਵਿਤ ਹੋਏ ਅਤੇ ਜਨਵਰੀ 1923 ਵਿੱਚ ਉਸ ਨੂੰ ਸ਼ੰਘਾਈ ਆ ਕੇ ਪਾਰਟੀ ਦੀ ਕੇਂਦਰੀ ਕਮੇਟੀ ਦਾ ਮੈਂਬਰ ਬਣਨ ਦਾ ਸੱਦਾ ਦਿੱਤਾ।

1923 ਵਿੱਚ ਚੀਨੀ ਕਮਿਊਨਿਸਟ ਪਾਰਟੀ ਵੱਲੋਂ ਇੱਕ ਵੱਡਾ ਫ਼ੈਸਲਾ ਕੀਤਾ ਗਿਆ ਜਿਸ ਅਨੁਸਾਰ ਕਮਿਊਨਿਸਟ, ਉੱਤਰ ਦੇ ਜੰਗੀ ਸਰਦਾਰਾਂ ਨਾਲ ਲੜਾਈ ਵਿੱਚ, ਚੀਨੀ ਕੌਮਪ੍ਰਸਤ ਪਾਰਟੀ ਕੌਮਿਨਤਾਂਗ ਨਾਲ ਸਹਿਯੋਗ ਕਰਨਗੇ, ਇਸ ਦੇ ਲਈ ਉਹ ਇਸ ਵਿੱਚ ਸ਼ਾਮਲ ਵੀ ਹੋਣਗੇ ਅਤੇ ਪਰ ਆਪਣਾ ਅਲੱਗ ਮੰਚ ਕਾਇਮ ਰੱਖਣਗੇ।

ਕੌਮਿਨਤਾਂਗ, ਚੀਨੀ ਕੌਮਪ੍ਰਸਤ ਪਾਰਟੀ ਸੀ ਜਿਸ ਦਾ ਮੁਢਲਾ ਉਦੇਸ਼ ਚੀਨ ਵਿਚੋਂ ਬਾਦਸ਼ਾਹਤ ਅਤੇ ਜੰਗੀ ਸਰਦਾਰਾਂ ਦਾ ਖਾਤਮਾ ਕਰਕੇ ਜਮਹੂਰੀ ਰਾਜ ਸਥਾਪਿਤ ਕਰਨਾ ਸੀ। 1911 ਦੇ ਇਨਕਲਾਬ ਰਾਹੀਂ ਇਸ ਨੇ ਦੋ ਹਜ਼ਾਰ ਸਾਲ ਤੋਂ ਚੱਲੀ ਆਉਂਦੀ ਬਾਦਸ਼ਾਹਤ ਨੂੰ ਖਤਮ ਕਰਕੇ ਚੀਨੀ ਰਿਪਬਲਿਕ ਦੀ ਸਥਾਪਨਾ ਵਿੱਚ ਸਫਲਤਾ ਹਾਸਲ ਕੀਤੀ। ਇਸ ਦਾ ਸਿਧਾਂਤਕ ਆਗੂ ਡਾ. ਸੁਨ ਯਤ-ਸੇਨ ਸੀ ਪਰ ਇਸ ਦੀ ਫੌਜੀ ਅਗਵਾਈ ਯੂਆਨ ਸ਼ੀ-ਕਾਈ ਨਾਂ ਦੇ ਜਰਨੈਲ ਹੱਥ ਸੀ, ਸਿੱਟੇ ਵਜੋਂ ਰਾਜਸੱਤਾ ਉੱਤੇ ਕੰਟਰੋਲ ਯੂਆਨ ਦਾ ਹੀ ਸੀ। ਜਲਦੀ ਹੀ ਯੂਆਨ ਨੇ ਪਾਰਲੀਮੈਂਟ ਨੂੰ ਨਜ਼ਰਅੰਦਾਜ ਕਰਨਾ ਸ਼ੁਰੂ ਕਰ ਦਿੱਤਾ ਅਤੇ ਦਸੰਬਰ 1915 ਵਿੱਚ ਖ਼ੁਦ ਨੂੰ ਬਾਦਸ਼ਾਹ ਘੋਸ਼ਿਤ ਕਰ ਦਿੱਤਾ ਅਤੇ ਸੁਨ ਯਤ-ਸੇਨ ਵਰਗੇ ਵਿਰੋਧੀਆਂ ਨੂੰ ਦੇਸ਼ ਵਿਚੋਂ ਕੱਢ ਦਿੱਤਾ ਜਿਨ੍ਹਾਂ ਨੇ ਜਾਪਾਨ ਵਿੱਚ ਪਨਾਹ ਲਈ। ਪਰ ਉਸ ਦੇ ਇਸ ਕਦਮ ਦਾ ਜੋਰਦਾਰ ਵਿਰੋਧ ਹੋਇਆ ਅਤੇ ਇਸ ਵਿਰੋਧ ਦਰਮਿਆਨ ਹੀ 1916 ਵਿੱਚ ਉਸ ਦੀ ਮੌਤ ਹੋ ਗਈ। 1917 ਵਿੱਚ ਸੁਨ ਯਤ-ਸੇਨ ਚੀਨ ਮੁੜ ਆਇਆ ਅਤੇ ਉਸ ਨੇ ਕੈਂਟਨ ਵਿਖੇ ਪੁਰਾਣੀ ਕੌਮਿਨਤਾਂਗ ਪਾਰਟੀ ਦੀ ਸੱਤਾ ਸਥਾਪਿਤ ਕਰ ਲਈ। 1923 ਵਿੱਚ ਸੋਵੀਅਤ ਰੂਸ ਨੇ ਇਸ ਨੂੰ ਮਾਨਤਾ ਦੇ ਕੇ ਸਹਾਇਤਾ ਦੇਣੀ ਸ਼ੁਰੂ ਕੀਤੀ ਤਾਂ ਜੋ ਇਹ ਚੀਨ ਵਿਚੋਂ ਜੰਗੀ ਸਰਦਾਰਾਂ ਦੀ ਪਿਛਾਖੜੀ ਸੱਤਾ ਦਾ ਖਾਤਮਾ ਕਰ ਕੇ ਜਮਹੂਰੀ ਰਾਜ ਕਾਇਮ ਰੱਖ ਸਕੇ। ਅਸਲ ਵਿੱਚ ਰੂਸ ਅਤੇ ਕਮਿੰਟਰਨ ਦੀਆਂ ਸਲਾਹਾਂ ਨਾਲ ਹੀ ਚੀਨੀ ਕਮਿਊਨਿਸਟ ਪਾਰਟੀ ਨੇ ਕੌਮਿਨਤਾਂਗ ਵਿੱਚ ਸ਼ਾਮਲ ਹੋ ਕੇ ਕੰਮ ਕਰਨ ਦਾ ਫੈਸਲਾ ਲਿਆ ਸੀ। ਇਸ ਦੇ ਲਈ ਵਤਨਪ੍ਰਸਤੀ, ਜਮਹੂਰੀਅਤ ਅਤੇ ਆਮ ਲੋਕਾਂ ਦੇ ਚੰਗੇ ਜੀਵਨ-ਨਿਰਬਾਹ ਦੇ ਤਿੰਨ ਅਸੂਲਾਂ ਨੂੰ ਆਧਾਰ ਬਣਾਇਆ ਗਿਆ। (ਇਹ ਲਗਪੱਗ ਉਸੇ ਤਰ੍ਹਾਂ ਸੀ ਜਿਸ ਤਰ੍ਹਾਂ ਕਮਿੰਟਰਨ ਦੀ ਸਲਾਹ 'ਤੇ 1936 ਵਿੱਚ ਭਾਰਤ ਦੇ ਕਮਿਊਨਿਸਟ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਕੇ ਕੰਮ ਕਰਦੇ ਰਹੇ ਸਨ।) ਇਸ ਨੀਤੀ ਤਹਿਤ ਕੰਮ ਕਰਦੇ ਹੋਏ ਮਾਰਚ 1923 ਵਿੱਚ ਮਾਓ ਸ਼ੰਘਾਈ ਚਲਾ ਗਿਆ ਅਤੇ ਉਥੇ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਦੀਆਂ ਜਿੰਮੇਵਾਰੀਆਂ ਨਿਭਾਉਣ ਦੇ ਨਾਲ ਨਾਲ ਕੌਮਿਨਤਾਂਗ ਦੀ ਸ਼ੰਘਾਈ ਬ੍ਰਾਂਚ ਦੀ ਕਾਰਜਕਾਰਨੀ ਦੇ ਮੈਂਬਰ ਵਜੋਂ ਕੰਮ ਕਰਨ ਲੱਗਾ।

ਕੁਝ ਮਹੀਨੇ ਬਾਅਦ ਮਾਓ ਬੀਮਾਰ ਹੋ ਜਾਣ ਕਾਰਣ ਕੁਝ ਸਮੇਂ ਲਈ ਆਪਣੇ ਸੂਬੇ ਹੂਨਾਨ ਵਿਖੇ ਆਰਾਮ ਕਰਨ ਆਇਆ। ਇਥੇ ਆ ਕੇ ਉਹ ਕਿਸਾਨਾਂ ਨੂੰ ਜਥੇਬੰਦ ਕਰਨ ਲੱਗ ਪਿਆ। ਇਥੋਂ ਹੀ ਉਸ ਦੀ ਸੋਚ ਵਿੱਚ ਵੱਡੀ ਤਬਦੀਲੀ ਆਉਣੀ ਸ਼ੁਰੂ ਹੋਈ ਜਿਸ ਤਹਿਤ ਉਸ ਨੂੰ ਚੀਨੀ ਕਿਸਾਨੀ ਦੀ ਇਨਕਲਾਬੀ ਤਾਕਤ ਦਾ ਅਹਿਸਾਸ ਹੋਣ ਲੱਗਾ। ਕਿਸਾਨਾਂ ਵਿੱਚ ਉਸ ਦੀ ਸਰਗਰਮੀ ਨੇ ਉਸ ਪ੍ਰਤੀ ਸਥਾਨਕ ਜਾਗੀਰਦਾਰਾਂ ਦੇ ਗੁੱਸੇ ਨੂੰ ਜਗਾ ਦਿੱਤਾ ਅਤੇ ਉਹ ਉਸ ਦੀ ਗ੍ਰਿਫਤਾਰੀ ਦੀ ਮੰਗ ਕਰਨ ਲੱਗੇ। ਇਸ ਨੂੰ ਹੁੰਗਾਰਾ ਭਰਦਿਆਂ ਹੂਨਾਨ ਦੇ ਸੱਤਾਧਾਰੀ ਫੌਜੀ ਸਰਦਾਰ ਚਾਓ ਹੈਂਗ ਤਾਈ ਨੇ ਉਸ ਨੂੰ ਗ੍ਰਿਫਤਾਰ ਕਰਨ ਲਈ ਫੌਜ ਭੇਜ ਦਿੱਤੀ ਜਿਸ ਤੋਂ ਬਚ ਕੇ ਉਹ ਕੈਂਟਨ ਆ ਗਿਆ। 1925 ਦੀਆਂ ਗਰਮੀਆਂ ਵਿੱਚ ਜਿਸ ਸਮੇਂ ਮਾਓ ਕੈਂਟਨ ਆਇਆ ਉਸ ਸਮੇਂ ਉਥੇ ਸਿਆਸੀ ਵਾਤਾਵਰਣ ਇਨਕਲਾਬੀ ਸਰਗਰਮੀਆਂ ਦੇ ਅਨੁਕੂਲ ਸੀ। ਮਿਲਟਰੀ ਅਕਾਦਮੀ ਦੇ ਸਿਖਿਆਰਥੀਆਂ ਨੇ ਪਿਛਾਖੜੀ ਜਰਨੈਲਾਂ ਨੂੰ ਹਰਾ ਕੇ ਭਜਾ ਦਿੱਤਾ ਸੀ। ਸੱਤਾ ਕੌਮਿਨਤਾਂਗ ਦੇ ਅਗਾਂਹਵਧੂ ਹਿੱਸਿਆਂ ਦੇ ਹੱਥ ਵਿੱਚ ਸੀ ਅਤੇ ਉਹ ਪੂਰੇ ਉਤਸ਼ਾਹ ਵਿੱਚ ਸਨ। ਸੋ ਮਾਓ ਇਥੇ ਆ ਕੇ ਕੌਮਿਨਤਾਂਗ ਦੇ ਪ੍ਰਚਾਰ ਵਿਭਾਗ ਦੇ ਪੇਪਰ 'ਪੁਲੀਟੀਕਲ ਵੀਕਲੀ' ਦਾ ਸੰਪਾਦਕ ਬਣ ਗਿਆ। ਇਸ ਦੇ ਨਾਲ ਹੀ ਉਹ ਕਿਸਾਨ ਲਹਿਰਾਂ ਦੇ ਆਗੂਆਂ ਨੂੰ ਸਿਖਿਅਤ ਕਰਨ ਦਾ ਇੰਚਾਰਜ ਬਣ ਗਿਆ। ਇਸ ਦੇ ਲਈ ਉਸ ਨੇ ਇੱਕ ਕੋਰਸ ਸ਼ੁਰੂ ਕੀਤਾ ਜਿਸ ਵਿੱਚ ਚੀਨ ਦੇ 21 ਸੂਬਿਆਂ ਤੋਂ ਕਿਸਾਨ ਨੁਮਾਇੰਦੇ ਸਿੱਖਿਆ ਹਾਸਲ ਕਰਨ ਆਏ। ਇਸ ਤਰ੍ਹਾਂ ਉਹ ਚੀਨ ਦੀਆਂ ਕਿਸਾਨ ਲਹਿਰਾਂ ਨੂੰ ਸੇਧ ਦੇਣ ਲੱਗਾ। ਇਥੇ ਉਸ ਨੇ ਕਿਸਾਨਾਂ ਵਿੱਚ ਕੰਮ ਕਰਦਿਆਂ ਹਾਸਲ ਹੋਏ ਤਜਰਬੇ ਦੇ ਆਧਾਰ 'ਤੇ ਦੋ ਲਿਖਤਾਂ ਲਿਖੀਆਂ '*ਚੀਨੀ ਸਮਾਜ ਦੀਆਂ ਜਮਾਤਾਂ ਦਾ ਵਿਸ਼ਲੇਸ਼ਣ*' ਅਤੇ '*ਚਾਓ ਹੈਂਗ ਤਾਈ ਦਾ ਜਮਾਤੀ ਅਧਾਰ ਅਤੇ ਸਾਡੇ ਕਾਰਜ*' ਜਿਨ੍ਹਾਂ ਵਿੱਚ ਇਨਕਲਾਬੀ ਜ਼ਮੀਨੀ ਸੁਧਾਰਾਂ ਅਤੇ ਤਾਕਤਵਰ ਕਿਸਾਨ ਜਥੇਬੰਦੀ ਖੜ੍ਹੀ ਕਰਨ ਦੀ ਵਕਾਲਤ ਕੀਤੀ ਗਈ ਸੀ। ਕਮਿਊਨਿਸਟ ਪਾਰਟੀ ਦੇ ਆਗੂ ਚੈੱਨ ਤੂ-ਸੀਓ ਨੇ ਇਨ੍ਹਾਂ ਦਾ ਵਿਰੋਧ ਕੀਤਾ ਅਤੇ ਪਾਰਟੀ ਦੇ ਕੇਂਦਰੀ ਪੇਪਰ ਵਿੱਚ ਇਸ ਨੂੰ ਛਾਪਣ ਤੋਂ ਨਾਂਹ ਕਰ ਦਿੱਤੀ। ਇਸ ਤੋਂ ਮਾਓ ਅਤੇ ਚੈੱਨ ਤੂ-ਸੀਓ ਵਿਚਕਾਰ ਵਿਰੋਧ ਸ਼ੁਰੂ ਹੋ ਗਿਆ।

ਅਪ੍ਰੈਲ 1926 ਵਿੱਚ ਮਾਓ ਸ਼ੰਘਾਈ ਚਲਾ ਗਿਆ ਜਿੱਥੇ ਉਸ ਨੇ ਕੌਮਿਨਤਾਂਗ ਦੀ ਦੂਜੀ ਕਾਂਗਰਸ ਵਿੱਚ ਭਾਗ ਲਿਆ ਅਤੇ ਉਥੇ ਹੀ ਕੁਝ ਸਮਾਂ ਉਸ ਨੇ ਕਮਿਊਨਿਸਟ ਪਾਰਟੀ ਦੇ ਕਿਸਾਨ ਵਿਭਾਗ ਦੇ ਨਿਰਦੇਸ਼ਕ ਵਜੋਂ ਕੰਮ ਕੀਤਾ। ਇਥੋਂ ਉਸ ਨੂੰ ਦੋਹਵਾਂ ਪਾਰਟੀਆਂ ਵੱਲੋਂ ਸਾਂਝੇ ਤੌਰ 'ਤੇ ਹੂਨਾਨ ਵਿੱਚ ਚੱਲ ਰਹੀਆਂ ਕਿਸਾਨ ਲਹਿਰਾਂ ਦਾ ਅਧਿਐਨ ਕਰਨ ਲਈ ਭੇਜਿਆ ਗਿਆ। ਹੂਨਾਨ ਆ ਕੇ ਉਸ ਨੇ ਕਿਸਾਨ ਲਹਿਰਾਂ ਦਾ ਅਧਿਐਨ ਕਰ ਕੇ ਇੱਕ ਮਹੱਤਵਪੂਰਨ ਰਿਪੋਰਟ ਤਿਆਰ ਕੀਤੀ ਅਤੇ ਪਾਰਟੀ ਦੀ ਕੇਂਦਰੀ ਕਮੇਟੀ ਨੂੰ ਭੇਜ ਦਿੱਤੀ ਜਿਸ ਵਿੱਚ ਕਿਸਾਨੀ ਲਹਿਰ ਲਈ ਨਵੀਂ ਲੀਹ

ਅਪਨਾਉਣ ਦੀ ਸਿਫਾਰਸ਼ ਕੀਤੀ ਗਈ ਸੀ। ਉਸ ਤੋਂ ਬਾਅਦ ਕੁਝ ਸੂਬਿਆਂ ਦੇ ਕਿਸਾਨ ਨੁਮਾਇੰਦਿਆਂ ਦੀ ਸਾਂਝੀ ਮੀਟਿੰਗ ਹੋਈ ਜਿਸ ਵਿੱਚ ਮਾਓ ਨੇ ਆਪਣੀ ਉਪਰੋਕਤ ਰਿਪੋਰਟ ਬਾਰੇ ਦੱਸਿਆ ਕਿ ਇਸ ਵਿੱਚ ਜ਼ਮੀਨ ਦੀ ਮੁੜ ਵੰਡ ਦੀ ਮੰਗ ਕੀਤੀ ਗਈ ਹੈ। ਮੀਟਿੰਗ ਵਿੱਚ ਇਸ ਤਜਵੀਜ਼ ਨੂੰ ਪਾਰਟੀ ਕਾਂਗਰਸ ਵਿੱਚ ਪੇਸ਼ ਕਰਨ ਲਈ ਮਤਾ ਪਾਸ ਕਰ ਕੇ ਭੇਜਿਆ ਗਿਆ ਪਰ ਕੇਂਦਰੀ ਕਮੇਟੀ ਨੇ ਇਸ ਨੂੰ ਰੱਦ ਕਰ ਦਿੱਤਾ। ਚੀਨੀ ਕਮਿਊਨਿਸਟ ਪਾਰਟੀ ਅਜੇ ਚੈੱਨ ਤੂ-ਸੀਓ ਦੇ ਪ੍ਰਭਾਵ ਹੇਠ ਹੀ ਸੀ ਸੋ ਮਈ 1927 ਵਿੱਚ ਹੋਈ ਪੰਜਵੀਂ ਪਾਰਟੀ ਕਾਂਗਰਸ ਵਿੱਚ ਮਾਓ ਦੀਆਂ ਸਿਫਾਰਸ਼ਾਂ ਨੂੰ ਵਿਚਾਰਿਆ ਵੀ ਨਾ ਗਿਆ।

ਇਸ ਦੌਰਾਨ ਸੁਨ ਯਤ-ਸੇਨ ਦੀ 1925 ਵਿੱਚ ਮੌਤ ਹੋ ਜਾਣ ਨਾਲ ਤਾਕਤ ਕੌਮਿਨਤਾਂਗ ਦੇ ਫੌਜੀ ਮੁਖੀ ਚਿਆਂਗ ਕਾਈ ਸ਼ੇਕ ਹੱਥ ਆ ਗਈ ਸੀ। ਇਸ ਸਮੇਂ ਤੀਕ ਕੌਮਿਨਤਾਂਗ ਦੀ ਸੱਤਾ ਦੱਖਣੀ ਚੀਨ ਉਪਰ ਹੀ ਸੀ ਜਦ ਕਿ ਉਤਰੀ ਚੀਨ ਜੰਗੀ ਸਰਦਾਰਾਂ ਦੇ ਕਬਜੇ ਹੇਠ ਸੀ। ਚਿਆਂਗ ਕਾਈ ਸ਼ੇਕ ਨੇ ਸਾਰੇ ਚੀਨ ਨੂੰ ਇਕੱਠਾ ਕਰਨ ਲਈ ਉੱਤਰੀ ਮੁਹਿੰਮ ਨਾਂ ਦੀ ਫੌਜੀ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਨੂੰ ਕੌਮ-ਪ੍ਰਸਤ ਚੀਨੀਆਂ ਵੱਲੋਂ ਹਮਾਇਤ ਵੀ ਮਿਲੀ। ਇਸ ਸਮੇਂ ਤੀਕ ਕਮਿਊਨਿਸਟ, ਕੌਮਿਨਤਾਂਗ ਨਾਲ ਸਹਿਯੋਗ ਕਰ ਰਹੇ ਸਨ ਇਸ ਲਈ ਚਿਆਂਗ ਕਾਈ ਸ਼ੇਕ ਦੀ ਇਸ ਉੱਤਰੀ ਮੁਹਿੰਮ ਵਿੱਚ ਵੀ ਉਹ ਇਕੱਠੇ ਲੜ ਰਹੇ ਸਨ। ਪਰ ਚਿਆਂਗ ਕਮਿਊਨਿਸਟਾਂ ਪ੍ਰਤੀ ਨਫ਼ਰਤ ਰਖਦਾ ਸੀ ਇਸ ਲਈ ਜੰਗੀ ਸਰਦਾਰਾਂ ਖਿਲਾਫ਼ ਕੁਝ ਜਿੱਤਾਂ ਤੋਂ ਬਾਅਦ 1927 ਵਿੱਚ ਉਸ ਨੇ ਕਮਿਊਨਿਸਟਾਂ ਉੱਤੇ ਹੱਲਾ ਬੋਲ ਦਿੱਤਾ ਅਤੇ ਕਮਿਊਨਿਸਟਾਂ ਨੂੰ ਗ੍ਰਿਫਤਾਰ ਅਤੇ ਕਤਲ ਕਰਨਾ ਸ਼ੁਰੂ ਕਰ ਦਿੱਤਾ। ਇਸ ਦੇ ਲਈ ਉਸ ਨੇ ਬਹਾਨਾ ਇਹ ਬਣਾਇਆ ਕਿ ਨਾਨਜਿੰਗ ਉੱਤੇ ਸਾਂਝੀਆਂ ਫੌਜਾਂ ਦੇ ਕਬਜ਼ੇ ਬਾਅਦ ਵਿਦੇਸ਼ੀਆਂ ਦੇ ਕਾਰੋਬਾਰਾਂ ਦੀ ਜੋ ਲੁੱਟਮਾਰ ਅਤੇ ਹਮਲੇ ਹੋਏ ਉਸ ਪਿੱਛੇ ਕਮਿਊਨਿਸਟਾਂ ਦਾ ਹੱਥ ਸੀ। ਅਸਲ ਵਿੱਚ ਚਿਆਂਗ ਕਾਈ ਸ਼ੇਕ ਦਾ ਕਮਿਊਨਿਸਟਾਂ ਨਾਲ ਵਿਚਾਰਧਾਰਕ ਵਿਰੋਧ ਸੀ ਅਤੇ ਉਹ ਪਹਿਲਾਂ ਵੀ ਕਮਿਊਨਿਸਟ ਵਿਰੋਧੀ ਕਾਰਵਾਈਆਂ ਕਰ ਚੁੱਕਾ ਸੀ। ਪਰ ਇਸ ਨਾਲ ਕੌਮਿਨਤਾਂਗ ਅਤੇ ਕਮਿਊਨਿਸਟਾਂ ਵਿਚਕਾਰ ਗੱਠਜੋੜ ਟੁੱਟ ਗਿਆ ਅਤੇ ਇਨ੍ਹਾਂ ਵਿਚਕਾਰ ਜੰਗ ਸ਼ੁਰੂ ਹੋ ਗਈ ਜੋ 1949 ਵਿੱਚ ਚਿਆਂਗ ਕਾਈ ਸ਼ੇਕ ਦੀ ਹਾਰ ਨਾਲ ਹੀ ਸਮਾਪਤ ਹੋਈ। ਉਂਜ ਦੂਜੀ ਸੰਸਾਰ ਜੰਗ ਦੌਰਾਨ ਜਾਪਾਨ ਦਾ ਟਾਕਰਾ ਕਰਨ ਲਈ 1937 ਵਿੱਚ ਕੌਮਿਨਤਾਂਗ ਨੂੰ ਇੱਕ ਵਾਰ ਫਿਰ ਕਮਿਊਨਿਸਟਾਂ ਖਿਲਾਫ਼ ਜੰਗ ਬੰਦ ਕਰਕੇ ਜਾਪਾਨ ਵਿਰੁੱਧ ਲੜਾਈ ਵਿੱਚ ਉਨ੍ਹਾਂ ਦਾ ਸਾਥ ਲੈਣਾ ਪਿਆ ਸੀ।

***

# ਮਾਓ ਕਿਸਾਨੀ ਨੂੰ ਇਨਕਲਾਬ ਦਾ ਧੁਰਾ ਬਣਾਉਂਦਾ ਹੈ

ਮਾਓ ਖ਼ੁਦ ਕਿਸਾਨ ਪਰਿਵਾਰ 'ਚੋਂ ਸੀ ਅਤੇ ਕਿਸਾਨ ਸੰਘਰਸ਼ ਜਥੇਬੰਦ ਕਰ ਰਿਹਾ ਸੀ। ਇਸ ਵਿਚੋਂ ਉਸ ਨੂੰ ਜੋਰਦਾਰ ਅਹਿਸਾਸ ਹੋਣ ਲੱਗਾ ਕਿ ਚੀਨ ਦੀ ਕਿਸਾਨੀ ਵਿੱਚ ਬਹੁਤ ਵੱਡੀਆਂ ਇਨਕਲਾਬੀ ਸੰਭਾਵਨਾਵਾਂ ਹਨ। ਇਹ ਗੱਲ ਚੀਨ ਦੇ ਦੂਜੇ ਕਮਿਊਨਿਸਟ ਆਗੂਆਂ ਨੂੰ ਸਮਝ ਨਹੀਂ ਆ ਰਹੀ ਸੀ ਕਿਉਂਕਿ ਕਲਾਸੀਕਲ ਮਾਰਕਸਵਾਦ ਅਨੁਸਾਰ ਤਾਂ ਇਨਕਲਾਬ ਮਜਦੂਰ ਜਮਾਤ ਨੇ ਹੀ ਕਰਨਾ ਹੁੰਦਾ ਹੈ। ਦੂਸਰਾ ਰੂਸ ਦੀ ਉਦਾਹਰਣ ਸਾਹਮਣੇ ਸੀ ਕਿ ਉਥੇ ਵੀ ਚਾਹੇ ਕਿਸਾਨੀ ਦੇ ਮੁਕਾਬਲੇ ਮਜਦੂਰ ਜਮਾਤ ਦੀ ਗਿਣਤੀ ਬਹੁਤ ਥੋੜ੍ਹੀ ਸੀ ਪਰ ਇਨਕਲਾਬ ਦੀ ਅਗਵਾਈ ਮਜਦੂਰ ਜਮਾਤ ਨੇ ਹੀ ਕੀਤੀ ਸੀ, ਕਿਸਾਨੀ ਨੇ ਕੋਈ ਖਾਸ ਰੋਲ ਨਹੀਂ ਕੀਤਾ ਸੀ।

ਸੋ ਮਾਓ ਦਾ ਪਾਰਟੀ ਦੇ ਅੰਦਰ ਅਤੇ ਬਾਹਰ ਸੰਘਰਸ਼ ਚੱਲ ਪਿਆ। ਚੈੱਨ ਤੂ-ਸੀਓ ਪਾਰਟੀ ਦਾ ਮੋਢੀ ਆਗੂ ਸੀ, ਉਸ ਨੇ ਯੂਨੀਵਰਸਿਟੀ ਦੀ ਪ੍ਰੋਫੈਸਰੀ ਛੱਡ ਕੇ ਨੌਜਵਾਨਾਂ ਵਿੱਚ ਮਾਰਕਸਵਾਦ ਦੀ ਜਾਗ ਲਾਈ ਸੀ, ਕਮਿਊਨਿਸਟ ਇੰਟਰਨੈਸ਼ਨਲ ਵੀ ਉਸ ਦੇ ਨਾਲ ਸੀ, ਉਸ ਦੀ ਪਾਰਟੀ ਉੱਤੇ ਪਕੜ ਸੀ, ਉਸ ਨੇ ਮਾਓ ਦੇ ਵਿਚਾਰ ਨੂੰ ਬੁਰੀ ਤਰ੍ਹਾਂ ਰੱਦ ਕਰ ਦਿੱਤਾ। ਮਾਓ ਅਨੁਸਾਰ ਕਿਸਾਨਾਂ ਨੂੰ ਜ਼ਮੀਨ ਲਈ ਲੜਾਇਆ ਜਾਵੇ ਤਾਂ ਉਹ ਕੋਈ ਵੀ ਕੁਰਬਾਨੀ ਕਰਨ ਨੂੰ ਤਿਆਰ ਹਨ ਸੋ ਪਾਰਟੀ ਨੂੰ ਜਾਗੀਰਦਾਰਾਂ ਦੀਆਂ ਜ਼ਮੀਨਾਂ ਜ਼ਬਤ ਕਰਕੇ ਕਿਸਾਨਾਂ ਵਿੱਚ ਵੰਡਣ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਪਰ ਕੇਂਦਰੀ ਕਮੇਟੀ ਨੇ ਫੈਸਲਾ ਕੀਤਾ ਕਿ ਜ਼ਮੀਨੀ ਮਸਲਾ ਐਨਾ ਮਹੱਤਵਪੂਰਨ ਨਹੀਂ ਹੈ, ਕੇਵਲ 500 ਮੌ (ਲਗਪੱਗ 84 ਏਕੜ) ਤੋਂ ਵੱਧ ਜ਼ਮੀਨ ਰੱਖਣ ਵਾਲੇ ਵੱਡੇ ਜਾਗੀਰਦਾਰਾਂ ਤੋਂ ਹੀ ਜ਼ਮੀਨਾਂ ਲਈਆਂ ਜਾ ਸਕਦੀਆਂ ਹਨ ਨਾ ਕਿ ਸਾਰੇ ਜਾਗੀਰਦਾਰਾਂ ਤੋਂ। ਮਾਓ ਅਨੁਸਾਰ ਚੀਨ ਦੀਆਂ ਜ਼ਮੀਨੀ ਹਾਲਤਾਂ ਅਨੁਸਾਰ ਇਹ ਫੈਸਲਾ ਢੁਕਵਾਂ ਨਹੀਂ ਹੈ, ਇਸ ਨਾਲ ਪੇਂਡੂ ਖੇਤਰ ਵਿੱਚ ਜਮਾਤੀ ਜੰਗ ਨਹੀਂ ਲੜੀ ਜਾ ਸਕੇਗੀ। ਇਸ ਦੀ ਬਜਾਏ ਸਾਰੇ ਵੱਡੇ ਭੂਮੀ-ਮਾਲਕਾਂ ਦੀਆਂ ਜ਼ਮੀਨਾਂ ਜਬਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਖੈਰ ਪਾਰਟੀ ਨੇ ਕੁੱਲ ਚੀਨ ਕਿਸਾਨ ਜਥੇਬੰਦੀ ਬਣਾ ਦਿੱਤੀ ਜਿਸ ਦਾ

ਪ੍ਰਧਾਨ ਮਾਓ ਜ਼ੇ ਤੁੰਗ ਸੀ। 1927 ਵਿੱਚ ਕਈ ਸੂਬਿਆਂ ਵਿੱਚ ਕਿਸਾਨ ਲਹਿਰਾਂ ਉੱਠ ਖੜ੍ਹੀਆਂ ਜਿਨ੍ਹਾਂ ਨੇ ਖਾੜਕੂ ਰੂਪ ਅਖਤਿਆਰ ਕਰ ਲਿਆ, ਖਾਸ ਕਰ ਮਾਓ ਦੇ ਆਪਣੇ ਸੂਬੇ ਹੂਨਾਨ ਵਿੱਚ। ਮਾਓ ਨੇ ਫਰਵਰੀ 1927 ਵਿੱਚ ਹੂਨਾਨ ਦੀ ਕਿਸਾਨ ਲਹਿਰ ਦਾ ਅਧਿਐਨ ਕਰ ਕੇ ਇੱਕ ਵਿਸ਼ੇਸ਼ ਰਿਪੋਰਟ ਤਿਆਰ ਕੀਤੀ। ਇਸ ਰਿਪੋਰਟ ਦਾ ਮਕਸਦ ਚੀਨੀ ਕਮਿਊਨਿਸਟ ਪਾਰਟੀ ਦੇ ਸ਼ਹਿਰੀ ਆਗੂਆਂ ਨੂੰ ਇਹ ਜਚਾਉਣਾ ਸੀ ਕਿ ਕਿਸਾਨ ਚੀਨ ਦੀ ਇਨਕਲਾਬੀ ਲਹਿਰ ਦਾ ਧੁਰਾ ਹਨ। ਇਸ ਵਿੱਚ ਦਰਸਾਇਆ ਗਿਆ ਕਿ ਕਿਸਾਨ ਲਹਿਰ ਪਹਿਲਾਂ ਹੀ ਬਹੁਤ ਅੱਗੇ ਵਧ ਗਈ ਹੈ ਅਤੇ ਆਪਣੇ ਆਪ ਨੂੰ ਇਨਕਲਾਬੀ ਕਹਾਉਣ ਵਾਲਿਆਂ ਅੱਗੇ ਤਿੰਨ ਹੀ ਚੋਣਾਂ ਹਨ। ਉਸ ਨੇ ਲਿਖਿਆ, "ਜਾਂ ਤਾਂ ਅੱਗੇ ਵਧ ਕੇ ਉਨ੍ਹਾਂ ਨੂੰ ਅਗਵਾਈ ਦਿਓ ਜਾਂ ਉਨ੍ਹਾਂ ਦੇ ਪਿੱਛੇ ਖੜ੍ਹੋ ਅਤੇ ਉਨ੍ਹਾਂ ਦੀ ਆਲੋਚਨਾ ਕਰਦੇ ਰਹੋ ਅਤੇ ਜਾਂ ਉਨ੍ਹਾਂ ਦਾ ਸਾਹਮਣੇ ਖੜ੍ਹੋ ਅਤੇ ਉਨ੍ਹਾਂ ਦਾ ਵਿਰੋਧ ਕਰੋ। ਹਰੇਕ ਚੀਨੀ ਇਨ੍ਹਾਂ ਤਿੰਨ ਰਸਤਿਆਂ ਵਿਚੋਂ ਚੋਣ ਕਰਨ ਲਈ ਆਜਾਦ ਹੈ ਪਰ ਹਾਲਤਾਂ ਅਜਿਹੀਆਂ ਹਨ ਕਿ ਤੁਹਾਨੂੰ ਇਸ ਬਾਰੇ ਚੋਣ ਤੁਰੰਤ ਕਰਨੀ ਪਵੇਗੀ।"

ਸ਼ਹਿਰੀ ਕਾਮਰੇਡਾਂ ਵੱਲੋਂ ਕਿਸਾਨਾਂ ਵੱਲੋਂ ਹਿੰਸਾ ਕੀਤੇ ਜਾਣ ਦੀ ਆਲੋਚਨਾ ਕੀਤੀ ਜਾ ਰਹੀ ਸੀ। ਇਸ ਦੇ ਜਵਾਬ ਵਿੱਚ ਮਾਓ ਨੇ ਕਿਹਾ "ਇਹ ਸ਼ਾਨਦਾਰ ਹੈ ਇਹ ਬਿਲਕੁਲ ਵੀ ਭਿਆਨਕ ਨਹੀਂ, ਇਹ ਕੁਝ ਵੀ ਹੋ ਸਕਦੀ ਹੈ ਪਰ *ਭਿਆਨਕ ਨਹੀਂ*" ਇਸ ਪ੍ਰਸੰਗ ਵਿੱਚ ਉਸ ਨੇ ਇਨਕਲਾਬ ਬਾਰੇ ਆਪਣੇ ਮਸ਼ਹੂਰ ਸ਼ਬਦ ਲਿਖੇ, "*ਇਨਕਲਾਬ ਕੋਈ ਖਾਣੇ 'ਤੇ ਸੱਦਾ ਦੇਣ ਵਾਂਗ ਨਹੀਂ, ਨਾ ਹੀ ਇਹ ਕੋਈ ਲੇਖ ਲਿਖਣਾ, ਚਿੱਤਰ ਬਨਾਉਣਾ ਜਾਂ ਕਢਾਈ ਕਰਨਾ ਹੈ; ਇਹ ਐਨਾ ਸੁਘੜ, ਆਰਾਮਦੇਹ ਅਤੇ ਕੋਮਲਭਾਵੀ ਨਹੀਂ ਹੋ ਸਕਦਾ ਹੈ, ਨਾ ਹੀ ਇਹ ਐਨਾ ਦਿਆਲੂ, ਤਹਿਜ਼ੀਬਯਾਫਤਾ, ਨਿੱਘਾ ਅਤੇ ਸੁਸ਼ੀਲ ਹੋ ਸਕਦਾ ਹੈ। ਇਨਕਲਾਬ ਤਾਂ ਇੱਕ ਬਗਾਵਤ ਹੁੰਦੀ ਹੈ ਜਿਸ ਵਿੱਚ ਇੱਕ ਜਮਾਤ ਦੂਜੀ ਜਮਾਤ ਦੀ ਸੱਤਾ ਨੂੰ ਉਲਟਾ ਸੁਟਦੀ ਹੈ।*" ਉਸ ਨੇ ਅੱਗੇ ਲਿਖਿਆ ਕਿ "ਚੀਨ ਵਿੱਚ ਇੱਕ ਆਦਮੀ ਤਿੰਨ ਤਰ੍ਹਾਂ ਦੀ ਸੱਤਾ ਦੀ ਗੁਲਾਮੀ ਵਿੱਚ ਹੁੰਦਾ ਹੈ (1) ਸਰਕਾਰੀ ਤੰਤਰ (2) ਕਬੀਲਾ ਤੰਤਰ (3) ਧਾਰਮਿਕ ਤੰਤਰ ... ਜਦ ਕਿ ਇੱਕ ਔਰਤ ਇਨ੍ਹਾਂ ਤਿੰਨਾਂ ਤੋਂ ਇਲਾਵਾ ਮਰਦ ਸੱਤਾ ਦੀ ਵੀ ਗੁਲਾਮੀ ਹੰਢਾਉਂਦੀ ਹੈ। ਇਹ ਚਾਰੇ ਤਾਕਤਾਂ - ਰਾਜਸੀ, ਖ਼ਾਨਦਾਨੀ, ਧਾਰਮਿਕ ਅਤੇ ਮਰਦਾਵੀਂ ਸੱਤਾ - ਜਗੀਰੂ ਵਿਚਾਰਧਾਰਕ ਪ੍ਰਬੰਧ ਦਾ ਪ੍ਰਗਟ ਰੂਪ ਹਨ ਅਤੇ ਚੀਨੀ ਲੋਕਾਂ, ਖਾਸ ਕਰ ਚੀਨੀ ਕਿਸਾਨਾਂ ਨੂੰ ਬੰਨ੍ਹ ਕੇ ਰੱਖਣ ਵਾਲੇ ਚਾਰ ਮੋਟੇ ਰੱਸੇ ਹਨ ਜਿਨ੍ਹਾਂ ਨੂੰ ਤਾਕਤ ਦੇ ਜ਼ੋਰ ਨਾਲ ਤੋੜਨ ਦੀ ਲੋੜ ਹੈ।"

ਮਾਓ ਨੇ ਆਪਣੀ ਰਿਪੋਰਟ ਦੇ ਅੰਤ ਵਿੱਚ ਹੂਨਾਨ ਦੇ ਕਿਸਾਨਾਂ ਵੱਲੋਂ ਆਪਣੀਆਂ ਜਥੇਬੰਦੀਆਂ ਦੇ ਰਾਹੀਂ ਕੀਤੀਆਂ ਜਾ ਰਹੀਆਂ ਉਸਾਰੂ ਕਾਰਵਾਈਆਂ ਦਾ

ਜ਼ਿਕਰ ਕੀਤਾ। ਕਿਸਾਨਾਂ ਨੇ ਜੂਏਬਾਜੀ ਅਤੇ ਅਫ਼ੀਮ ਖਾਣ 'ਤੇ ਪਾਬੰਦੀ ਲਗਾ ਦਿੱਤੀ, ਡਾਕੂਆਂ ਨੂੰ ਦਬਾ ਦਿੱਤਾ ਗਿਆ, ਕਮਰਤੋੜੂ ਟੈਕਸ ਖਤਮ ਕਰ ਦਿੱਤੇ, ਸਕੂਲ ਅਤੇ ਖਪਤਕਾਰਾਂ ਦੀਆਂ ਸਹਿਕਾਰੀ ਸਭਾਵਾਂ ਸਥਾਪਿਤ ਕੀਤੀਆਂ ਗਈਆਂ, ਵਪਾਰਕ ਅਤੇ ਖੇਤੀ ਦੀ ਤਰੱਕੀ ਲਈ ਸੜਕਾਂ ਅਤੇ ਬੰਨ੍ਹ ਬਣਾਏ ਗਏ। ਇਸ ਤਰ੍ਹਾਂ ਕਿਸਾਨਾਂ ਨੇ ਜ਼ਿੰਦਗੀ ਦੇ ਹਰ ਪੱਖ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ ਸੀ।

ਚੈਂਨ ਇਨ੍ਹਾਂ ਲਹਿਰਾਂ ਦੀ ਹਮਾਇਤ ਕਰਨ ਤੋਂ ਪਿੱਛੇ ਹਟ ਗਿਆ ਅਤੇ ਕਈ ਵਧਵੀਆਂ ਕਾਰਵਾਈਆਂ ਲਈ ਉਸ ਨੇ ਮਾਓ ਨੂੰ ਜਿੰਮੇਵਾਰ ਠਹਿਰਾਇਆ। ਮਾਓ ਅਨੁਸਾਰ ਚੈਂਨ ਹਥਿਆਰਬੰਦ ਕਿਸਾਨਾਂ ਤੋਂ ਡਰ ਗਿਆ ਅਤੇ ਆਪਣੇ ਮੱਧਵਰਗੀ ਖਾਸੇ ਮੁਤਾਬਿਕ ਜਦ ਸਚਮੁੱਚ ਦੇ ਹਥਿਆਰਬੰਦ ਵਿਦਰੋਹ ਦੀ ਸਥਿਤੀ ਆਉਣ ਲੱਗੀ ਤਾਂ ਉਹ ਪੂਰੀ ਤਰ੍ਹਾਂ ਘਬਰਾ ਗਿਆ। ਇਸ ਦੇ ਨਾਲ ਹੀ ਮਾਓ ਇਸ ਦੇ ਲਈ ਕਮਿੰਨਟਰਨ ਦੇ ਨੁਮਾਇੰਦਿਆਂ ਬੋਰੋਡਿਨ (Mikhail Markovich Borodin) ਅਤੇ ਐਮ.ਐਨ. ਰਾਏ ਨੂੰ ਵੀ ਜਿੰਮੇਵਾਰ ਮੰਨਦਾ ਹੈ। ਮਾਓ ਮੁਤਾਬਿਕ ਬੋਰੋਡਿਨ ਪਹਿਲਾਂ ਜ਼ਮੀਨੀ ਵੰਡ ਦੇ ਹੱਕ ਵਿੱਚ ਸੀ ਪਰ ਫਿਰ ਇੱਕ ਦਮ ਹੀ ਉਲਟ ਹੋ ਗਿਆ। ਜਦ ਕਿ ਭਾਰਤੀ ਮੂਲ ਦਾ ਐਮ. ਐਨ. ਰਾਏ ਗੱਲਾਂ ਤਾਂ ਬਹੁਤ ਖਾੜਕੂ ਕਰਦਾ ਸੀ ਪਰ ਉਹ ਕੇਵਲ ਗੱਲਾਂ ਹੀ ਕਰਦਾ ਜਾਂਦਾ ਸੀ, ਬਗੈਰ ਕੋਈ ਠੋਸ ਕਾਰਜ ਲੀਹ ਦਿੱਤੇ। ਅਸਲ ਵਿੱਚ ਕਮਿੰਨਟਰਨ ਦੇ ਨੁਮਾਇੰਦਿਆਂ ਨੂੰ ਚੀਨ ਦੀਆਂ ਠੋਸ ਹਾਲਤਾਂ ਦਾ ਉਹ ਤਜਰਬਾ ਨਹੀਂ ਸੀ ਜੋ ਮਾਓ ਜ਼ੇ ਤੁੰਗ ਨੂੰ ਸੀ। ਉਹ ਤਾਂ ਮਾਸਕੋ ਤੋਂ ਮਿਲਦੀਆਂ ਹਦਾਇਤਾਂ ਹੀ ਚੀਨ ਵਿੱਚ ਲਾਗੂ ਕਰਵਾਉਂਦੇ ਸਨ।

ਜਿਵੇਂ ਕਿ ਪਹਿਲਾਂ ਜ਼ਿਕਰ ਆਇਆ ਹੈ ਅਪ੍ਰੈਲ 1927 ਵਿੱਚ ਕੌਮਿਨਤਾਂਗ ਦੇ ਸੱਜੇ ਧੜੇ ਨੇ ਕਮਿਊਨਿਸਟਾਂ ਉੱਤੇ ਹੱਲਾ ਬੋਲ ਦਿੱਤਾ ਅਤੇ ਕੌਮਿਨਤਾਂਗ-ਕਮਿਊਨਿਸਟ ਸਾਂਝ ਟੁੱਟ ਗਈ। ਕਮਿਊਨਿਸਟਾਂ ਉੱਤੇ ਜਬਰ ਦਾ ਦੌਰ ਚੱਲ ਪਿਆ। ਹਜਾਰਾਂ ਕਮਿਊਨਿਸਟ ਕਤਲ ਕਰ ਦਿੱਤੇ ਗਏ। ਇਸ ਹੱਲੇ ਦਾ ਜਵਾਬ ਦੇਣ ਲਈ ਕਮਿਊਨਿਸਟਾਂ ਨੇ ਨਾਨਜ਼ਿੰਗ ਸ਼ਹਿਰ ਉਤੇ ਕਬਜਾ ਕਰਨ ਦਾ ਮਾਅਰਕਾ ਮਾਰਿਆ। ਇੱਕ ਅਗਸਤ ਨੂੰ ਲਗਪੱਗ 20 ਹਜਾਰ ਕਮਿਊਨਿਸਟਾਂ ਨੇ ਹਥਿਆਰਬੰਦ ਐਕਸ਼ਨ ਕਰਦਿਆਂ ਨਾਨਜ਼ਿੰਗ ਉੱਤੇ ਕਬਜਾ ਕਰ ਲਿਆ ਅਤੇ ਕਾਫੀ ਹਥਿਆਰ ਹਾਸਲ ਕਰ ਲਏ। ਇਸ ਨਾਲ ਇੱਕ ਤਰ੍ਹਾਂ ਲਾਲ ਫੌਜ ਦਾ ਮੁੱਢ ਬੱਝ ਗਿਆ ਅਤੇ ਇੱਕ ਅਗਸਤ ਨੂੰ ਹੁਣ ਚੀਨ ਵਿਚ ਲਾਲ ਫੌਜ ਦੇ ਸਥਾਪਨਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਉਸ ਤੋਂ ਬਾਅਦ ਕੌਮਿਨਤਾਂਗ ਦੀਆਂ ਫੌਜਾਂ ਨੇ ਮੋੜਵਾਂ ਹੱਲਾ ਕੀਤਾ ਤਾਂ ਇਹ ਲਾਲ ਫੌਜ ਦੱਖਣ ਵੱਲ ਚੱਲ ਪਈ। ਕੌਮਿਨਤਾਂਗ ਦੀਆਂ ਫੌਜਾਂ ਨੇ ਇਸ ਦਾ ਭਾਰੀ ਨੁਕਸਾਨ ਕੀਤਾ ਅਤੇ ਇਹ ਦੋ ਹਿੱਸਿਆਂ ਵਿੱਚ ਵੰਡੀ ਗਈ ਜਿਨ੍ਹਾਂ ਵਿਚੋਂ ਇੱਕ ਹਿੱਸਾ ਮਾਓ

ਵੱਲੋਂ ਹੂਨਾਨ ਵਿੱਚ ਖੜ੍ਹੇ ਕੀਤੇ ਹਥਿਆਰਬੰਦ ਲੜਾਕਿਆਂ ਨਾਲ ਜਾ ਮਿਲਿਆ। ਇਸ ਨਵੇਂ ਦੌਰ ਵਿੱਚ ਚੈਨ ਤੂ-ਸੀਓ ਦੀ ਅਗਵਾਈ ਪ੍ਰਸੰਗਿਕ ਨਾ ਰਹੀ ਅਤੇ ਉਸਨੂੰ ਪਾਰਟੀ ਦੀ ਸਕੱਤਰੀ ਤੋਂ ਲਾਹ ਦਿੱਤਾ ਗਿਆ। ਕੌਮਿਨਟਰਨ ਦੇ ਨੁਮਾਇੰਦੇ ਵੀ ਚੀਨ ਛੱਡ ਕੇ ਚਲੇ ਗਏ।

ਇਸ ਦੌਰ ਵਿੱਚ ਪੇਂਡੂ ਖੇਤਰਾਂ ਵਿੱਚ ਹਥਿਆਰਬੰਦ ਸੰਘਰਸ਼ ਨਾਲ ਜਾਗੀਰਦਾਰਾਂ ਨੂੰ ਭਜਾਉਣ ਵਾਲੀ ਮਾਓ ਦੀ ਲੀਹ 'ਤੇ ਚਲਦਿਆਂ ਦੱਖਣੀ ਚੀਨ ਦੇ ਕਈ ਹਿੱਸਿਆਂ ਵਿੱਚ ਹਥਿਆਰਬੰਦ ਦਸਤੇ ਕਾਇਮ ਹੋ ਗਏ। ਮਾਓ ਇਨ੍ਹਾਂ ਵਿਦਰੋਹੀ ਦਸਤਿਆਂ ਵਿੱਚ ਤਾਲਮੇਲ ਬਣਾ ਕੇ ਜਥੇਬੰਦ ਕਰਨ ਲਈ ਕੰਮ ਕਰ ਰਿਹਾ ਸੀ। ਪਰ ਮਾਓ ਇਹ ਸਭ ਕੁਝ ਪਾਰਟੀ ਦੀ ਕੇਂਦਰੀ ਲੀਡਰਸ਼ਿੱਪ ਤੋਂ ਆਜਾਦ ਹੋ ਕੇ ਹੀ ਕਰ ਰਿਹਾ ਸੀ। ਇਸ ਦੌਰਾਨ ਜਾਗੀਰਦਾਰਾਂ ਵੱਲੋਂ ਕਾਇਮ ਕੀਤੇ ਹਥਿਆਰਬੰਦ ਦਸਤਿਆਂ ਨੇ ਇੱਕ ਦਿਨ ਮਾਓ ਨੂੰ ਫੜ ਲਿਆ ਅਤੇ ਉਸ ਨੂੰ ਆਪਣੇ ਹੈੱਡਕੁਆਰਟਰ ਲਿਜਾਣ ਲੱਗੇ। ਸੁਭਾਵਿਕ ਹੀ ਸੀ ਕਿ ਉਸ ਨੂੰ ਉਥੇ ਗੋਲੀ ਮਾਰ ਦਿੱਤੀ ਜਾਂਦੀ ਪਰ ਜਦ ਹੈੱਡਕੁਆਰਟਰ ਥੋੜ੍ਹੀ ਦੂਰ ਰਹਿ ਗਿਆ ਤਾਂ ਮਾਓ ਮੌਕਾ ਵੇਖ ਕੇ ਦੌੜ ਗਿਆ ਅਤੇ ਉੱਚੇ ਘਾਹ ਵਿੱਚ ਲੁਕ ਗਿਆ। ਉਨ੍ਹਾਂ ਨੇ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਅਤੇ ਉਹ ਮਾਓ ਦੇ ਬਹੁਤ ਨੇੜਿਉਂ ਲੰਘਦੇ ਰਹੇ ਪਰ ਕੁਦਰਤੀ ਹੀ ਮਾਓ ਉਨ੍ਹਾਂ ਦੀ ਨਿਗ੍ਹਾ ਨਾ ਪਿਆ ਅਤੇ ਜਦ ਰਾਤ ਪੈ ਗਈ ਤਾਂ ਉਹ ਲੱਭਣ ਦਾ ਖਹਿੜਾ ਛੱਡ ਕੇ ਚਲੇ ਗਏ। ਮਾਓ ਸਾਰੀ ਰਾਤ ਨੰਗੇ ਪੈਰੀਂ ਚਲਦਾ ਰਿਹਾ ਅਤੇ ਪਹਾੜਾਂ ਤੋਂ ਪਾਰ ਸੁਰੱਖਿਅਤ ਜਗ੍ਹਾ 'ਤੇ ਪਹੁੰਚ ਗਿਆ।

ਇਹ ਕਿਸਾਨੀ ਦੀ ਹਥਿਆਰਬੰਦ ਗੁਰੀਲਾ ਲੜਾਈ ਦਾ ਮੁਢਲਾ ਪੜਾਅ ਸੀ ਜਿਸ ਵਿੱਚ ਕਾਫੀ ਨੁਕਸਾਨ ਵੀ ਹੋ ਰਿਹਾ ਸੀ। ਪਾਰਟੀ ਨੇ ਇਸ ਲਈ ਮਾਓ ਦੇ ਖਿਲਾਫ਼ ਤਿੰਨ ਵਾਰ ਨਿੰਦਾ ਪ੍ਰਸਤਾਵ ਪਾਸ ਕੀਤਾ ਅਤੇ ਉਸ ਨੂੰ ਪਾਰਟੀ ਦੀ ਪੋਲਿਟ ਬਿਓਰੋ ਵਿਚੋਂ ਕੱਢ ਦਿੱਤਾ ਗਿਆ। ਪਰ ਮਾਓ ਕਿਸਾਨੀ ਦੀ ਹਥਿਆਰਬੰਦ ਜੰਗ ਵਾਲੀ ਲੀਹ 'ਤੇ ਅੜ੍ਹਿਆ ਰਿਹਾ ਅਤੇ 1928 ਦੀ ਪਤਝੜ ਵਿੱਚ ਉਸ ਨੇ ਚਿੰਗਕਾਂਗਸ਼ਾਨ ਦੀਆਂ ਪਹਾੜੀਆਂ ਵਿੱਚ ਇਨਕਲਾਬੀ ਫੌਜਾਂ ਦਾ ਅੱਡਾ ਜਮਾ ਲਿਆ। ਇਥੇ ਹੋਰ ਪਾਸਿਆਂ ਤੋਂ ਵੀ ਇਨਕਲਾਬੀ ਦਸਤੇ ਪਹੁੰਚਦੇ ਗਏ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਹੂਨਾਨ ਦੇ ਬਾਰਡਰ ਉੱਤੇ ਪਹਿਲੀ ਲੋਕ ਸੱਤਾ ਕਾਇਮ ਕਰ ਦਿੱਤੀ। ਚੀਨ ਦੇ ਹੋਰ ਹਿੱਸਿਆਂ ਵਿੱਚ ਵੀ ਇਸੇ ਲੀਹ ਉੱਤੇ ਕਿਸਾਨ ਬਗਾਵਤਾਂ ਉੱਠੀਆਂ, ਗੁਰੀਲਾ ਦਸਤੇ ਬਣੇ, ਕੁਝ ਥਾਵਾਂ ਉੱਤੇ ਆਜਾਦ ਸੱਤਾ ਵੀ ਸਥਾਪਿਤ ਹੋਈ, ਕਿਤੇ ਥੋੜ੍ਹੇ ਅਤੇ ਕਿਤੇ ਲੰਮੇ ਸਮੇਂ ਲਈ, ਜਿੱਥੇ ਬਗਾਵਤ ਕੁਚਲੀ ਵੀ ਜਾਂਦੀ ਉਥੋਂ ਵੀ ਬਹੁਤ ਸਾਰੇ ਗੁਰੀਲੇ ਲਾਲ ਫੌਜ ਵਿੱਚ ਆ ਕੇ ਰਲ ਜਾਂਦੇ।

ਅਕਤੂਬਰ 1928 ਵਿੱਚ ਮਾਓ ਨੇ ਇੱਕ ਲਿਖਤ 'ਚੀਨ ਵਿੱਚ ਲਾਲ ਸੱਤਾ ਕਿਉਂ ਕਾਇਮ ਰਹਿ ਸਕਦੀ ਹੈ' ਰਾਹੀਂ ਆਪਣੀ ਯੁੱਧ ਨੀਤੀ ਦੀ ਵਾਜਬੀਅਤ ਸਪਸ਼ਟ ਕੀਤੀ। ਇਸ ਵਿੱਚ ਉਨ੍ਹਾਂ ਨੇ ਲਿਖਿਆ ਕਿ ਕੁਝ ਛੋਟੇ ਛੋਟੇ ਇਲਾਕਿਆਂ ਵਿੱਚ ਲਾਲ ਸੱਤਾ ਦਾ ਕਾਇਮ ਰਹਿਣਾ ਇੱਕ ਅਜਿਹਾ ਵਰਤਾਰਾ ਹੈ ਜੋ ਦੁਨੀਆ ਦੇ ਹੋਰ ਕਿਸੇ ਹਿੱਸੇ ਵਿੱਚ ਕਦੇ ਨਹੀਂ ਵਾਪਰਿਆ। ਇਹ ਵਰਤਾਰਾ ਕੁਝ ਖਾਸ ਹਾਲਤਾਂ ਵਿੱਚ ਹੀ ਵਾਪਰ ਸਕਦਾ ਹੈ। ਫਿਰ ਇਨ੍ਹਾਂ ਖਾਸ ਹਾਲਤਾਂ ਦਾ ਜ਼ਿਕਰ ਕਰਦੇ ਹੋਏ ਲਿਖਿਆ - ਪਹਿਲੀ ਗੱਲ ਇਹ ਕਿਸੇ ਸਾਮਰਾਜੀ ਦੇਸ਼ ਜਾਂ ਸਾਮਰਾਜ ਦੀ ਸਿੱਧੀ ਹਕੂਮਤ ਅਧੀਨ ਬਸਤੀ ਵਿੱਚ ਨਹੀਂ ਹੋ ਸਕਦਾ ਸੀ। ਇਹ ਚੀਨ ਵਿੱਚ ਇਸ ਲਈ ਸੰਭਵ ਹੋ ਰਿਹਾ ਹੈ ਕਿ ਚੀਨ ਆਰਥਿਕ ਤੌਰ 'ਤੇ ਬਹੁਤ ਪਛੜਿਆ ਅਤੇ ਸਾਮਰਾਜ ਦੇ ਅਸਿੱਧੇ ਦਖਲ ਵਾਲਾ ਅਰਧ ਬਸਤੀਵਾਦੀ ਦੇਸ਼ ਹੈ। ਇਸ ਨਾਲ ਇੱਕ ਹੋਰ ਵਿਸ਼ੇਸ਼ ਘਟਨਾ ਇਹ ਜੁੜ ਜਾਂਦੀ ਹੈ ਕਿ ਇਥੇ ਵੱਖ ਵੱਖ ਇਲਾਕਿਆਂ ਨੂੰ ਕੰਟਰੋਲ ਕਰਨ ਵਾਲੇ ਜੰਗੀ ਸਰਦਾਰਾਂ ਵਿਚਕਾਰ ਲਗਾਤਾਰ ਜੰਗਾਂ ਚੱਲ ਰਹੀਆਂ ਹਨ। ਇਹ ਸਥਿਤੀ ਹੋਰ ਦੇਸ਼ਾਂ ਵਿੱਚ ਨਹੀਂ ਹੈ। ਦੂਸਰਾ ਲਾਲ ਸੱਤਾ ਉਨ੍ਹਾਂ ਇਲਾਕਿਆਂ ਵਿੱਚ ਹੀ ਵਧੇਰੇ ਸਫਲ ਹੋਈ ਹੈ ਜਿੱਥੇ ਜਮਹੂਰੀ ਇਨਕਲਾਬ ਦੌਰਾਨ ਲੋਕ ਵੱਡੀ ਗਿਣਤੀ ਵਿੱਚ ਸਰਗਰਮ ਹੋਏ ਅਤੇ ਉਹ ਟ੍ਰੇਡਯੂਨੀਅਨਾਂ ਅਤੇ ਹੋਰ ਜਥੇਬੰਦੀਆਂ ਵਿੱਚ ਜਥੇਬੰਦ ਹੋਏ। ਲਾਲ ਫੌਜ ਦੇ ਵੱਡੇ ਹਿੱਸੇ ਵੀ ਕੌਮਿਨਤਾਂਗ ਦੀ ਕੌਮੀ ਇਨਕਲਾਬੀ ਫੌਜ ਨਾਲੋਂ ਹੀ ਟੁੱਟ ਕੇ ਆਏ ਹਨ ਜਿੱਥੇ ਉਨ੍ਹਾਂ ਦੀ ਜਮਹੂਰੀ ਅਤੇ ਸਿਆਸੀ ਟ੍ਰੇਨਿੰਗ ਹੋਈ ਸੀ। ਅਜਿਹੇ ਲਾਲ ਫੌਜੀ ਜੰਗੀ ਸਰਦਾਰਾਂ ਦੀਆਂ ਫੌਜਾਂ ਵਿਚੋਂ ਪੈਦਾ ਨਹੀਂ ਹੋ ਸਕਦੇ ਸਨ। ਤੀਸਰਾ ਦੇਸ਼ ਵਿੱਚ ਇਨਕਲਾਬੀ ਹਾਲਤਾਂ ਲਗਾਤਾਰ ਪੱਕ ਰਹੀਆਂ ਹਨ। ਜੇ ਇਉਂ ਨਾ ਹੋਵੇ ਅਤੇ ਦੇਸ਼ ਪੱਧਰੀ ਇਨਕਲਾਬੀ ਹਾਲਤ ਲੰਮੀ ਖੜੋਤ ਵਿੱਚ ਆ ਜਾਵੇ, ਤਦ ਵੀ ਲਾਲ ਇਲਾਕੇ ਬਹੁਤਾ ਸਮਾਂ ਕਾਇਮ ਨਹੀਂ ਰਹਿ ਸਕਣਗੇ। ਇਸ ਤਰ੍ਹਾਂ ਦੀਆਂ ਹੋਰ ਦਲੀਲਾਂ ਦੇ ਕੇ ਮਾਓ ਨੇ ਚੀਨ ਦੀਆਂ ਵਿਸ਼ੇਸ਼ ਹਾਲਤਾਂ ਦਾ ਜ਼ਿਕਰ ਕਰਦਿਆਂ ਸਪਸ਼ਟ ਕੀਤਾ ਕਿ ਚੀਨ ਵਿੱਚ ਪੇਂਡੂ ਖੇਤਰ ਵਿੱਚ ਆਧਾਰ ਇਲਾਕੇ ਕਾਇਮ ਕਰ ਕੇ ਲਮਕਵੇਂ ਲੋਕ-ਯੁੱਧ ਰਾਹੀਂ ਹੀ ਇਨਕਲਾਬ ਵੱਲ ਵਧਿਆ ਜਾ ਸਕਦਾ ਹੈ।

ਚਿੰਗਕਾਂਗਸ਼ਾਨ, ਜਿੱਥੇ ਮਾਓ ਨੇ ਲਾਲ ਫੌਜ ਨਾਲ ਅੱਡਾ ਜਮਾਇਆ ਸੀ, ਦਾ ਏਰੀਆ 250 ਕਿਲੋਮੀਟਰ ਲੰਬਾਈ ਅਤੇ 40 ਕੁ ਕਿਲੋਮੀਟਰ ਚੌੜਾਈ ਵਿੱਚ ਸੀ। ਕੁਝ ਸਮਾਂ ਤਾਂ ਮਾਓ ਅਤੇ ਸਾਥੀਆਂ ਦੀ ਜਰੂਰਤਾਂ ਪੂਰੀਆਂ ਹੁੰਦੀਆਂ ਰਹੀਆਂ। ਪਰ ਜਿਵੇਂ ਜਿਵੇਂ ਹੋਰ ਸਾਥੀ ਆ ਕੇ ਰਲਦੇ ਰਹੇ ਅਤੇ ਕੌਮਿਨਤਾਂਗੀ ਫੌਜਾਂ ਵੱਲੋਂ ਘੇਰਾਬੰਦੀ ਸਖਤ ਹੁੰਦੀ ਗਈ, ਖਾਣ-ਪੀਣ ਅਤੇ ਕੱਪੜਿਆਂ ਦੀਆਂ ਮੁਸ਼ਕਿਲਾਂ ਵਧਦੀਆਂ ਗਈਆਂ। ਆਖਰ ਜਨਵਰੀ 1929 ਵਿੱਚ ਮਾਰਸ਼ਲ ਜ਼ੂ-ਤੇਹ ਦੀ ਅਗਵਾਈ ਵਿੱਚ ਕੌਮਿਨਤਾਂਗੀ

ਘੇਰਾ ਤੋੜ ਕੇ ਕਿਆਂਗਸੀ ਪ੍ਰਾਂਤ ਦੇ ਦੱਖਣ ਵੱਲ ਜਾਇਆ ਗਿਆ ਅਤੇ ਇਥੇ ਲੋਕ ਸੱਤਾ ਸਥਾਪਿਤ ਕਰਕੇ ਆਧਾਰ ਇਲਾਕਾ ਕਾਇਮ ਕੀਤਾ ਗਿਆ।

ਆਮ ਲੀਹ ਤੋਂ ਹਟ ਕੇ ਸੋਚਣਾ, ਉਸ ਨਵੀਂ ਸੋਚ ਦੇ ਆਧਾਰ 'ਤੇ ਫੈਸਲੇ ਲੈਣੇ, ਉਨ੍ਹਾਂ ਫੈਸਲਿਆਂ ਨੂੰ ਅਮਲ ਵਿੱਚ ਲਾਗੂ ਕਰਨਾ, ਇਸ ਸਭ ਕਾਸੇ ਲਈ ਠੋਸ ਹਾਲਤਾਂ ਦੀ ਡੂੰਘੀ ਸਮਝ ਵਿਚੋਂ ਉਪਜੇ ਦ੍ਰਿੜ ਨਿਸਚੇ ਦੀ ਲੋੜ ਹੁੰਦੀ ਹੈ ; ਅਤੇ ਮਾਓ ਵਿੱਚ ਇਹ ਗੁਣ ਸੀ। ਇਸੇ ਕਰਕੇ ਉਹ ਪਾਰਟੀ ਦੀ ਸਨਅਤੀ ਮਜਦੂਰ ਜਮਾਤ ਉੱਤੇ ਨਿਰਭਰ ਕਰਦੀ ਯੁੱਧਨੀਤੀ ਦੇ ਬਦਲ ਵਿੱਚ ਗਰੀਬ ਕਿਸਾਨੀ ਨੂੰ ਇਨਕਲਾਬੀ ਸ਼ਕਤੀ ਦਾ ਧੁਰਾ ਬਣਾਉਣ ਅਤੇ ਸ਼ਹਿਰੀ ਕੇਂਦਰਾਂ 'ਤੇ ਕਬਜਾ ਕਰਨ ਦੀ ਥਾਂ ਪੇਂਡੂ ਖੇਤਰਾਂ ਵਿੱਚ ਆਧਾਰ ਇਲਾਕੇ ਬਨਾਉਣ ਵਾਲੀ ਯੁੱਧਨੀਤੀ ਨੂੰ ਅਮਲ ਵਿੱਚ ਸਹੀ ਸਿੱਧ ਕਰ ਸਕਿਆ। ਅਮਲ ਵਿੱਚ ਮਾਓ ਦੀ ਕਾਰਗੁਜ਼ਾਰੀ ਨੂੰ ਵੇਖਦੇ ਹੋਏ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਵੀ ਆਪਣੀ ਛੇਵੀਂ ਕਾਂਗਰਸ ਵਿੱਚ ਜ਼ਰਈ ਲਹਿਰ ਦੀ ਮਹੱਤਤਾ ਨੂੰ ਸਵੀਕਾਰ ਕਰ ਲਿਆ ਅਤੇ ਮਾਓ ਨੂੰ ਪਾਰਟੀ ਅਹੁਦਿਆਂ ਉੱਤੇ ਬਹਾਲ ਕਰ ਦਿੱਤਾ। ਮਾਓ ਨੇ ਕਿਸਾਨੀ ਦੇ ਰੋਲ ਬਾਰੇ ਕਿਹਾ –

*ਥੋੜ੍ਹੇ ਸਮੇਂ ਵਿੱਚ ਹੀ, ਲੱਖਾਂ ਕਿਸਾਨ ਚੀਨ ਦੇ ਉੱਤਰ, ਦੱਖਣ ਅਤੇ ਕੇਂਦਰ ਵਿਚੋਂ ਝੱਖੜ ਵਾਂਗ ਉਠਣਗੇ ; ਕੋਈ ਤਾਕਤ ਕਿੰਨੀ ਵੀ ਸ਼ਕਤੀਸ਼ਾਲੀ, ਉਨ੍ਹਾਂ ਨੂੰ ਰੋਕ ਨਹੀਂ ਸਕੇਗੀ। ਉਹ ਸਾਰੀਆਂ ਜੰਜ਼ੀਰਾਂ ਤੋੜ ਕੇ ਮੁਕਤੀ ਦੇ ਰਾਹ 'ਤੇ ਚੱਲ ਪੈਣਗੇ। ਸਾਰੇ ਸਾਮਰਾਜਵਾਦੀ, ਜੰਗੀ ਸਰਦਾਰ, ਭ੍ਰਿਸ਼ਟ ਅਫ਼ਸਰ ਅਤੇ ਬੁਰੇ ਲੋਕ ਕਿਸਾਨਾਂ ਦੇ ਹੱਥੋਂ ਤਬਾਹ ਹੋਣਗੇ। ਸਾਰੀਆਂ ਇਨਕਲਾਬੀ ਪਾਰਟੀਆਂ ਅਤੇ ਕਾਮਰੇਡਾਂ ਨੂੰ ਉਨ੍ਹਾਂ ਦੁਆਰਾ ਪਰਖਿਆ ਜਾਵੇਗਾ। **

ਮਾਓ ਵੱਲੋਂ ਇਨਕਲਾਬੀ ਸੰਘਰਸ਼ ਵਿੱਚ ਕੀਤੀਆਂ ਜਾ ਰਹੀਆਂ ਠੋਸ ਪ੍ਰਾਪਤੀਆਂ ਨੂੰ ਮਾਨਤਾ ਦੇਣ ਦੇ ਬਾਵਜੂਦ ਰੂਸ ਤੋਂ ਅਗਵਾਈ ਲੈ ਰਹੀ ਚੀਨੀ ਕਮਿਊਨਿਸਟ ਪਾਰਟੀ ਦੀ ਸ਼ਹਿਰੀ ਲੀਡਰਸ਼ਿਪ ਮਾਓ ਦੀ ਪੇਂਡੂ ਖੇਤਰਾਂ ਵਿੱਚ ਆਧਾਰ ਇਲਾਕੇ ਕਾਇਮ ਕਰਨ ਵਾਲੀ ਯੁੱਧਨੀਤੀ ਨੂੰ ਆਤਮਸਾਤ ਨਹੀਂ ਕਰ ਰਹੀ ਸੀ। ਸੋ ਉਸ ਵੱਲੋਂ ਵਾਰ ਵਾਰ ਸ਼ਹਿਰਾਂ ਉੱਤੇ ਕਬਜੇ ਕਰਨ ਨੂੰ ਉਕਸਾਇਆ ਜਾਂਦਾ। ਉਨ੍ਹਾਂ ਨੂੰ ਲਗਦਾ ਸੀ ਕਿ ਅਸਲ ਸੱਤਾ ਤਾਂ ਸ਼ਹਿਰਾਂ ਉੱਤੇ ਕਬਜਾ ਕਰਨ ਨਾਲ ਹੀ ਸਥਾਪਿਤ ਹੋਵੇਗੀ। ਸ਼ਹਿਰਾਂ 'ਤੇ ਹੱਲਾ ਬੋਲਣ ਵਾਲੀ ਇਸ ਨੀਤੀ ਦਾ ਘਾੜਾ ਲੀ ਲੀ ਸਾਨ ਸੀ ਜੋ ਫਰਾਂਸ ਵਿਚੋਂ ਪੜ੍ਹ ਕੇ ਆਇਆ ਸੀ ਅਤੇ 1929–30 ਦੌਰਾਨ ਪਾਰਟੀ ਵਿੱਚ ਬਹੁਤ ਪ੍ਰਭਾਵ ਰਖਦਾ ਸੀ। ਮਾਓ ਅਨੁਸਾਰ ਲੀ ਲੀ ਸਾਨ ਵਾਲੀ ਨੀਤੀ ਛਾਲਾਂ ਮਾਰ ਮਾਰ ਵਧਣ ਦੀ ਸੀ ਜਦ ਕਿ ਉਸ ਦੀ ਨੀਤੀ ਆਪਣੇ ਆਧਾਰ ਨੂੰ ਪੱਕਿਆਂ ਕਰਦੇ ਹੋਏ ਲਹਿਰਾਂ ਵਾਂਗ ਅੱਗੇ ਵਧਣ ਦੀ ਸੀ।

* ਹੂਨਾਨ ਵਿੱਚ ਕਿਸਾਨ ਲਹਿਰ ਦੀ ਪੜਤਾਲੀਆ ਰਿਪੋਰਟ

ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦੇ ਅਸਰ ਹੇਠ ਸ਼ਹਿਰਾਂ ਉੱਤੇ ਕਬਜਾ ਕਰਨ ਲਈ ਕੁਝ ਹਮਲੇ ਕੀਤੇ ਗਏ। ਪਰ ਇਨ੍ਹਾਂ ਨਾਲ ਪਾਰਟੀ ਅਤੇ ਲਾਲ ਫੌਜ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ, ਖਾਸ ਕਰ ਚਾਂਗਸ਼ਾ ਸ਼ਹਿਰ ਉੱਤੇ ਕਬਜਾ ਕਰਨ ਦੀ ਦੂਸਰੀ ਕੋਸ਼ਿਸ਼ ਵੇਲੇ। ਇਸ ਅਸਫਲਤਾ ਨਾਲ ਲੀ ਲੀ ਸਾਨ ਦੀ ਮਾਅਰਕੇਬਾਜ ਨੀਤੀ ਰੱਦ ਹੋ ਗਈ ਅਤੇ ਉਸ ਨੂੰ ਪੋਲਿਟ ਬਿਓਰੋ ਵਿਚੋਂ ਹਟਾ ਕੇ ਰੂਸ ਭੇਜ ਦਿੱਤਾ ਗਿਆ। ਸ਼ਹਿਰਾਂ ਉੱਤੇ ਕਬਜਾ ਕਰਨ ਵਾਲੀ ਇਸ ਨੀਤੀ ਉੱਤੇ ਚੱਲਣ ਨਾਲ ਜੋ ਨੁਕਸਾਨ ਹੋਏ ਉਸ ਨੇ ਪਾਰਟੀ ਦੇ ਕਾਡਰ ਵਿੱਚ ਕੁਝ ਨਿਰਾਸ਼ਾ ਵੀ ਪੈਦਾ ਕੀਤੀ।

ਪਾਰਟੀ ਵਿੱਚ ਆਏ ਨਿਰਾਸ਼ਾਵਾਦੀ ਵਿਚਾਰਾਂ ਨੂੰ ਦੂਰ ਕਰਨ ਲਈ ਜਨਵਰੀ 1930 ਵਿੱਚ ਮਾਓ ਨੇ ਪਾਰਟੀ ਨੂੰ ਮਸ਼ਹੂਰ ਪੱਤਰ ਲਿਖਿਆ, *'ਇੱਕ ਚੰਗਿਆੜੀ ਜੰਗਲ ਨੂੰ ਜਲਾ ਸਕਦੀ ਹੈ।'* ਇਸ ਵਿੱਚ ਉਸ ਨੇ ਇਨਕਲਾਬੀ ਸਥਿਤੀ ਨੂੰ ਘਟਾ ਕੇ ਅੰਗਣ ਅਤੇ ਲੜਾਈ ਵਿੱਚ ਇੱਕ ਜਗ੍ਹਾ ਹੋਈ ਹਾਰ ਨੂੰ ਸਮੁੱਚੀ ਇਨਕਲਾਬੀ ਸਥਿਤੀ 'ਤੇ ਲਾਗੂ ਕਰ ਦੇਣਾ ਜਾਂ ਦੂਸਰੇ ਪਾਸੇ ਇਨਕਲਾਬੀ ਤਾਕਤਾਂ ਦਾ ਰੋਲ ਬਹੁਤ ਵਧਾ ਕੇ ਅਤੇ ਦੁਸ਼ਮਣ ਦੀ ਤਾਕਤ ਘਟਾ ਕੇ ਦੇਖਣ ਦੇ ਦੋਹਾਂ ਰੁਝਾਨਾਂ ਨੂੰ ਰੱਦ ਕਰਦਿਆਂ ਇਨਕਲਾਬੀ ਸਥਿਤੀ ਦਾ ਸੰਤੁਲਿਤ ਮੁਲਅੰਕਣ ਪੇਸ਼ ਕੀਤਾ। ਇਸ ਪੱਤਰ ਵਿੱਚ ਉਨ੍ਹਾਂ ਨੇ ਪਿਛਲੇ ਤਿੰਨ ਸਾਲ ਦੀ ਲੜਾਈ ਦੌਰਾਨ ਹਾਸਲ ਤਜਰਬੇ ਵਿਚੋਂ ਸਿੱਟੇ ਕੱਢਦਿਆਂ ਲੜਾਈ ਦੇ ਦਾਅਪੇਚਾਂ ਦਾ ਵਰਣਨ ਕੀਤਾ ਜੋ ਸਾਰੀ ਦੁਨੀਆ ਵਿੱਚ ਗੁਰੀਲਾ ਲੜਾਈ ਲਈ ਅਪਨਾਏ ਜਾਣ ਲੱਗੇ। ਇਨ੍ਹਾਂ ਵਿਚੋਂ ਕੁਝ ਨੁਕਤੇ ਹੇਠ ਲਿਖੇ ਸਨ –

*ਜਨਤਾ ਨੂੰ ਉਭਾਰਨ ਲਈ ਆਪਣੀਆਂ ਤਾਕਤਾਂ ਨੂੰ ਖਿਲਾਰ ਦਿਓ, ਦੁਸ਼ਮਣ ਨਾਲ ਨਜਿੱਠਣ ਲਈ ਆਪਣੀਆਂ ਫੌਜਾਂ ਨੂੰ ਇਕਾਗਰ ਕਰੋ।*

*ਦੁਸ਼ਮਣ ਅੱਗੇ ਵਧਦਾ ਹੈ, ਅਸੀਂ ਪਿੱਛਲ-ਮੋੜਾ ਕੱਟਦੇ ਹਾਂ, ਦੁਸ਼ਮਣ ਟਿਕ ਕੇ ਬੈਠਦਾ ਹੈ, ਅਸੀਂ ਪ੍ਰੇਸ਼ਾਨ ਕਰਦੇ ਹਾਂ; ਦੁਸ਼ਮਣ ਥੱਕਦਾ ਹੈ, ਅਸੀਂ ਹਮਲਾ ਕਰਦੇ ਹਾਂ; ਦੁਸ਼ਮਣ ਪਿੱਛੇ ਮੁੜਦਾ ਹੈ, ਅਸੀਂ ਉਸ ਦਾ ਪਿੱਛਾ ਕਰਦੇ ਹਾਂ।*

*ਸਥਾਈ ਆਧਾਰ ਇਲਾਕਿਆਂ ਵਿੱਚ ਪਸਾਰਾ ਕਰਨ ਲਈ ਲਹਿਰਾਂ ਵਿੱਚ ਅੱਗੇ ਵਧਣ ਦੀ ਨੀਤੀ ਵਰਤੋ; ਜਦੋਂ ਸ਼ਕਤੀਸ਼ਾਲੀ ਦੁਸ਼ਮਣ ਪਿੱਛਾ ਕਰ ਰਿਹਾ ਹੋਵੇ, ਪਾਸਿਆਂ ਤੋਂ ਘੇਰਾ ਪਾਉਣ ਦੀ ਨੀਤੀ ਅਮਲ ਵਿੱਚ ਲਿਆਵੋ।*

*ਇਹ ਦਾਅਪੇਚ ਇੱਕ ਜਾਲ ਸੁੱਟਣ ਵਾਂਗ ਹਨ; ਹਰ ਪਲ ਸਾਨੂੰ ਇਸ ਨੂੰ ਸੁੱਟਣ ਜਾਂ ਇਸ ਨੂੰ ਸਮੇਟਣ ਦੇ ਯੋਗ ਹੋਣਾ ਚਾਹੀਦਾ ਹੈ। ਅਸੀਂ ਜਨਤਾ ਨੂੰ ਜਿੱਤਣ ਲਈ ਚੌਤਰਫਾ ਜਾਲ ਵਿਛਾਉਂਦੇ ਹਾਂ ਅਤੇ ਦੁਸ਼ਮਣ ਨਾਲ ਨਜਿੱਠਣ ਲਈ ਇਸ ਨੂੰ ਸਮੇਟਦੇ ਹਾਂ।*

ਇਸ ਦੌਰਾਨ ਚਿਆਂਗ ਕਾਈ ਸ਼ੇਕ ਨੂੰ ਮਾਓ ਦੀ ਅਗਵਾਈ ਹੇਠ ਸਥਾਪਿਤ ਹੋਈ ਲੋਕ ਸੱਤਾ ਤੋਂ ਅਸਲ ਖਤਰਾ ਮਹਿਸੂਸ ਹੋਣ ਲੱਗਾ ਅਤੇ ਉਸ ਨੇ ਇਸ ਨੂੰ ਕੁਚਲਣ ਲਈ ਸਾਰੀ ਤਾਕਤ ਲਗਾ ਦਿੱਤੀ। ਉਸ ਨੇ ਕਿਆਂਗਸੀ ਵਿੱਚ ਸਥਾਪਿਤ ਕਮਿਊਨਿਸਟ ਸੱਤਾ ਦੇ ਖਾਤਮੇ ਲਈ ਦਸੰਬਰ 1930 ਵਿੱਚ ਇੱਕ ਲੱਖ ਫੌਜੀਆਂ ਨਾਲ 'ਘੇਰਾ ਪਾਓ ਅਤੇ ਕੁਚਲੋ' ਮੁਹਿੰਮ ਦੀ ਸ਼ੁਰੂਆਤ ਕੀਤੀ। ਲਾਲ ਫੌਜ ਨੇ ਇਹ ਮੁਹਿੰਮ ਪਛਾੜ ਦਿੱਤੀ ਅਤੇ ਕੌਮਿਨਤਾਂਗੀ ਫੌਜਾਂ ਨੂੰ ਵਾਪਸ ਜਾਣਾ ਪਿਆ। ਮਈ 1931 ਵਿੱਚ ਉਸ ਨੇ ਆਪਣੀ ਫੌਜ ਦੀ ਗਿਣਤੀ ਦੁੱਗਣੀ ਕਰਕੇ ਚੜ੍ਹਾਈ ਕੀਤੀ ਪਰ ਇਸ ਨੂੰ ਵੀ ਕੋਈ ਸਫਲਤਾ ਨਾ ਮਿਲੀ। ਮਹੀਨੇ ਕੁ ਬਾਅਦ ਤੀਜੀ ਘੇਰਾ ਪਾਊ ਮੁਹਿੰਮ ਚਲਾਈ ਗਈ ਪਰ ਇਸ ਨੂੰ ਵੀ ਪਛਾੜ ਦਿੱਤਾ ਗਿਆ। ਚਿਆਂਗ ਕਾਈ ਸ਼ੇਕ ਦੀਆਂ ਫੌਜਾਂ ਦੇ ਮੁਕਾਬਲੇ ਚਾਹੇ ਲਾਲ ਫੌਜ ਬਹੁਤ ਘੱਟ ਗਿਣਤੀ ਵਿੱਚ ਸੀ ਪਰ ਇਨਕਲਾਬੀ ਭਾਵਨਾ ਅਤੇ ਸਹੀ ਯੁੱਧਨੀਤੀ ਨੇ ਕੌਮਿਨਤਾਂਗੀ ਹਮਲਿਆਂ ਨੂੰ ਅਸਫਲ ਕਰੀ ਰੱਖਿਆ। ਕਮਿਊਨਿਸਟ ਆਪਣੇ ਆਧਾਰ ਇਲਾਕੇ ਵਿੱਚ ਉਨ੍ਹਾਂ ਦੀ ਫੌਜ ਨੂੰ ਅੱਗੇ ਵਧਣ ਦੇਈ ਜਾਂਦੇ, ਜਦ ਉਹ ਲਾਲ ਇਲਾਕੇ ਵਿੱਚ ਕਾਫੀ ਅੰਦਰ ਆ ਜਾਂਦੇ ਤਾਂ ਕਮਿਊਨਿਸਟ ਉਨ੍ਹਾਂ ਉੱਤੇ ਸਾਰੇ ਪਾਸਿਆਂ ਤੋਂ ਇੱਕ ਦਮ ਹਮਲਾ ਕਰ ਦਿੰਦੇ ਜਿਸ ਨਾਲ ਉਨ੍ਹਾਂ ਦਾ ਭਾਰੀ ਨੁਕਸਾਨ ਹੁੰਦਾ। ਤਿੰਨ ਮੁਹਿੰਮਾਂ ਅਸਫਲ ਹੋ ਜਾਣ ਬਾਅਦ ਡੇਢ ਸਾਲ ਤੱਕ ਚਿਆਂਗ ਕਾਈ ਸ਼ੇਕ ਦਾ ਕੋਈ ਹਮਲਾ ਕਰਨ ਦਾ ਹੌਂਸਲਾ ਨਾ ਪਿਆ। ਇਸ ਦੌਰਾਨ ਮਾਓ ਦੀ ਲੀਹ 'ਤੇ ਚਲਦਿਆਂ ਕਮਿਊਨਿਸਟਾਂ ਨੇ ਆਪਣਾ ਪ੍ਰਭਾਵ ਅਤੇ ਤਾਕਤ ਬਹੁਤ ਵਧਾ ਲਈ। ਚੀਨ ਦੇ ਵੱਖ ਵੱਖ ਹਿੱਸਿਆਂ ਵਿੱਚ ਦਸ ਕੁ ਅਜਿਹੇ ਆਧਾਰ ਇਲਾਕੇ ਸਥਾਪਿਤ ਹੋ ਗਏ ਜਿੱਥੇ ਕਮਿਊਨਿਸਟ ਪਾਰਟੀ ਦੀ ਸੱਤਾ ਸੀ। ਕਿਆਂਗਸੀ ਦੀ ਕਮਿਊਨਿਸਟ ਸੱਤਾ ਜਿਸ ਦਾ ਮੁਖੀ ਮਾਓਜ਼ੇ ਤੁੰਗ ਸੀ, ਇਸ ਹੇਠਲਾ ਇਲਾਕਾ 30 ਹਜਾਰ ਵਰਗ ਕਿਲੋਮੀਟਰ ਤੱਕ ਫੈਲ ਗਿਆ ਅਤੇ 30 ਲੱਖ ਲੋਕ ਇਸ ਵਿੱਚ ਰਹਿ ਰਹੇ ਸਨ। ਲਾਲ ਫੌਜ ਦੀ ਗਿਣਤੀ 140,000 ਤੱਕ ਪਹੁੰਚ ਗਈ ਅਤੇ ਇਹ ਪੂਰੇ ਸਾਜੋ ਸਾਮਾਨ ਨਾਲ ਲੈਸ ਸੀ।

ਇਹ ਸਾਰੀ ਸਫਲਤਾ ਕੇਵਲ ਫੌਜੀ ਨੁਕਤੇ ਤੋਂ ਹੀ ਨਹੀਂ ਹੋਈ ਸੀ। ਇਸ ਦੇ ਪਿੱਛੇ ਕਮਿਊਨਿਸਟ ਸੱਤਾ ਅਧੀਨ ਆਉਂਦੇ ਇਲਾਕੇ ਵਿੱਚ ਵਿਆਪਕ ਸੁਧਾਰਾਂ ਦਾ ਵੱਡਾ ਰੋਲ ਸੀ ਜਿਸ ਕਰਕੇ ਉਥੋਂ ਦੇ ਲੋਕ ਕਮਿਊਨਿਸਟਾਂ ਨਾਲ ਰਲ ਕੇ ਲੜ ਮਰਨ ਲਈ ਤਿਆਰ ਹੋ ਜਾਂਦੇ ਸਨ। ਉਸ ਇਲਾਕੇ ਵਿਚੋਂ ਜਾਗੀਰਦਾਰਾਂ ਨੂੰ ਭਜਾ ਕੇ ਉਨ੍ਹਾਂ ਦੀਆਂ ਜ਼ਮੀਨਾਂ ਕਿਸਾਨਾਂ ਨੂੰ ਵੰਡੀਆਂ ਗਈਆਂ ਜਾਂ ਸਾਂਝੀਆਂ ਸਹਿਕਾਰੀ ਸਭਾਵਾਂ ਅਧੀਨ ਲਿਆਂਦੀਆਂ ਗਈਆਂ ਜਿਸ ਨਾਲ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਵੱਡੀ

ਤਬਦੀਲੀ ਆਈ। ਬੇਰੁਜ਼ਗਾਰੀ, ਵੇਸਵਾਗਮਨੀ, ਅਫੀਮ, ਬੱਚਿਆਂ ਦੀ ਗੁਲਾਮੀ ਅਤੇ ਬਾਲ ਵਿਆਹ ਵਰਗੀਆਂ ਬੁਰਾਈਆਂ ਨੂੰ ਖਤਮ ਕੀਤਾ ਗਿਆ। ਸਾਖਰਤਾ ਮੁਹਿੰਮ ਚਲਾਈ ਗਈ ਅਤੇ ਕਈ ਜਿਲ੍ਹਿਆਂ ਵਿੱਚ ਇਨ੍ਹਾਂ ਚਾਰ-ਪੰਜ ਸਾਲਾਂ ਦੌਰਾਨ ਹੀ ਸਿੱਖਿਆ ਦਾ ਐਨਾ ਪਾਸਾਰ ਕੀਤਾ ਗਿਆ ਜਿਨ੍ਹਾਂ ਚੀਨ ਦੇ ਹੋਰ ਪੇਂਡੂ ਇਲਾਕਿਆਂ ਵਿੱਚ ਸਦੀਆਂ ਦੌਰਾਨ ਨਹੀਂ ਹੋਇਆ ਸੀ। ਲਾਲ ਇਲਾਕਿਆਂ ਦੀਆਂ ਜੀਵਨ ਹਾਲਤਾਂ ਬਾਰੇ ਉਪਰੋਕਤ ਵਰਣਨ ਕਿਸੇ ਕਮਿਊਨਿਸਟ ਪ੍ਰਚਾਰ ਦਾ ਹਿੱਸਾ ਨਹੀਂ ਸੀ ਸਗੋਂ ਕੌਮਿਨਤਾਂਗ ਵੱਲੋਂ ਮਾਨਤਾ ਪ੍ਰਾਪਤ ਅਕੈਡਮੀ ਆਫ਼ ਸਾਇੰਸ ਨਾਲ ਸਬੰਧਿਤ ਖੋਜਕਾਰ ਯਾਂਗ ਚੇਨ ਦੀ ਰਿਪੋਰਟ ਵਿੱਚ ਦਰਜ ਸੀ ਜੋ ਅਕੈਡਮੀ ਵੱਲੋਂ ਪ੍ਰਕਾਸ਼ਿਤ ਵੀ ਕੀਤੀ ਗਈ। ਇਸ ਰਿਪੋਰਟ ਦਾ ਉਦੇਸ਼ ਇਹ ਜਾਣਨਾ ਸੀ ਕਿ ਕਮਿਊਨਿਸਟ ਕਿਸਾਨਾਂ ਵਿੱਚ ਹਰਮਨਪਿਆਰੇ ਕਿਉਂ ਹਨ। *

ਅਪ੍ਰੈਲ 1933 ਵਿੱਚ ਚੌਥੀ ਮੁਹਿੰਮ ਤਹਿਤ ਢਾਈ ਲੱਖ ਫੌਜ ਕਿਆਂਗਸੀ ਵਿੱਚ ਸਥਾਪਿਤ ਲਾਲ ਸੱਤਾ ਨੂੰ ਕੁਚਲਣ ਲਈ ਭੇਜੀ ਗਈ। ਇਹ ਮੁਹਿੰਮ ਸਭ ਤੋਂ ਬੁਰੀ ਤਰ੍ਹਾਂ ਫੇਲ੍ਹ ਹੋਈ ਅਤੇ ਕੌਮਿਨਤਾਂਗੀ ਫੌਜਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ। ਦੋ ਡਿਵੀਜ਼ਨਾਂ ਤੋਂ ਤਾਂ ਹਥਿਆਰ ਹੀ ਸੁਟਵਾ ਲਏ ਗਏ, ਉਨ੍ਹਾਂ ਦੇ ਜਰਨੈਲ ਗ੍ਰਿਫਤਾਰ ਕਰ ਲਏ ਗਏ। ਚਿਆਂਗ ਕਾਈ ਸ਼ੇਕ ਨੇ ਆਪਣੇ ਕਮਾਂਡਰ ਨੂੰ ਪੱਤਰ ਲਿਖਿਆ ਕਿ ਇਹ ਉਸ ਦੀ 'ਜ਼ਿੰਦਗੀ ਦੀ ਸਭ ਤੋਂ ਨਮੋਸ਼ੀਜਨਕ ਹਾਰ' ਹੈ। ਇਸ ਹਾਰ ਦਾ ਬਦਲਾ ਲੈਣ ਲਈ ਚਿਆਂਗ ਨੇ ਪੰਜਵੀਂ ਮੁਹਿੰਮ ਲਈ ਆਪਣਾ ਸਭ ਕੁਝ ਦਾਅ 'ਤੇ ਲਾ ਦਿੱਤਾ। ਪੰਜਵੀਂ ਮੁਹਿੰਮ ਲਈ ਉਸ ਨੌਂ ਲੱਖ ਫੌਜੀਆਂ ਨੂੰ ਹਰਕਤ ਵਿੱਚ ਲਿਆਂਦਾ ਜਿਨ੍ਹਾਂ ਵਿਚੋਂ ਚਾਰ ਲੱਖ ਤਾਂ ਸਿੱਧਾ ਹੀ ਕਿਆਂਗਸੀ ਦੇ ਲਾਲ ਇਲਾਕੇ ਨੂੰ ਪਾਏ ਘੇਰੇ ਵਿੱਚ ਸ਼ਾਮਲ ਸਨ। ਬਾਕੀ ਪਿਛੋਂ ਸੁਪੋਰਟ ਕਰ ਰਹੇ ਸਨ ਅਤੇ ਕਮਿਊਨਿਸਟਾਂ ਦੇ ਹੋਰ ਆਧਾਰ ਇਲਾਕਿਆਂ ਵਿਚੋਂ ਸੰਭਾਵੀ ਮਦਦ ਨੂੰ ਰੋਕ ਰਹੇ ਸਨ। ਇਸ ਵਾਰ ਚਿਆਂਗ ਕਾਈ ਸ਼ੇਕ ਕਿਲ੍ਹਾਬੰਦੀਆਂ ਕਰਦਾ ਹੋਇਆ ਅੱਗੇ ਵਧਿਆ। ਆਪਣੀ ਸਪਲਾਈ ਲਾਈਨ ਨੂੰ ਤੇਜ ਕਰਨ ਲਈ ਸੜਕਾਂ ਬਣਾਈਆਂ ਗਈਆਂ। ਹਵਾਈ ਜਹਾਜਾਂ ਦੀ ਵਰਤੋਂ ਕੀਤੀ ਗਈ। ਇਸ ਹਮਲੇ ਦੀ ਵਿਉਂਤਬੰਦੀ ਚਿਆਂਗ ਦੇ ਜਰਮਨ ਫੌਜੀ ਸਲਾਹਕਾਰਾਂ ਨੇ ਕੀਤੀ ਸੀ। ਇਹ ਪੰਜਵੀਂ ਮੁਹਿੰਮ ਅਕਤੂਬਰ 1933 ਵਿੱਚ ਸ਼ੁਰੂ ਕੀਤੀ ਗਈ। ਕਮਿਊਨਿਸਟਾਂ ਨੇ ਕੁਝ ਮਹੀਨੇ ਡਟ ਕੇ ਮੁਕਾਬਲਾ ਕੀਤਾ ਪਰ ਫੌਜ ਅਤੇ ਸਾਧਨਾਂ ਦਾ ਜਿੰਨਾ ਫਰਕ ਸੀ ਅਤੇ ਜਿਸ ਤਰ੍ਹਾਂ ਦੀ ਯੋਜਨਾਬੰਦੀ ਕਰ ਕੇ ਚਿਆਂਗ ਅੱਗੇ ਵਧ ਰਿਹਾ ਸੀ, ਲੰਮਾ ਸਮਾਂ ਉਸ ਦਾ ਮੁਕਾਬਲਾ ਕਰ ਕੇ ਹਮਲੇ ਨੂੰ ਪਛਾੜ ਸਕਣਾ ਸੰਭਵ ਨਹੀਂ ਸੀ ਜਾਪ ਰਿਹਾ। ਸੋ ਜਨਵਰੀ 1934 ਵਿੱਚ ਮੀਟਿੰਗ ਕੀਤੀ ਗਈ ਜਿਸ ਵਿੱਚ ਮਾਓ ਨੇ ਇਨਕਲਾਬ ਦੀਆਂ ਪ੍ਰਾਪਤੀਆਂ ਅਤੇ ਚੁਣੌਤੀਆਂ ਬਾਰੇ ਰਿਪੋਰਟ

* Edgar Snow, *Red Star Over China*p.491

ਪੇਸ਼ ਕੀਤੀ ਅਤੇ ਇਸ ਮੀਟਿੰਗ ਤੋਂ ਬਾਅਦ ਇਹ ਇਲਾਕਾ ਛੱਡ ਕੇ ਹੋਰ ਢੁੱਕਵੀਂ ਜਗ੍ਹਾ ਉੱਤੇ ਜਾਣ ਲਈ ਤਿਆਰੀਆਂ ਸ਼ੁਰੂ ਕੀਤੀਆਂ ਗਈਆਂ।

ਇੱਕ ਸਾਲ ਚਿਆਂਗ ਦੀ ਐਡੀ ਵੱਡੀ ਫੌਜ ਦਾ ਲਗਾਤਾਰ ਟਾਕਰਾ ਕਰਨ ਤੋਂ ਬਾਅਦ ਆਖਰ ਅਕਤੂਬਰ 1934 ਵਿੱਚ ਇਹ ਇਲਾਕਾ ਛੱਡ ਕੇ ਚੀਨ ਦੇ ਉੱਤਰ ਪੱਛਮ ਵਿੱਚ ਨਵੇਂ ਟਿਕਾਣੇ 'ਤੇ ਪਹੁੰਚਣ ਲਈ ਲੰਮਾ ਕੂਚ (Long March) ਸ਼ੁਰੂ ਕੀਤਾ ਗਿਆ। ਯੁੱਧ ਦੇ ਖੇਤਰ ਵਿੱਚ ਇਹ ਇੱਕ ਅਜਿਹਾ ਕਾਰਨਾਮਾ ਸੀ ਜਿਸ ਦੀ ਦੁਨੀਆ ਵਿੱਚ ਹੋਰ ਕਿਤੇ ਮਿਸਾਲ ਨਹੀਂ ਮਿਲਦੀ। ਕਈ ਵਾਰ ਕੋਈ ਜੰਗੀ ਪਛਾੜ ਖਾ ਕੇ ਹਾਰ ਰਹੀ ਧਿਰ ਅਜਿਹਾ ਕਾਰਨਾਮਾ ਕਰਦੀ ਹੈ ਕਿ ਜੇਤੂ ਧਿਰ ਰੁਲ ਕੇ ਰਹਿ ਜਾਂਦੀ ਹੈ। ਜਦ ਇਸ ਲੰਮੇ ਕੂਚ ਦਾ ਵੇਰਵੇ ਬਿਆਨੇ ਜਾਂਦੇ ਹਨ ਤਦ ਪਤਾ ਚਲਦਾ ਹੈ ਕਿ ਇਸ ਕੂਚ ਨਾਲ 'ਮਹਾਨ' ਸ਼ਬਦ ਕਿਉਂ ਲਾਇਆ ਜਾਂਦਾ ਹੈ।

***

# ਮਹਾਨ ਲੰਮਾ ਕੂਚ

ਕਿਆਂਗਸੀ ਦੇ ਲਾਲ ਇਲਾਕੇ ਨੂੰ ਪਾਏ ਘੇਰੇ ਨੂੰ ਤੋੜ ਕੇ ਨਿਕਲਣਾ ਸੌਖਾ ਕੰਮ ਨਹੀਂ ਸੀ ਪਰ ਕਮਿਊਨਿਸਟਾਂ ਨੇ ਇਹ ਐਨੀ ਤੇਜੀ ਅਤੇ ਸਫਲਤਾ ਨਾਲ ਕੀਤਾ ਕਿ ਜਦ ਤੱਕ ਦੁਸ਼ਮਣ ਨੂੰ ਪਤਾ ਚਲਦਾ ਉਨ੍ਹਾਂ ਨੂੰ ਨਿਕਲਿਆਂ ਕਈ ਦਿਨ ਲੰਘ ਚੁੱਕੇ ਸਨ। ਅਸਲ ਵਿੱਚ ਸਾਰੀ ਮੁੱਖ ਫੌਜ, ਰਾਤਾਂ ਨੂੰ ਚੱਲ ਚੱਲ ਕੇ, ਇਲਾਕੇ ਦੇ ਦੱਖਣ ਵਿੱਚ ਇਕੱਠੀ ਕਰ ਲਈ ਗਈ। ਜਿਥੋਂ 16 ਅਕਤੂਬਰ 1934 ਨੂੰ ਇਸ ਮਹਾਨ ਕੂਚ ਉੱਤੇ ਜਾਣ ਦਾ ਹੁਕਮ ਕੀਤਾ ਗਿਆ। ਉਨ੍ਹਾਂ ਨੇ ਹੂਨਾਨ ਵਾਲੀ ਸਾਈਡ ਦੀ ਕਿਲ੍ਹੇਬੰਦੀ ਉੱਤੇ ਇੱਕਦਮ ਹਮਲਾ ਕੀਤਾ ਅਤੇ ਘੇਰਾ ਤੋੜ ਕੇ ਨਿਕਲ ਗਏ। ਇਸ ਫੌਜ ਦੀ ਗਿਣਤੀ 90 ਹਜਾਰ ਦੇ ਲਗਪੱਗ ਸੀ ਅਤੇ ਇਨ੍ਹਾਂ ਤੋਂ ਇਲਾਵਾ ਹਜਾਰਾਂ ਹੋਰ ਕਿਸਾਨ, ਔਰਤਾਂ ਅਤੇ ਬੱਚੇ ਮਾਰਚ ਨਾਲ ਚੱਲ ਰਹੇ ਸਨ। ਇਸ ਦੇ ਨਾਲ ਹੀ ਉਨ੍ਹਾਂ ਦੇ ਅਸਲਾ ਕਾਰਖਾਨਿਆਂ ਦੀ ਮਸ਼ੀਨਰੀ ਅਤੇ ਹੋਰ ਸਾਜੋ ਸਮਾਨ ਵੀ ਗਧਿਆਂ ਅਤੇ ਖੱਚਰਾਂ ਲੱਦ ਕੇ ਨਾਲ ਲਿਜਾਇਆ ਜਾ ਰਿਹਾ ਸੀ। ਪਰ ਇਸ ਦੇ ਨਾਲ ਕਾਫਲੇ ਦੀ ਚਾਲ ਮੱਠੀ ਪੈ ਰਹੀ ਸੀ ਅਤੇ ਦੁਸ਼ਮਣ ਨੂੰ ਹਮਲਾ ਕਰਨ ਦਾ ਮੌਕਾ ਮਿਲ ਰਿਹਾ ਸੀ ਇਸ ਲਈ ਇਸ ਵਿਚੋਂ ਬਹੁਤਾ ਕੁਝ ਰਾਹ ਵਿੱਚ ਛੱਡਣਾ ਪਿਆ। ਪਰ ਇਹ ਐਵੇਂ ਨਹੀਂ ਸੁੱਟ ਦਿੱਤਾ ਗਿਆ, ਸੈਂਕੜੇ ਮਸ਼ੀਨਗਨਾਂ, ਬੰਦੂਕਾਂ, ਗੋਲੀ ਸਿੱਕਾ ਅਤੇ ਚਾਂਦੀ ਆਦਿ ਰਸਤੇ ਵਿੱਚ ਦੱਬ ਦਿੱਤੀ ਜਾਂਦੀ ਰਹੀ ਤਾਂ ਜੋ ਜਦ ਦੁਸ਼ਮਣ ਫੌਜਾਂ ਲੰਘ ਜਾਣ ਤਾਂ ਇਨ੍ਹਾਂ ਇਲਾਕਿਆਂ ਵਿੱਚ ਸਰਗਰਮ ਕਮਿਊਨਿਸਟ ਗੁਰੀਲੇ ਉਨ੍ਹਾਂ ਦੀ ਵਰਤੋਂ ਕਰ ਲੈਣ।

ਕਿਆਂਗਸੀ ਦਾ ਇਲਾਕਾ ਲਾਲ ਫੌਜ ਤੋਂ ਇੱਕ ਦਮ ਵਿਹੂਣਾ ਨਹੀਂ ਕਰ ਦਿੱਤਾ ਗਿਆ ਸਗੋਂ ਕੁਝ ਬਹੁਤ ਹੀ ਕਾਬਲ ਕਮਾਂਡਰਾਂ ਦੀ ਅਗਵਾਈ ਵਿੱਚ 6000 ਲੜਾਕੇ ਪਿੱਛੇ ਛੱਡੇ ਗਏ ਜਿਨ੍ਹਾਂ ਨੇ ਸਰਕਾਰੀ ਫੌਜਾਂ ਨੂੰ ਉਲਝਾਈ ਰੱਖਣਾ ਸੀ ਤਾਂ ਜੋ ਉਹ ਸਾਰੀ ਸ਼ਕਤੀ ਕਾਫਲੇ ਦਾ ਪਿੱਛਾ ਕਰਨ ਵਿੱਚ ਨਾ ਲਗਾ ਸਕਣ। ਇਨ੍ਹਾਂ ਤੋਂ ਇਲਾਵਾ ਵੀਹ ਹਜ਼ਾਰ ਜਖਮੀ ਲਾਲ ਫੌਜੀ ਜੋ ਕਿਸਾਨਾਂ ਦੇ ਘਰਾਂ ਵਿੱਚ ਆਰਾਮ ਕਰ ਰਹੇ ਸਨ ਅਤੇ ਕਿਸਾਨ ਗੁਰੀਲਿਆਂ ਨੇ ਬਹੁਤ ਲੰਮਾ ਸਮਾਂ ਸਰਕਾਰੀ ਫੌਜਾਂ ਨਾਲ ਟੱਕਰ ਲਈ ਰੱਖੀ। ਇਨ੍ਹਾਂ ਵਿਚੋਂ ਬਹੁਤੇ ਮਾਰੇ ਗਏ ਜਿਨ੍ਹਾਂ ਵਿੱਚ ਮਾਓ ਦਾ ਛੋਟਾ ਭਰਾ ਮਾਓ-

ਜ਼ੇ-ਤਾਨ ਵੀ ਸੀ। ਉਨ੍ਹਾਂ ਨੂੰ ਆਪਣੀ ਇਸ ਹੋਣੀ ਦਾ ਪਤਾ ਹੀ ਸੀ ਪਰ ਉਨ੍ਹਾਂ ਪਾਰਟੀ ਵੱਲੋਂ ਲਗਾਈ ਡਿਊਟੀ ਖਿੜੇ ਮੱਥੇ ਨਿਭਾਈ।

ਅਗਲੇ ਤਿੰਨ ਮਹੀਨੇ ਕਾਫਲੇ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ, ਫੌਜ ਦਾ ਲਗਪੱਗ ਤੀਸਰਾ ਹਿੱਸਾ ਖਤਮ ਹੋ ਗਿਆ। ਸ਼ੁਰੂ ਵਿੱਚ ਇਹ ਮਾਰਚ ਆਪਣੇ ਰਸਤੇ ਉੱਤੇ ਸਿੱਧਾ ਜਾ ਰਿਹਾ ਸੀ ਜਿਸ ਕਾਰਣ ਸਰਕਾਰੀ ਫੌਜਾਂ ਨੂੰ ਉਨ੍ਹਾਂ ਦਾ ਪਹਿਲਾਂ ਪਤਾ ਲੱਗ ਜਾਂਦਾ ਸੀ ਅਤੇ ਉਹ ਜੋਰਦਾਰ ਹਮਲਾ ਵਿਉਂਤ ਲੈਂਦੀਆਂ ਸਨ। ਇਸ ਤੋਂ ਬਾਅਦ ਆਪਣੇ ਰਸਤੇ ਬਾਰੇ ਭੁਲੇਖੇ ਪਾਉਣ ਲਈ ਲਾਲ ਫੌਜ ਦੇ ਕੁਝ ਹਿੱਸੇ ਦੂਸਰੇ ਪਾਸਿਆਂ ਵੱਲ ਮੁੜ ਜਾਂਦੇ, ਜਦ ਸਰਕਾਰੀ ਫੌਜਾਂ ਉਧਰ ਹੁੰਦੀਆਂ ਤਾਂ ਮੁੱਖ ਕਾਫ਼ਲਾ ਅੱਗੇ ਵਧ ਜਾਂਦਾ। ਇਸ ਤੋਂ ਇਲਾਵਾ ਚਿਆਂਗ ਕਾਈ ਸ਼ੇਕ ਦੇ ਹਵਾਈ ਜਹਾਜਾਂ ਤੋਂ ਬਚਣ ਲਈ ਬਹੁਤਾ ਸਫਰ ਰਾਤ ਨੂੰ ਹੀ ਕੀਤਾ ਜਾਂਦਾ। ਅਸਲ ਵਿੱਚ ਇਸ ਵੇਲੇ ਤੱਕ, ਕਮਿਊਨਿਸਟ ਪਾਰਟੀ ਵਿੱਚ ਮਾਓ ਦੀ ਲੀਡਰਸ਼ਿੱਪ ਪੂਰੀ ਤਰ੍ਹਾਂ ਮੰਨੀ ਨਹੀਂ ਸੀ ਜਾਂਦੀ। ਪਰ ਉਸ ਦੇ ਮਗਰ ਕਿਸਾਨੀ ਦੀ ਤਾਕਤ ਐਨੀ ਸੀ ਕਿ ਉਸ ਨੂੰ ਪਾਸੇ ਵੀ ਨਹੀਂ ਕੀਤਾ ਜਾ ਸਕਦਾ ਸੀ। ਪੰਜਵੀਂ ਘੇਰਾਬੰਦੀ ਮੁਹਿੰਮ ਵੇਲੇ ਤੋਂ ਕਮਿਊਨਿਸਟਾਂ ਦੀ ਯੁੱਧਨੀਤੀ ਮਾਓ ਦੀ ਬਜਾਏ ਮਾਸਕੋ ਤੋਂ ਸਿੱਖ ਕੇ ਆਏ ਕਾਮਰੇਡਾਂ ਦੇ ਹੱਥ ਚੱਲ ਰਹੀ ਸੀ ਜਿਨ੍ਹਾਂ ਨੂੰ '28 ਬਾਲਸ਼ਵਿਕ' ਕਿਹਾ ਜਾਂਦਾ ਸੀ। ਇਹ ਮਾਰਕਸੀ ਸਿਧਾਂਤ ਦੇ ਪੂਰੇ ਮਾਹਿਰ ਸਨ ਪਰ ਚੀਨ ਦੀਆਂ ਅਸਲ ਹਾਲਤਾਂ ਵਿੱਚ ਇਸ ਨੂੰ ਕਿਵੇਂ ਲਾਗੂ ਕਰਨਾ ਹੈ ਇਸ ਤੋਂ ਅਣਜਾਣ ਸਨ ਕਿਉਂਕਿ ਉਹ ਯੌਰਪ ਅਤੇ ਰੂਸ ਵਿੱਚ ਅਪਣਾਏ ਢੰਗਾਂ ਨੂੰ ਹੀ ਚੀਨ ਵਿੱਚ ਲਾਗੂ ਕਰਨਾ ਚਾਹੁੰਦੇ ਸਨ। 1933 ਵਿੱਚ ਕਮਿੰਨਟਰਨ ਵੱਲੋਂ ਇੱਕ ਜਰਮਨ ਕਮਿਊਨਿਸਟ ਓਟੋ ਬਰਾਨ (Otto Braun) ਆਪਣੇ ਨੁਮਾਇੰਦੇ ਵਜੋਂ ਕਿਆਂਗਸੀ ਵਿੱਚ ਭੇਜਿਆ ਗਿਆ। ਉਹ ਇੱਕ ਕਿਸ਼ਤੀ ਵਿੱਚ ਕਈ ਦਿਨ ਸਾਮਾਨ ਥੱਲੇ ਲੁਕ ਕੇ ਲਾਲ ਇਲਾਕੇ ਵਿੱਚ ਪਹੁੰਚਣ ਵਿੱਚ ਕਾਮਯਾਬ ਹੋਇਆ ਅਤੇ ਲੰਮੇ ਕੂਚ ਵਿੱਚ ਸ਼ਾਮਲ ਰਿਹਾ ਉਹ ਇਕੋ ਇੱਕ ਵਿਦੇਸ਼ੀ ਸੀ। ਚੀਨ ਵਿੱਚ ਉਸ ਨੂੰ ਉਸ ਦੇ ਚੀਨੀ ਨਾਮ *ਲੀ ਤੇਹ* ਨਾਲ ਹੀ ਜਾਣਿਆ ਜਾਂਦਾ ਸੀ। ਕਿਆਂਗਸੀ ਵਿੱਚ ਵੀ ਜਿਆਦਾ ਨੁਕਸਾਨ ਉਸ ਵੱਲੋਂ ਕੌਮਿਨਤਾਂਗੀ ਫੌਜਾਂ ਦਾ ਸਿੱਧਾ ਟਾਕਰਾ ਕਰਨ ਵਾਲੀ ਯੁੱਧਨੀਤੀ ਕਾਰਣ ਹੁੰਦਾ ਰਿਹਾ, ਇਸ ਦੇ ਮੁਕਾਬਲੇ ਮਾਓ 'ਮਾਰੋ ਅਤੇ ਭੱਜ ਜਾਉ' ਵਾਲੇ ਗਤੀਸ਼ੀਲ ਦਾਅਪੇਚ ਅਪਨਾਉਣ ਦੇ ਹੱਕ ਵਿੱਚ ਸੀ। ਅਸਲ ਵਿੱਚ ਇਸ ਨੀਤੀ ਦਾ ਜਿੰਮੇਂਵਾਰ ਇਕੱਲਾ ਓਟੋ ਬਰਾਨ ਨਹੀਂ ਸੀ ਕਿਉਂਕਿ ਇਸ ਲਈ ਦਿਸ਼ਾ ਨਿਰਦੇਸ਼ ਅਸਲ ਵਿੱਚ ਕਮਿੰਨਟਰਨ ਅਤੇ ਮਾਸਕੋ ਬੈਠੇ ਵਾਂਗ ਮਿੰਗ ਵਰਗੇ ਆਗੂਆਂ ਤੋਂ ਆ ਰਹੇ ਸਨ। ਜਦ ਕਿ ਇਹੋ ਜਿਹੀਆਂ ਨੀਤੀਆਂ ਕਾਰਣ ਹੀ ਲੰਮੇ ਕੂਚ ਦੇ ਪਹਿਲੇ ਮਹੀਨਿਆਂ ਵਿੱਚ ਲਾਲ ਫੌਜ ਦਾ ਬੇਲੋੜਾ ਨੁਕਸਾਨ ਹੋਇਆ। ਆਖਰ ਲੰਮੇ ਕੂਚ ਦੌਰਾਨ ਜਨਵਰੀ 1935

ਵਿੱਚ ਸੁੰਨਯੀ (Tsunyi) ਪਹੁੰਚ ਕੇ ਪਾਰਟੀ ਵੱਲੋਂ ਸਾਰੀ ਯੁੱਧਨੀਤੀ ਉੱਤੇ ਮੁੜ ਵਿਚਾਰ ਕੀਤੀ ਗਈ। ਇਥੇ ਮੰਨਿਆ ਗਿਆ ਕਿ ਮਾਓ ਦੀ ਲੀਹ ਹੀ ਦਰੁਸਤ ਸੀ ਅਤੇ ਅਗਵਾਈ ਪੂਰੀ ਤਰ੍ਹਾਂ ਮਾਓ ਦੇ ਹੱਥ ਦੇ ਦਿੱਤੀ ਗਈ। ਓਟੋ ਬਰਾਨ ਉਰਫ਼ ਲੀ-ਤੇਹ ਨੂੰ ਮਿਲਟਰੀ ਮਾਮਲਿਆਂ ਦੇ ਮੁਖੀ ਤੋਂ ਲਾਹ ਕੇ ਮਾਓ ਦੇ ਡਿਪਟੀ ਵਜੋਂ ਲਗਾ ਦਿੱਤਾ ਗਿਆ। ਇਸ ਤਰ੍ਹਾਂ ਮਾਓ ਦੀਆਂ ਨੀਤੀਆਂ ਨੇ ਜਾਂ ਕਹਿ ਲਵੋ ਇਨਕਲਾਬ ਦੇ ਚੀਨੀ ਰਾਹ ਨੇ ਕਮਿੰਨਟਰਨ ਅਤੇ ਰੂਸੀ ਲੀਡਰਸ਼ਿੱਪ ਵਲੋਂ ਦਿੱਤੀਆਂ ਜਾਂਦੀਆਂ ਅਗਵਾਈ ਲੀਹਾਂ ਉੱਤੇ ਜਿੱਤ ਪ੍ਰਾਪਤ ਕਰ ਲਈ। ਓਟੋ ਬਰਾਨ ਨੇ ਵੀ ਬਾਅਦ ਵਿੱਚ ਇੱਕ ਪੱਤਰਕਾਰ ਕੋਲ ਮੰਨਿਆ ਕਿ 'ਚੀਨੀ ਹੀ ਚੀਨ ਬਾਰੇ ਵੱਧ ਜਾਣਦੇ ਹਨ'। ਇਥੇ ਹੀ ਫ਼ੈਸਲਾ ਕੀਤਾ ਗਿਆ ਕਿ ਲੰਮੇ ਕੂਚ ਦਾ ਅੰਤਿਮ ਨਿਸ਼ਾਨਾ ਉੱਤਰ ਪੱਛਮੀ ਚੀਨ ਵਿੱਚ ਯੇਨਾਨ ਵਿਖੇ ਪਹੁੰਚਣਾ ਹੈ। ਇਸ ਨਿਸ਼ਾਨਾ ਚੁਣਨ ਦੇ ਕਈ ਕਾਰਣ ਸਨ - ਇੱਕ ਤਾਂ ਇਸ ਪ੍ਰਦੇਸ਼ ਦਾ ਇੱਕ ਪਾਸਾ ਸੋਵੀਅਤ ਰੂਸ ਅਤੇ ਮੰਗੋਲੀਆ ਨਾਲ ਲਗਦਾ ਹੈ, ਸੋ ਉਸ ਪਾਸਿਉਂ ਕੋਈ ਖਤਰਾ ਨਹੀਂ ਹੋਵੇਗਾ ਸਗੋਂ ਰੂਸ ਪਾਸੋਂ ਮਦਦ ਮਿਲਣੀ ਵੀ ਆਸਾਨ ਹੋਵੇਗੀ। ਦੂਸਰਾ ਉਥੇ ਪਹਿਲਾਂ ਵੀ ਆਧਾਰ ਇਲਾਕਾ ਕਾਇਮ ਕੀਤਾ ਜਾ ਚੁੱਕਾ ਸੀ ਅਤੇ ਲਾਲ ਫੌਜ ਬਣ ਚੁੱਕੀ ਸੀ ਜਿਸ ਨਾਲ ਸਾਰੀ ਤਾਕਤ ਇਕੱਠੀ ਹੋ ਜਾਵੇਗੀ। ਇਸ ਤੋਂ ਬਿਨਾਂ ਜਾਪਾਨ ਨੇ ਉੱਤਰੀ ਚੀਨ ਦੇ ਇਲਾਕੇ ਹਥਿਆਏ ਹੋਏ ਸਨ ਅਤੇ ਕਮਿਊਨਿਸਟਾਂ ਨੇ ਇਸ ਮੁੱਦੇ 'ਤੇ ਜਾਪਾਨ ਖਿਲਾਫ਼ ਜੰਗ ਦਾ ਐਲਾਨ ਕੀਤਾ ਹੋਇਆ ਸੀ, ਇਹ ਲੜਾਈ ਵੀ ਇਥੋਂ ਹੀ ਲੜੀ ਜਾ ਸਕਦੀ ਸੀ।

ਉਪਰੋਕਤ ਨਿਸ਼ਾਨੇ 'ਤੇ ਪਹੁੰਚਣ ਲਈ ਇਸ ਸਿਰਲੱਥ ਕਾਫ਼ਲੇ ਨੂੰ ਹੁਣ ਯਾਂਗਸੀ ਦਰਿਆ ਪਾਰ ਕਰਨਾ ਪੈਣਾ ਸੀ। ਉਸ ਇਲਾਕੇ ਵਿੱਚ ਇਹ ਦਰਿਆ ਪਹਾੜਾਂ ਦੇ ਵਿਚਕਾਰ ਦੀ ਬਹੁਤ ਡੂੰਘਾ ਅਤੇ ਤੇਜ ਵਗਦਾ ਹੈ। ਇਸ ਦੇ ਕਿਨਾਰੇ ਬਹੁਤ ਉਚਾਈ ਤੱਕ ਬਿਲਕੁਲ ਸਿੱਧੇ ਖੜ੍ਹੇ ਸਨ, ਬਹੁਤ ਥੋੜ੍ਹੇ ਸਥਾਨ ਹੀ ਸਨ ਜਿਥੋਂ ਕਿਸ਼ਤੀਆਂ ਨਾਲ ਦਰਿਆ ਨੂੰ ਪਾਰ ਕੀਤਾ ਜਾ ਸਕਦਾ ਸੀ। ਇਹ ਸਾਰੇ ਥਾਂ ਕੌਮਿਨਤਾਂਗੀ ਫੌਜਾਂ ਨੇ ਰੋਕੇ ਹੋਏ ਸਨ। ਸਾਰੀਆਂ ਕਿਸ਼ਤੀਆਂ ਉਲਟ ਕਿਨਾਰੇ 'ਤੇ ਲਿਜਾ ਕੇ ਬੰਨ੍ਹ ਰੱਖੀਆਂ ਸਨ। ਅਸਲ ਵਿੱਚ ਚਿਆਂਗ ਕਾਈ ਸ਼ੇਕ ਨੇ ਸਾਰੀਆਂ ਫੌਜਾਂ ਇਥੇ ਲੈ ਆਂਦੀਆਂ ਸਨ। ਉਸ ਦਾ ਨਿਸ਼ਾਨਾ ਸੀ ਕਿ ਲਾਲ ਫੌਜ ਦਰਿਆ ਨਾ ਪਾਰ ਕਰ ਸਕੇ ਅਤੇ ਉਸ ਨੂੰ ਇਥੇ ਘੇਰ ਕੇ ਖਤਮ ਕਰ ਦਿੱਤਾ ਜਾਵੇ।

ਇਥੇ ਲਾਲ ਸੈਨਾ ਨੇ ਇੱਕ ਵੱਖਰੀ ਤਰਕੀਬ ਵਰਤੀ। ਉਸ ਨੇ ਦੁਸ਼ਮਣ ਨੂੰ ਧੋਖਾ ਦੇਣ ਲਈ ਲੈਂਗਕੀ ਨਾਮ ਦੇ ਸਥਾਨ 'ਤੇ ਬਾਂਸਾਂ ਦਾ ਪੁਲ ਬਨਾਉਣਾ ਸ਼ੁਰੂ ਕਰ ਦਿੱਤਾ। ਦੁਸ਼ਮਣ ਇਸ ਲਈ ਅਵੇਸਲਾ ਹੋ ਗਿਆ ਕਿਉਂਕਿ ਇਹ ਪੁਲ ਬਨਾਉਣ ਲਈ ਕਈ ਹਫਤੇ ਲੱਗ ਜਾਣੇ ਸਨ ਅਤੇ ਚਿਆਂਗ ਦੇ ਜਨਰਲਾਂ ਨੇ ਸੋਚਿਆ ਕਿ ਇਨ੍ਹਾਂ ਦੇ

ਪੁਲ ਬਨਾਉਣ ਤੀਕ ਆਰਾਮ ਨਾਲ ਆਪਣੀਆਂ ਫੌਜਾਂ ਇਕੱਠੀਆਂ ਕਰਦੇ ਹਾਂ ਫਿਰ ਪੁਲ ਨੂੰ ਉਡਾ ਕੇ ਲਾਲ ਸੈਨਾ ਦਾ ਮਲੀਆਮੇਟ ਕਰ ਦੇਵਾਂਗੇ। ਉਧਰ ਲਾਲ ਸੈਨਾ ਨੇ ਇੱਕ ਸ਼ਾਮ ਰਸਤਾ ਬਦਲ ਲਿਆ ਅਤੇ ਮੋਹਰੀ ਬਟਾਲੀਅਨ ਇੱਕ ਰਾਤ ਅਤੇ ਦਿਨ ਵਿੱਚ 85 ਮੀਲ ਦਾ ਸਫਰ ਕਰਕੇ ਚਾਊਪਿੰਗ ਕਿਲ੍ਹੇ ਦੇ ਨੇੜੇ ਇੱਕ ਹੋਰ ਪਾਰ ਕਰਨਯੋਗ ਸਥਾਨ ਉਤੇ ਪਹੁੰਚ ਗਈ। ਲਾਲ ਸੈਨਾ ਦੀ ਇਸ ਬਟਾਲੀਅਨ ਨੇ ਲੜਾਈ ਦੌਰਾਨ ਕਬਜੇ ਵਿੱਚ ਕੀਤੀਆਂ ਕੌਮਿਨਤਾਂਗੀ ਵਰਦੀਆਂ ਪਹਿਨ ਕੇ ਸ਼ਾਮ ਦੇ ਘੁਸਮੁਸੇ ਵਿੱਚ ਕਸਬੇ ਅੰਦਰ ਦਾਖਲ ਹੋ ਗਏ ਅਤੇ ਉਥੇ ਤਾਇਨਾਤ ਫੌਜੀ ਟੁਕੜੀ ਦੇ ਹਥਿਆਰ ਕਬਜੇ ਵਿੱਚ ਲੈ ਲਏ। ਉਸ ਤੋਂ ਬਾਅਦ ਉਹ ਪਿੰਡ ਦੇ ਮੁਖੀਏ ਨੂੰ ਨਾਲ ਲੈ ਕੇ ਦਰਿਆ 'ਤੇ ਪਹੁੰਚੇ ਅਤੇ ਮੁਖੀਏ ਨੂੰ ਕਿਹਾ ਕਿ ਉਹ 'ਸਰਕਾਰੀ ਫੌਜੀਆਂ' ਖਾਤਰ ਇੱਕ ਕਿਸ਼ਤੀ ਮੰਗਵਾਵੇ। ਉਸ ਵੱਲੋਂ ਮੰਗਵਾਈ ਕਿਸ਼ਤੀ ਵਿੱਚ ਸਵਾਰ ਹੋ ਕੇ ਸਰਕਾਰੀ ਫੌਜੀਆਂ ਦੀਆਂ ਵਰਦੀਆਂ ਪਹਿਨੀ ਲਾਲ ਸੈਨਾ ਦੇ ਇਹ ਜਵਾਨ ਦੂਸਰੇ ਪਾਸੇ ਪਹੁੰਚ ਗਏ ਅਤੇ ਉਥੋਂ ਵੱਡੀਆਂ ਕਿਸ਼ਤੀਆਂ ਦੱਖਣੀ ਪਾਸੇ ਲੈ ਆਏ। ਇਨ੍ਹਾਂ ਕਿਸ਼ਤੀਆਂ ਰਾਹੀਂ ਬਿਨਾਂ ਕੋਈ ਜਾਨ ਗਵਾਏ 9 ਦਿਨਾਂ ਵਿੱਚ ਸਾਰੀ ਲਾਲ ਸੈਨਾ ਯਾਂਗਸੀ ਦਰਿਆ ਪਾਰ ਗਈ। ਚਿਆਂਗ ਕਾਈ ਸ਼ੇਕ ਦੀਆਂ ਫੌਜਾਂ ਨੂੰ ਜਦੋਂ ਤੱਕ ਇਸ ਬਾਰੇ ਪਤਾ ਲੱਗਿਆ ਤਦ ਤੱਕ ਸਾਰੀ ਲਾਲ ਸੈਨਾ ਦਰਿਆ ਪਾਰ ਕਰਕੇ ਅੱਗੇ ਜਾ ਚੁੱਕੀ ਸੀ।

ਇਸ ਲੰਮੇ ਕੂਚ ਦੌਰਾਨ ਲਾਲ ਫੌਜ ਚਿਆਂਗ ਦੀਆਂ ਫੌਜਾਂ ਨਾਲ ਲੜਦੀ ਭਿੜਦੀ ਕੇਵਲ ਸੁਰਖਿਅਤ ਇਲਾਕੇ ਵੱਲ ਹੀ ਨਹੀਂ ਵਧ ਰਹੀ ਸੀ ਸਗੋਂ ਉਹ ਰਾਹ ਪੈਂਦੇ ਇਲਾਕਿਆਂ ਵਿੱਚ ਆਪਣਾ ਇਨਕਲਾਬੀ ਪ੍ਰੋਗਰਾਮ ਵੀ ਲਾਗੂ ਕਰਦੀ ਜਾਂਦੀ ਸੀ। ਉਹ ਅਮੀਰਾਂ, ਜਗੀਰਦਾਰਾਂ ਅਤੇ ਨੌਕਰਸ਼ਾਹਾਂ ਦਾ ਮਾਲ ਜ਼ਬਤ ਕਰ ਲੈਂਦੀ ਅਤੇ ਆਪਣੀ ਲੋੜ ਜੋਗਾ ਰੱਖ ਕੇ ਬਾਕੀ ਸਾਮਾਨ ਉਥੋਂ ਦੇ ਗਰੀਬਾਂ ਵਿੱਚ ਵੰਡ ਦਿੰਦੀ। ਲੂਣ ਦੀ ਕਿੱਲਤ ਸੀ ਇਸ ਕਰਕੇ ਟਨਾਂ ਹੀ ਲੂਣ ਲੋਕਾਂ ਵਿੱਚ ਵੰਡਿਆ ਗਿਆ। ਜ਼ਮੀਨਾਂ ਦੇ ਪਟੇ ਪਾੜ ਦਿੱਤੇ ਜਾਂਦੇ, ਟੈਕਸ ਖਤਮ ਕਰ ਦਿੱਤੇ ਜਾਂਦੇ ਅਤੇ ਗਰੀਬ ਕਿਸਾਨਾਂ ਵਿੱਚ ਰਾਈਫ਼ਲਾਂ ਵੰਡ ਦਿੱਤੀਆਂ ਜਾਂਦੀਆਂ। ਕਮਿਊਨਿਸਟ ਪਾਰਟੀ ਦੀਆਂ ਇਨ੍ਹਾਂ ਕਾਰਵਾਈਆਂ ਦੀ ਧੁੰਮ ਦੂਰ ਦੂਰ ਦੇ ਇਲਾਕਿਆਂ ਵਿੱਚ ਇਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਪੈ ਜਾਂਦੀ ਅਤੇ ਕਿਸਾਨੀ ਦੇ ਜੱਥੇ ਲਾਲ ਸੈਨਾ ਕੋਲ ਪਹਿਲਾਂ ਹੀ ਪਹੁੰਚ ਜਾਂਦੇ ਅਤੇ ਉਨ੍ਹਾਂ ਨੂੰ ਆਪਣੇ ਇਲਾਕੇ ਮੁਕਤ ਕਰਵਾਉਣ ਲਈ ਕਹਿੰਦੇ। ਲਾਲ ਫੌਜ ਅੱਗੇ ਤੁਰਨ ਤੋਂ ਪਹਿਲਾਂ ਹਰ ਇਲਾਕੇ ਵਿੱਚ ਗੁਰੀਲਾ ਦਸਤੇ ਕਾਇਮ ਕਰਨ ਲਈ ਆਪਣੇ ਕਾਰਕੁੰਨ ਪਿੱਛੇ ਛਡਦੀ ਜਾਂਦੀ ਜੋ ਪਿੱਛੇ ਆ ਰਹੀਆਂ ਕੌਮਿਨਤਾਂਗੀ ਫੌਜਾਂ ਲਈ ਬੜੀਆਂ ਮੁਸੀਬਤਾਂ ਖੜ੍ਹੀਆਂ ਕਰ ਦਿੰਦੇ। ਲੰਮੇ ਕੂਚ ਦੌਰਾਨ ਕੀਤੇ ਇਨ੍ਹਾਂ ਕਾਰਜਾਂ ਸਦਕਾ ਹੀ ਮਾਓ ਨੇ ਕਿਹਾ ਸੀ ਕਿ ਇਹ ਇਨਕਲਾਬ ਦਾ ਬੀਜ ਬੀਜਣ ਵਾਲੀ

ਮਸ਼ੀਨ ਹੈ।

ਇਸ ਉਪਰੰਤ ਲਾਲ ਸੈਨਾ ਲੋਲੋ ਆਦਿਵਾਸੀਆਂ ਦੇ ਇਲਾਕੇ ਵਿੱਚ ਦਾਖਲ ਹੋ ਗਈ। ਇਨ੍ਹਾਂ ਪਹਾੜੀ ਅਤੇ ਸੰਘਣੇ ਜੰਗਲੀ ਇਲਾਕਿਆਂ ਵਿੱਚ ਲੋਲੋ ਕਬੀਲੇ ਦਾ ਕਬਜਾ ਸੀ ਜੋ ਚੀਨੀਆਂ ਨੂੰ ਨਫ਼ਰਤ ਕਰਦੇ ਸਨ ਅਤੇ ਕੋਈ ਚੀਨੀ ਹਕੂਮਤ ਉਨ੍ਹਾਂ ਦੇ ਇਲਾਕੇ ਉੱਤੇ ਕਬਜਾ ਨਹੀਂ ਕਰ ਸਕੀ ਸੀ। ਲਾਲ ਸੈਨਾ ਨੇ ਆਪਣੇ ਦੂਤ ਭੇਜ ਕੇ ਉਨ੍ਹਾਂ ਨੂੰ ਘੱਟ ਗਿਣਤੀਆਂ ਪ੍ਰਤੀ ਆਪਣੀ ਨੀਤੀ ਬਾਰੇ ਦੱਸਿਆ ਅਤੇ ਸਮਝਾਇਆ ਕਿ 'ਲਾਲ ਚੀਨੀ' ਉਨ੍ਹਾਂ ਦੇ ਦੁਸ਼ਮਣ ਨਹੀਂ ਦੋਸਤ ਹਨ ਜੋ ਉਨ੍ਹਾਂ ਦੇ ਸਾਂਝੇ ਦੁਸ਼ਮਣ ਖਿਲਾਫ਼ ਲੜ ਰਹੇ ਹਨ। ਲੋਲੋ ਸਰਦਾਰਾਂ ਨੇ ਉਨ੍ਹਾਂ ਨੂੰ ਪਰਖਣ ਲਈ ਅਸਲਾ ਬਾਰੂਦ ਅਤੇ ਹਥਿਆਰ ਮੰਗੇ ਪਰ ਉਹ ਹੈਰਾਨ ਰਹਿ ਗਏ ਜਦ ਲਾਲ ਸੈਨਾ ਨੇ ਉਨ੍ਹਾਂ ਨੂੰ ਖੁੱਲ੍ਹੇ ਦਿਲ ਨਾਲ ਹਥਿਆਰ ਦੇ ਦਿੱਤੇ। ਇਸ ਤਰ੍ਹਾਂ ਕਮਿਊਨਿਸਟਾਂ ਨੇ ਲੋਲੋ ਕਬੀਲੇ ਦਾ ਵਿਸ਼ਵਾਸ ਜਿੱਤ ਲਿਆ ਜਿਸ ਦੇ ਸਿੱਟੇ ਵਜੋਂ ਇਲਾਕੇ ਦੇ ਭੇਤੀ ਲੋਲੋ ਲਾਲ ਫੌਜ ਨੂੰ ਸੰਘਣੇ ਜੰਗਲਾਂ ਵਿਚੋਂ ਦੀ ਤੇਜੀ ਨਾਲ ਕੱਢ ਕੇ ਲੈ ਗਏ ਅਤੇ ਸੈਂਕੜੇ ਲੋਲੋ ਸਾਂਝੇ ਦੁਸ਼ਮਣ ਵਿਰੁੱਧ ਲੜਨ ਲਈ ਲਾਲ ਸੈਨਾ ਵਿੱਚ ਭਰਤੀ ਵੀ ਹੋ ਗਏ।

ਇਸ ਤੋਂ ਅੱਗੇ ਤਾਤੂ ਦਰਿਆ ਨੂੰ ਪਾਰ ਕਰਨਾ ਸੀ ਜੋ ਲਾਲ ਫੌਜ ਲਈ ਜ਼ਿੰਦਗੀ ਮੌਤ ਦਾ ਸਵਾਲ ਸੀ, ਕਿਉਂਕਿ ਇਸੇ ਤਾਤੂ ਦੇ ਕਿਨਾਰਿਆਂ 'ਤੇ 1865 ਵਿੱਚ ਸ਼ੀਹ ਤਾ-ਕਾਈ ਦੀ ਅਗਵਾਈ ਹੇਠਲੀ ਤਾਈ-ਪਿੰਗ ਬਾਗੀਆਂ ਦੀ ਇੱਕ ਲੱਖ ਫੌਜ ਨੂੰ ਚੀਨ ਦੇ ਮਾਂਚੂ ਸਮਰਾਟ ਦੀਆਂ ਸਰਕਾਰੀ ਫੌਜਾਂ ਨੇ ਘੇਰ ਕੇ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ। ਹੁਣ ਚਿਆਂਗ ਕਾਈ ਸ਼ੇਕ ਨੇ ਆਪਣੇ ਜਰਨੈਲਾਂ ਨੂੰ ਤਾਰਾਂ ਭੇਜ ਦਿੱਤੀਆਂ ਸਨ ਕਿ ਉਹ ਤਾਈ-ਪਿੰਗ ਵਾਲਾ ਇਤਿਹਾਸ ਮੁੜ ਦੁਹਰਾ ਦੇਣ। ਕੌਮਿਨਤਾਂਗੀ ਹਵਾਈ ਜਹਾਜਾਂ ਰਾਹੀਂ ਬੰਬਾਰੀ ਕਰਨ ਦੇ ਨਾਲ ਨਾਲ ਇਸ਼ਤਿਹਾਰ ਵੀ ਸੁੱਟੇ ਗਏ ਕਿ ਮਾਓ ਜ਼ੇ ਤੁੰਗ ਇੱਕ ਹੋਰ ਸ਼ੀਹ ਤਾ-ਕਾਈ ਹੋਵੇਗਾ। ਪਰ ਇਥੇ ਲਾਲ ਫੌਜ ਦੇ ਸੈਨਿਕਾਂ ਨੇ ਸੂਰਮਗਤੀ ਦਾ ਉਹ ਨਮੂਨਾ ਪੇਸ਼ ਕੀਤਾ ਜਿਸ ਨੂੰ ਚੀਨੀ ਇਨਕਲਾਬ ਦੇ ਇਤਿਹਾਸ ਵਿੱਚ ਬਹੁਤ ਮਾਣ ਨਾਲ ਯਾਦ ਕੀਤਾ ਜਾਂਦਾ ਹੈ। ਲਾਲ ਸੈਨਾ ਨੇ ਪਹਿਲਾਂ ਕਿਸ਼ਤੀਆਂ ਉੱਤੇ ਕਬਜਾ ਕਰ ਕੇ ਉਨ੍ਹਾਂ ਰਾਹੀਂ ਦਰਿਆ ਪਾਰ ਕਰਨਾ ਸ਼ੁਰੂ ਕੀਤਾ ਪਰ ਦਰਿਆ ਬਹੁਤ ਤੇਜ ਅਤੇ ਯਾਂਗਸੀ ਨਾਲੋਂ ਵੱਧ ਚੌੜਾ ਸੀ। ਤੀਜੇ ਦਿਨ ਤੱਕ ਦਰਿਆ ਬਹੁਤ ਤੇਜ ਹੋ ਗਿਆ ਅਤੇ ਕਿਸ਼ਤੀਆਂ ਨੂੰ ਬਹੁਤ ਜਿਆਦਾ ਸਮਾਂ ਲੱਗਣ ਲੱਗਾ। ਇਸ ਹਿਸਾਬ ਨਾਲ ਸਾਰੀ ਲਾਲ ਸੈਨਾ ਅਤੇ ਸਾਮਾਨ ਨੂੰ ਪਾਰ ਲੰਘਾਉਣ ਵਿੱਚ ਕਈ ਹਫਤੇ ਲੱਗ ਜਾਣੇ ਸਨ ਅਤੇ ਤਦ ਤੀਕ ਘੇਰਾ ਪੈ ਜਾਣਾ ਸੀ। ਸੋ ਹੰਗਾਮੀ ਮੀਟਿੰਗ ਬੁਲਾ ਕੇ ਫੈਸਲਾ ਕੀਤਾ ਗਿਆ ਦਰਿਆ ਨੂੰ ਪੱਛਮ ਵੱਲ ਸਥਿਤ ਇੱਕ ਪੁਲ ਰਾਹੀਂ ਪਾਰ ਕੀਤਾ ਜਾਵੇ । ਪਰ ਇਹ ਪੁਲ ਉਥੋਂ ਸਵਾ ਸੌ ਮੀਲ ਦੂਰ ਸੀ

ਅਤੇ ਦਰਿਆ ਦੇ ਕਿਨਾਰਿਆਂ ਦੇ ਨਾਲ ਨਾਲ ਉੱਚੀਆਂ ਨੀਵੀਆਂ ਪਹਾੜੀਆਂ ਸਨ ਜਿਸ ਕਰ ਕੇ ਰਸਤਾ ਬਹੁਤ ਉਤਰਾਈਆਂ ਚੜ੍ਹਾਈਆਂ ਵਾਲਾ ਸੀ। ਪਰ ਲਾਲ ਫੌਜ ਦੇ ਆਗੂ ਦਸਤੇ ਦਿਨ ਰਾਤ ਤੇਜੀ ਨਾਲ ਚਲਦੇ ਹੋਏ ਪੁਲ ਕੋਲ ਪਹੁੰਚ ਗਏ। ਇਹ ਪੁਲ ਆਰ ਪਾਰ ਬੰਨੇ ਹੋਏ ਸੋਲਾਂ ਸੰਗਲਾਂ ਦਾ ਬਣਿਆ ਹੋਇਆ ਸੀ ਜਿਨ੍ਹਾਂ ਉਪਰ ਲੱਕੜ ਦੇ ਮੋਟੇ ਫੱਟੇ ਰੱਖੇ ਹੋਏ ਸਨ। ਪਰ ਉਥੇ ਪਹੁੰਚਣ 'ਤੇ ਵੇਖਿਆ ਕਿ ਕੌਮਿਨਤਾਂਗੀ ਫੌਜਾਂ ਨੇ ਪੁਲ ਦੇ ਅੱਧ ਵਿਚਕਾਰ ਤੱਕ ਫੱਟੇ ਹਟਾ ਦਿੱਤੇ ਸਨ  ਅਤੇ ਦੂਸਰੇ ਪਾਸੇ ਇੱਕ ਰਜਮੈਂਟ ਮਸ਼ੀਨ ਗੰਨਾਂ ਬੀੜ ਕੇ ਬੈਠੀ ਹੋਈ ਸੀ। ਅਜਿਹੀ ਹਾਲਤ ਵਿੱਚ ਨੰਗੇ ਸੰਗਲਾਂ ਫੜ੍ਹ ਕੇ ਦਰਿਆ ਪਾਰ ਕਰਨ ਦੀ ਕੋਸ਼ਿਸ਼ ਕਰਨਾ ਸਪਸ਼ਟ ਦਿਸਦੀ ਮੌਤ ਸਹੇੜਣਾ ਹੀ ਸੀ। ਪਰ ਇਸ ਤੋਂ ਬਿਨਾਂ ਹੋਰ ਕੋਈ ਹੱਲ ਨਹੀਂ ਸੀ। ਸੋ 30 ਲਾਲ ਫੌਜੀਆਂ ਨੇ ਆਪਣੇ ਆਪ  ਨੂੰ ਵਾਲੰਟੀਅਰਾਂ ਵਜੋਂ ਪੇਸ਼ ਕੀਤਾ ਜੋ ਪਿੱਠਾਂ 'ਤੇ ਹੈਂਡ-ਗ੍ਰਨੇਡ ਅਤੇ ਪਿਸਤੌਲ ਬੰਨ ਕੇ ਲੋਹੇ ਦੇ ਸੰਗਲਾਂ ਨਾਲ ਝੂਟ ਕੇ ਦੂਜੇ ਪਾਸੇ ਵੱਲ ਵਧਣ ਲੱਗੇ। ਇਨ੍ਹਾਂ ਨੂੰ ਕਵਰ ਦੇਣ ਲਈ ਲਾਲ ਫੌਜ ਵੱਲੋਂ ਦੁਸ਼ਮਣ ਦੀ ਸਾਹਮਣੀ ਚੌਂਕੀ ਵੱਲ ਤੇਜ ਫਾਇਰਿੰਗ ਕੀਤੀ ਜਾਣ ਲੱਗੀ ਪਰ ਦੁਸ਼ਮਣ ਵੱਲੋਂ ਆਉਂਦੀਆਂ ਗੋਲੀਆਂ ਸੰਗਲਾਂ ਨਾਲ ਲਟਕੇ ਲਾਲ ਫੌਜ ਦੇ ਵਾਲੰਟੀਅਰਾਂ ਨੂੰ ਇੱਕ ਇੱਕ ਕਰ ਕੇ ਦਰਿਆ ਦੀ ਸ਼ੂਕਦੀ ਧਾਰ ਵਿੱਚ ਸੁੱਟ ਰਹੀਆਂ ਸਨ। ਇਸ ਦੇ ਬਾਵਜੂਦ ਆਖਰ ਅੱਧੇ ਕੁ ਵਾਲੰਟੀਅਰ ਫੱਟਿਆਂ ਤੀਕ ਪਹੁੰਚ ਗਏ ਜਿਨ੍ਹਾਂ ਨੇ ਫੁਰਤੀ ਨਾਲ ਹੈਂਡ ਗ੍ਰਨੇਡ ਸੁੱਟ ਕੇ ਦੁਸ਼ਮਣ ਦੀ ਚੌਂਕੀ ਤਬਾਹ ਕਰ ਦਿੱਤੀ ਅਤੇ ਲਾਲ ਸੈਨਾ ਨੇ ਤੇਜੀ ਨਾਲ ਸੰਗਲਾਂ ਉੱਤੇ ਫੱਟੇ ਜੜ ਕੇ ਪੁਲ ਪਾਰ ਕਰਨਾ ਸ਼ੁਰੂ ਕਰ ਦਿੱਤਾ। ਚਿਆਂਗ ਕਾਈ ਸ਼ੇਕ ਦੇ ਹਵਾਈ ਜਹਾਜਾਂ ਵੱਲੋਂ ਬੰਬਾਰੀ ਕਰਕੇ ਪੁਲ ਤੋੜਨ ਦੀ ਕੋਸ਼ਿਸ਼ ਕੀਤੀ ਗਈ ਪਰ ਬਹੁਤੇ ਬੰਬ ਦਰਿਆ ਵਿੱਚ ਹੀ ਡਿਗਦੇ ਰਹੇ ਅਤੇ ਕੁਝ ਘੰਟਿਆਂ ਵਿੱਚ ਹੀ ਸਾਰੀ ਲਾਲ ਸੈਨਾ ਤਾਤੂ ਦਰਿਆ ਪਾਰ ਗਈ।

ਇਸ ਉਪਰੰਤ ਲਾਲ ਸੈਨਾ ਮੁਕਾਬਲਤਨ ਆਜਾਦੀ ਵਾਲੀ ਹਾਲਤ ਵਿੱਚ ਪਹੁੰਚ ਗਈ ਪਰ ਔਖਿਆਈਆਂ ਹਾਲੇ ਮੁੱਕੀਆਂ ਨਹੀਂ ਸਨ। ਅਜੇ ਦੋ ਹਜ਼ਾਰ ਮੀਲ ਦਾ ਸਫਰ ਤੈਅ ਕਰਨਾ ਬਾਕੀ ਸੀ ਜਿਸ ਦੌਰਾਨ ਸੱਤ ਵੱਡੀਆਂ ਪਹਾੜੀ ਲੜੀਆਂ ਵੀ ਪਾਰ ਕਰਨੀਆਂ ਸਨ। ਪਰ ਫਿਰ ਵੀ ਹੁਣ ਲਾਲ ਫੌਜ ਕੋਲ ਆਪਣੀਆਂ ਸਫਾਂ ਨੂੰ ਨੌ ਬਰ ਨੌ ਕਰਨ ਦਾ ਸਮਾਂ ਸੀ। ਪੱਛਮੀ ਜ਼ੇਚੁਆਨ ਖਿੱਤੇ ਵਿੱਚ, ਜੁਲਾਈ 1935 ਵਿੱਚ ਇਕੱਠੀ ਹੋਈ ਲਾਲ ਫੌਜ ਦੀ ਕੁੱਲ ਗਿਣਤੀ ਲਗਪੱਗ ਇੱਕ ਲੱਖ ਸੀ। ਪਰ ਇੱਕ ਵਾਰ ਫਿਰ ਪਾਰਟੀ ਅਤੇ ਲਾਲ ਫੌਜ ਵਿੱਚ ਯੁੱਧਨੀਤੀ ਦੇ ਸਵਾਲ 'ਤੇ ਫੁੱਟ ਪੈ ਗਈ। ਮਾਓ ਜ਼ੇ-ਤੁੰਗ ਵੀ ਇਸ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਔਖਾ ਸਮਾਂ ਕਹਿੰਦਾ ਹੈ। ਮਾਓ ਚਾਹੁੰਦਾ ਸੀ ਲਾਲ ਫੌਜ ਆਪਣੇ ਮਿਥੇ ਟੀਚੇ ਸੈਂਸੀ-ਕਾਂਸੂ ਦੇ ਇਲਾਕੇ ਵਿੱਚ ਪਹੁੰਚੇ ਅਤੇ ਜਾਪਾਨ ਖਿਲਾਫ਼ ਜੰਗ ਵਿੱਚ ਸ਼ਾਮਲ ਹੋਇਆ ਜਾਵੇ।  ਇਸ ਦੇ ਮੁਕਾਬਲੇ ਚਾਂਗ

ਕੁਓ-ਤਾਓ ਦਾ ਮੱਤ ਸੀ ਲਾਲ ਫੌਜ ਅੱਗੇ ਨਾ ਜਾ ਕੇ ਇਥੇ ਹੀ ਇਨਕਲਾਬੀ ਆਧਾਰ ਇਲਾਕੇ ਦਾ ਪਸਾਰਾ ਕਰੇ। ਚਾਂਗ ਕੁਓ-ਤਾਓ ਚੌਥੀ ਫਰੰਟ ਸੈਨਾ ਦਾ ਮੁਖੀ ਸੀ ਅਤੇ ਕਮਿਊਨਿਸਟ ਸੱਤਾ ਦਾ ਵਾਈਸ ਚੇਅਰਮੈਨ ਸੀ। ਉਸ ਨੇ ਜ਼ੇ-ਚੁਆਨ ਵਿੱਚ ਬਹੁਤ ਬਹਾਦਰੀ ਅਤੇ ਹਿੰਮਤ ਨਾਲ ਮਜਦੂਰ-ਕਿਸਾਨ ਰਾਜ ਸਥਾਪਿਤ ਕੀਤਾ ਸੀ ਅਤੇ ਚਿਆਂਗ ਕਾਈ-ਸ਼ੇਕ ਵੱਲੋਂ ਬਖਸ਼ੇ ਅਹੁਦਿਆਂ ਦੇ ਲਾਲਚ ਵਿੱਚ ਨਹੀਂ ਆਇਆ ਸੀ, ਜਿਸ ਕਰਕੇ ਉਹ ਲਾਲ ਫੌਜ ਅਤੇ ਆਮ ਜਨਤਾ ਵਿੱਚ ਬਹੁਤ ਹਰਮਨ ਪਿਆਰਾ ਸੀ। ਉਸ ਨੇ ਪਾਰਟੀ ਦੀ ਕੇਂਦਰੀ ਕਮੇਟੀ ਦੇ ਖਿਲਾਫ਼ ਬਗਾਵਤ ਕਰ ਦਿੱਤੀ ਅਤੇ ਆਪਣੀ ਮੁਕਾਬਲੇ ਦੀ ਕੇਂਦਰੀ ਕਮੇਟੀ ਸਥਾਪਿਤ ਕਰ ਦਿੱਤੀ। ਇਸ ਨਾਲ ਪਾਰਟੀ ਅਤੇ ਲਾਲ ਫੌਜ ਦੋ ਫਾੜ ਹੋ ਗਈਆਂ ਅਤੇ ਲਾਲ ਫੌਜ ਦਾ ਵੱਡਾ ਹਿੱਸਾ ਉਸ ਨਾਲ ਜਾ ਖੜ੍ਹਿਆ। ਮਾਓ ਦੀ ਅਗਵਾਈ ਹੇਠ ਤੀਹ ਕੁ ਹਜ਼ਾਰ ਦੀ ਫੌਜ ਸੈਂਸੀ ਵੱਲ ਚੱਲ ਪਈ ਜਦ ਕਿ ਦੂਸਰਾ ਹਿੱਸਾ ਚਾਂਗ ਦੀ ਅਗਵਾਈ ਵਿੱਚ ਉਥੇ ਹੀ ਲੜਦਾ ਰਿਹਾ। ਇੱਕ ਵਾਰ ਫਿਰ ਮਾਓ ਜ਼ੇ-ਤੁੰਗ ਦੀ ਯੁੱਧਨੀਤਕ ਵਿਉਂਤ ਸਹੀ ਸਾਬਤ ਹੋਈ ਅਤੇ ਚਾਂਗ ਨੂੰ ਦੁਸ਼ਮਣ ਫੌਜ ਹੱਥੋਂ ਵਾਰ ਵਾਰ ਹਾਰਾਂ ਅਤੇ ਭਾਰੀ ਨੁਕਸਾਨ ਝੱਲਣੇ ਪਏ। ਇਸ ਦੇ ਸਿੱਟੇ ਵਜੋਂ ਮਾਓ ਤੋਂ ਅਲੱਗ ਹੋਏ ਕਾਮਰੇਡਾਂ ਨੂੰ ਜਲਦੀ ਹੀ ਆਪਣੀ ਗਲਤੀ ਦਾ ਅਹਿਸਾਸ ਹੋਣ ਲੱਗਾ ਅਤੇ ਤਿੰਨ ਕੁ ਮਹੀਨੇ ਬਾਅਦ ਹੀ ਇਸ ਫੌਜ ਦਾ ਵੱਡਾ ਹਿੱਸਾ ਮਾਓ ਦੀ ਅਗਵਾਈ ਹੇਠ ਚਲਾ ਗਿਆ। ਪਰ ਆਪਣੀ ਗਲਤੀ ਸਿੱਧ ਹੋਣ 'ਤੇ ਵੀ ਚਾਂਗ ਕੁਓ-ਤਾਓ ਨਾ ਸੁਧਰਿਆ ਬਲਕਿ ਲਾਲ ਇਲਾਕਾ ਛੱਡ ਕੇ ਕੌਮਿਨਤਾਂਗ ਨਾਲ ਜਾ ਮਿਲਿਆ।

ਇਹ ਸਾਰੀਆਂ ਮੁਸ਼ਕਿਲਾਂ ਝਲਦੀ ਹੋਈ ਲਾਲ ਫੌਜ, ਆਪਣੇ ਕਿਆਂਗਸੀ ਤੋਂ ਚੱਲਣ ਦੇ ਇੱਕ ਸਾਲ ਬਾਅਦ, ਆਖਰ ਅਕਤੂਬਰ 1935 ਵਿੱਚ, ਆਪਣੇ ਮਿਥੇ ਲਕਸ਼, ਉਤਰੀ ਸ਼ੈਂਸੀ ਵਿੱਚ ਦਾਖਲ ਹੋ ਗਈ। ਜਿਨ੍ਹਾਂ ਨੇ ਕਿਆਂਗਸੀ ਤੋਂ ਇਹ ਮਹਾਂ ਕੂਚ ਸ਼ੁਰੂ ਕੀਤਾ ਸੀ ਉਨ੍ਹਾਂ ਵਿਚੋਂ 7000 ਆਦਮੀ ਹੀ ਇਸ ਮੰਜ਼ਿਲ ਤੱਕ ਪਹੁੰਚ ਸਕੇ। ਪਰ ਇਸ ਦੌਰਾਨ ਹੋਰ ਬਹੁਤ ਲੜਾਕੇ ਰਲਦੇ ਰਹੇ ਸਨ ਜਿਸ ਕਰਕੇ ਆਪਣੇ ਨਵੇਂ ਆਧਾਰ ਇਲਾਕੇ ਵਿੱਚ ਇਹ ਮੁੜ ਇੱਕ ਸ਼ਕਤੀਸ਼ਾਲੀ ਤਾਕਤ ਵਜੋਂ ਸਥਾਪਿਤ ਹੋ ਗਈ। ਇਸ ਤਰ੍ਹਾਂ ਮਾਓ ਦੀ ਯੁੱਧ ਨੀਤੀ ਨੇ ਕਿਆਂਗਸੀ ਵਿੱਚ ਹੋਈ ਹਾਰ ਨੂੰ ਇੱਕ ਜੇਤੂ ਮੁਹਿੰਮ ਵਿੱਚ ਬਦਲ ਦਿੱਤਾ।

ਲੰਮੇ ਕੂਚ ਦੇ ਅੰਕੜੇ ਹੈਰਾਨ ਕਰਨ ਵਾਲੇ ਹਨ। ਅਜਿਹਾ ਇਤਿਹਾਸ ਵਿੱਚ ਕਦੇ ਨਹੀਂ ਹੋਇਆ ਸੀ ਕਿ ਕੋਈ ਫੌਜ ਲੜਦੀ ਲੜਦੀ 7000 ਮੀਲ ਤੈਅ ਕਰੇ। ਹਰ ਰੋਜ ਦੀ ਔਸਤ 24 ਮੀਲ ਸੀ ਅਤੇ ਲਗਪੱਗ ਹਰ ਰੋਜ ਹੀ ਇੱਕ ਲੜਾਈ ਲੜਨੀ ਪੈਂਦੀ ਸੀ। ਇਸ ਰਾਹ ਵਿੱਚ ਉਨ੍ਹਾਂ ਨੇ 18 ਪਹਾੜ ਪਾਰ ਕੀਤੇ ਜਿਨ੍ਹਾਂ ਵਿਚੋਂ 5 ਬਰਫ ਨਾਲ ਢਕੇ ਹੋਏ ਸਨ ਅਤੇ 24 ਦਰਿਆ ਪਾਰ ਕੀਤੇ। ਉਨ੍ਹਾਂ ਬਾਰਾਂ ਸੂਬਿਆਂ ਵਿਚੋਂ ਲੰਘਦੇ

ਹੋਏ ਰਸਤੇ ਵਿੱਚ 62 ਸ਼ਹਿਰਾਂ/ਕਸਬਿਆਂ ’ਤੇ ਕਬਜਾ ਕੀਤਾ। ਪਿੱਛਾ ਕਰ ਰਹੀ ਚਿਆਂਗ ਕਾਈ ਸ਼ੇਕ ਦੀ ਵਿਸ਼ਾਲ ਫੌਜ ਤੋਂ ਇਲਾਵਾ ਉਨ੍ਹਾਂ ਨੇ ਦਸ ਹੋਰ ਯੁੱਧ ਸਰਦਾਰਾਂ ਦੀਆਂ ਫੌਜਾਂ ਦਾ ਮੁਕਾਬਲਾ ਕੀਤਾ ਅਤੇ ਉਨ੍ਹਾਂ ਦੇ ਘੇਰੇ ਤੋੜੇ। ਇਸ ਲੰਮੇ ਕੂਚ ਦੌਰਾਨ ਕੁੱਲ 1,80,000 ਲਾਲ ਸੈਨਿਕ ਸ਼ਹੀਦ ਹੋਏ। ਜਿਹੜੇ ਕਾਮਰੇਡਾਂ ਨੇ ਕਿਆਂਗਸੀ ਤੋਂ ਇਹ ਲੰਮਾ ਕੂਚ ਸ਼ੁਰੂ ਕੀਤਾ ਸੀ ਉਨ੍ਹਾਂ ਵਿਚੋਂ ਕੇਵਲ 7000 ਹੀ ਸਹੀ ਸਲਾਮਤ ਮੰਜ਼ਿਲ ਤੇ ਪਹੁੰਚੇ, ਨੱਬੇ ਪ੍ਰਤੀਸ਼ਤ ਰਾਹ ਵਿੱਚ ਹੀ ਲੜਾਈਆਂ, ਬਿਮਾਰੀਆਂ, ਥਕਾਵਟ, ਭੁੱਖ ਅਤੇ ਅਦਿਵਾਸੀਆਂ ਦੇ ਹਮਲਿਆਂ ਕਾਰਣ ਖਤਮ ਹੋ ਗਏ। ਪਰ ਇਸ ਨੁਕਸਾਨ ਦੇ ਮੁਕਾਬਲੇ ਇਸਦਾ ਦੂਜਾ ਪੱਖ ਵੀ ਸੀ ਜਿਸ ਬਾਰੇ ਬੋਲਦਿਆਂ ਮਾਓ ਨੇ ਕਿਹਾ – “ਲੰਮਾ ਕੂਚ ਇੱਕ ਬੀਜ ਬੀਜਣ ਵਾਲੀ ਮਸ਼ੀਨ ਵੀ ਹੈ। ਇਸ ਨੇ ਗਿਆਰਾਂ ਸੂਬਿਆਂ ਵਿੱਚ ਬਹੁਤ ਬੀਜ ਬੀਜੇ ਹਨ ਜਿਹੜੇ ਭਵਿੱਖ ਵਿੱਚ ਫੁਟਣਗੇ, ਪੱਤੀਆਂ ਕੱਢਣਗੇ, ਇਨ੍ਹਾਂ ਨੂੰ ਬੂਰ ਪਵੇਗਾ, ਫਲ ਲੱਗੇਗਾ ਅਤੇ ਫਸਲ ਹੋਵੇਗੀ। ਮੁਕਦੀ ਗੱਲ ਲੰਮਾ ਕੂਚ ਸਾਡੇ ਲਈ ਜਿੱਤ ਅਤੇ ਦੁਸ਼ਮਣ ਲਈ ਹਾਰ ਨਾਲ ਮੁੱਕਿਆ ਹੈ।”

***

# ਜਾਪਾਨ ਖਿਲਾਫ਼ ਸਾਂਝਾ ਮੋਰਚਾ

ਲੜਦੇ ਲੜਦੇ ਇੱਕ ਸਾਲ ਚਲਦੇ ਰਹਿਣ ਬਾਅਦ ਆਖਰ ਅਕਤੂਬਰ 1935 ਵਿੱਚ ਮਾਓ ਦੀ ਅਗਵਾਈ ਵਿੱਚ ਕਮਿਊਨਿਸਟ, ਚੀਨ ਦੇ ਉੱਤਰ ਪੱਛਮ ਵਿੱਚ ਸ਼ੈਂਸੀ ਸੂਬੇ ਵਿੱਚ ਮੁਕਾਬਲਤਨ ਸੁਰੱਖਿਅਤ ਟਿਕਾਣੇ 'ਤੇ ਪਹੁੰਚ ਗਏ। ਇਹ ਨਹੀਂ ਕਿ ਇਥੇ ਪਹੁੰਚਣ ਬਾਅਦ ਚਿਆਂਗ ਕਾਈ ਸ਼ੇਕ ਨੇ ਉਨ੍ਹਾਂ ਦਾ ਪਿੱਛਾ ਛੱਡ ਦਿੱਤਾ ਸੀ ਪਰ ਇਸ ਇਲਾਕੇ ਵਿੱਚ ਉਨ੍ਹਾਂ ਨੂੰ ਘੇਰ ਕੇ ਖਤਮ ਕਰਨਾ ਸੌਖਾ ਨਹੀਂ ਸੀ। ਇੱਕ ਤਾਂ ਇਸ ਇਲਾਕੇ ਦੀ ਭੂਗੋਲਿਕ ਸਥਿਤੀ ਹੀ ਇਹੋ ਜਿਹੀ ਸੀ ਦੂਸਰਾ ਇਸ ਇਲਾਕੇ ਵਿੱਚ ਪਹਿਲਾਂ ਵੀ ਆਧਾਰ ਇਲਾਕੇ ਅਤੇ ਲਾਲ ਫੌਜ ਦੇ ਯੂਨਿਟ ਸਨ ਜਿਨ੍ਹਾਂ ਦੇ ਜੁੜਨ ਨਾਲ ਕਮਿਊਨਿਸਟਾਂ ਦੀ ਫੌਜੀ ਸ਼ਕਤੀ ਵਧ ਗਈ। ਸੋ ਇਥੇ ਕਮਿਊਨਿਸਟਾਂ ਨੂੰ ਤਾਜਾ ਦਮ ਹੋਣ ਦਾ ਮੌਕਾ ਮਿਲਿਆ ਅਤੇ ਉਨ੍ਹਾਂ ਨੇ ਆਪਣੀ ਸੱਤਾ ਅਧੀਨ ਆਉਂਦੇ ਇਲਾਕੇ ਵਿੱਚ ਸੁਧਾਰ ਸ਼ੁਰੂ ਕਰ ਦਿੱਤੇ। ਭੱਜ ਗਏ ਜਾਗੀਰਦਾਰਾਂ ਦੀਆਂ ਜ਼ਮੀਨਾਂ ਬੇਜ਼ਮੀਨੇ ਕਿਸਾਨਾਂ ਵਿੱਚ ਵੰਡ ਦਿੱਤੀਆਂ ਗਈਆਂ, ਬਾਕੀ ਕਿਸਾਨਾਂ ਉਤੋਂ ਟੈਕਸ ਖਤਮ ਕਰ ਦਿੱਤੇ, ਨੌਜਵਾਨਾਂ ਨੂੰ ਸਿੱਖਿਅਤ ਕਰਨਾ ਸ਼ੁਰੂ ਕਰ ਦਿੱਤਾ। ਇਸ ਨਾਲ ਆਮ ਲੋਕਾਂ ਵਿੱਚ ਕਮਿਊਨਿਸਟਾਂ ਦਾ ਆਧਾਰ ਮਜਬੂਤ ਹੋਣ ਲੱਗਾ ਅਤੇ ਉਨ੍ਹਾਂ ਨੂੰ ਨਵੀਂ ਭਰਤੀ ਮਿਲਣ ਲੱਗੀ।

ਇਸੇ ਦੌਰਾਨ ਜਾਪਾਨ ਦਾ ਚੀਨ ਉੱਤੇ ਧੱਕਾ ਵਧਦਾ ਜਾ ਰਿਹਾ ਸੀ। ਮਨਚੂਰੀਆ ਅਤੇ ਕੁਝ ਹੋਰ ਇਲਾਕਿਆਂ ਉੱਤੇ ਤਾਂ ਉਹ ਪਹਿਲਾਂ ਹੀ ਕਬਜਾ ਕਰ ਚੁੱਕਾ ਸੀ ਹੁਣ ਉਹ ਚੀਨੀ ਸਰਕਾਰ ਉੱਤੇ ਹੋਰ ਮੰਗਾਂ ਮੰਨਣ ਲਈ ਦਬਾਅ ਬਣਾ ਰਿਹਾ ਸੀ। ਸਾਰੇ ਚੀਨ ਵਿੱਚ ਜਾਪਾਨ ਵਿਰੋਧੀ ਭਾਵਨਾਵਾਂ ਭੜਕਦੀਆਂ ਜਾ ਰਹੀਆਂ ਸਨ ਅਤੇ ਚਿਆਂਗ ਕਾਈ ਸ਼ੇਕ ਉਤੇ ਇਸ ਗੱਲ ਦਾ ਦਬਾਅ ਵਧ ਰਿਹਾ ਸੀ ਕਿ ਉਹ ਕਮਿਊਨਿਸਟਾਂ ਨਾਲ ਲੜਾਈ ਬੰਦ ਕਰ ਕੇ ਜਾਪਾਨ ਦਾ ਟਾਕਰਾ ਕਰੇ। ਪਰ ਚਿਆਂਗ ਇਕੋ ਗੱਲ 'ਤੇ ਅੜ੍ਹਿਆ ਹੋਇਆ ਸੀ ਕਿ ਪਹਿਲਾਂ ਕਮਿਊਨਿਸਟਾਂ ਨੂੰ ਖਤਮ ਕਰ ਕੇ ਫਿਰ ਹੀ ਜਾਪਾਨ ਦਾ ਟਾਕਰਾ ਕਰਨਾ ਹੈ। ਦੂਜੇ ਪਾਸੇ ਮਾਓ ਜਾਪਾਨ ਨੂੰ ਵੱਡਾ ਖਤਰਾ ਸਮਝਦਾ ਸੀ, ਇਸ ਲਈ ਕਮਿਊਨਿਸਟ ਇਹ ਪ੍ਰਚਾਰ ਕਰ ਰਹੇ ਸਨ ਕਿ ਸਾਨੂੰ ਜਾਪਾਨ

ਖਿਲਾਫ਼ ਸਾਂਝਾ ਮੋਰਚਾ ਬਣਾ ਕੇ ਲੜਨਾ ਚਾਹੀਦਾ ਹੈ। ਚੀਨ ਦੇ ਲੋਕ ਕਮਿਊਨਿਸਟਾਂ ਦੇ ਇਸ ਪ੍ਰਚਾਰ ਨੂੰ ਜ਼ੋਰਦਾਰ ਹੁੰਗਾਰਾ ਭਰ ਰਹੇ ਸਨ। ਮਾਰਸ਼ਲ ਚਾਂਗ ਸੀਊ-ਲਿਆਂਗ, ਜਿਸ ਕੋਲ ਡੇਢ ਲੱਖ ਦੇ ਕਰੀਬ ਫੌਜ ਸੀ ਅਤੇ ਚਿਆਂਗ ਕਾਈ-ਸ਼ੇਕ ਦੇ ਡਿਪਟੀ ਵਜੋਂ ਕੰਮ ਕਰ ਰਿਹਾ ਸੀ, ਉਸ ਵਿੱਚ ਜਾਪਾਨ ਵਿਰੋਧੀ ਭਾਵਨਾਵਾਂ ਬਹੁਤ ਤਿੱਖੀਆਂ ਸਨ ਕਿਉਂਕਿ ਜਾਪਾਨ ਵੱਲੋਂ ਖੋਹਿਆ ਗਿਆ ਮਨਚੂਰੀਆ ਦਾ ਇਲਾਕਾ ਪਹਿਲਾਂ ਉਸੇ ਦੇ ਅਧੀਨ ਸੀ, ਦੂਸਰਾ ਉਸ ਦੇ ਕਮਿਊਨਿਸਟਾਂ ਨਾਲ ਚੰਗੇ ਸਬੰਧ ਸਨ। ਉਸ ਨੇ ਚਿਆਂਗ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਉਸ ਦੀ ਸਾਰੀ ਫੋਰਸ ਇਹ ਚਾਹੁੰਦੀ ਹੈ ਕਿ ਕੌਮੀ ਪੱਧਰ 'ਤੇ ਸਾਂਝਾ ਮੋਰਚਾ ਬਣਾਇਆ ਜਾਵੇ, ਘਰੇਲੂ ਜੰਗ ਬੰਦ ਕੀਤੀ ਜਾਵੇ, ਰੂਸ ਨਾਲ ਸੰਧੀ ਕੀਤੀ ਜਾਵੇ ਅਤੇ ਜਾਪਾਨ ਦਾ ਟਾਕਰਾ ਕੀਤਾ ਜਾਵੇ। ਪਰ ਚਿਆਂਗ ਨੇ ਇਸ ਦੇ ਜਵਾਬ ਵਿੱਚ ਕਿਹਾ, 'ਮੈਂ ਇਸ ਵਿਸ਼ੇ 'ਤੇ ਓਨਾ ਚਿਰ ਕੋਈ ਗੱਲ ਨਹੀਂ ਕਰਾਂਗਾ ਜਿੰਨਾ ਚਿਰ ਚੀਨ ਵਿਚਲੇ ਹਰ ਲਾਲ ਸੈਨਿਕ ਦਾ ਖਾਤਮਾ ਨਹੀਂ ਕਰ ਦਿੱਤਾ ਜਾਂਦਾ ਅਤੇ ਹਰ ਕਮਊਨਿਸਟ ਜੇਲ੍ਹ ਵਿੱਚ ਨਹੀਂ ਪਹੁੰਚ ਜਾਂਦਾ।' ਅਤੇ ਇਹ ਵੀ ਕਿਹਾ, 'ਜਾਪਾਨ ਤਾਂ ਚਮੜੀ ਦੀ ਬਿਮਾਰੀ ਹੈ ਜਦ ਕਿ ਕਮਿਊਨਿਸਟ ਦਿਲ ਦੀ ਬਿਮਾਰੀ ਹਨ' (ਭਾਵ ਕਮਿਊਨਿਸਟ ਵੱਧ ਖਤਰਨਾਕ ਹਨ) ਇਸ ਸੋਚ ਨਾਲ ਉਹ ਕਮਿਊਨਿਸਟਾਂ ਨੂੰ ਖਤਮ ਕਰਨ ਲਈ ਜ਼ੋਰਦਾਰ ਤਿਆਰੀਆਂ ਵਿੱਚ ਲੱਗ ਗਿਆ। ਉਸ ਦਾ ਇੱਕ ਮਸ਼ਹੂਰ ਜਰਨੈਲ ਕਮਿਊਨਿਸਟ ਇਲਾਕੇ ਵਿੱਚ ਜ਼ੋਰ ਸ਼ੋਰ ਨਾਲ ਅੱਗੇ ਵਧਣ ਲੱਗਾ, ਕਮਿਊਨਿਸਟ ਪਿੱਛੇ ਹਟਦੇ ਗਏ ਅਤੇ ਗੋਲੀਆਂ ਚਲਾਉਣ ਦੀ ਬਜਾਏ ਉਸ ਦੇ ਸੈਨਿਕਾਂ ਵਿੱਚ ਇਹ ਪ੍ਰਚਾਰ ਕਰਦੇ ਗਏ ਕਿ ਆਪਸ ਵਿੱਚ ਲੜਨ ਦੀ ਥਾਂ ਸਾਨੂੰ ਜਾਪਾਨ ਖਿਲਾਫ਼ ਇਕੱਠੇ ਹੋਣਾ ਚਾਹੀਦਾ ਹੈ। ਜਦ ਉਸ ਦੀਆਂ ਫੌਜਾਂ ਕਾਫੀ ਅੰਦਰ ਆ ਗਈਆਂ ਤਾਂ ਕਮਿਊਨਿਸਟਾਂ ਨੇ ਸਾਰੇ ਪਾਸਿਉਂ ਘੇਰ ਕੇ ਜ਼ੋਰਦਾਰ ਹੱਲਾ ਬੋਲ ਦਿੱਤਾ ਅਤੇ ਉਨ੍ਹਾਂ ਨੂੰ ਬਹੁਤ ਬੁਰੀ ਮਾਰ ਮਾਰੀ। ਕਮਿਊਨਿਸਟਾਂ ਦੇ ਪ੍ਰਚਾਰ ਨੇ ਵੀ ਆਪਣਾ ਅਸਰ ਦਿਖਾਇਆ ਅਤੇ ਬਹੁਤ ਸਾਰੇ ਸਰਕਾਰੀ ਫੌਜੀ ਉਨ੍ਹਾਂ ਦੇ ਨਾਲ ਆ ਰਲੇ। ਸਰਕਾਰੀ ਫੌਜਾਂ ਦਾ ਜਨਰਲ ਹੂ ਮਸਾਂ ਜਾਨ ਬਚਾ ਕੇ ਭੱਜਿਆ। ਇਸ ਗੱਲ ਨੇ ਚਾਂਗ ਸੀਊ-ਲਿਆਂਗ ਦਾ ਪੱਖ ਹੋਰ ਮਜਬੂਤ ਕੀਤਾ ਕਿ ਕਮਿਊਨਿਸਟਾਂ ਨੂੰ ਜਲਦੀ ਹਰਾਇਆ ਨਹੀਂ ਜਾ ਸਕਦਾ, ਇਸ ਦੀ ਬਜ਼ਾਏ ਜਾਪਾਨ ਖਿਲਾਫ਼ ਉਨ੍ਹਾਂ ਦਾ ਸਾਥ ਲਿਆ ਜਾਣਾ ਚਾਹੀਦਾ ਹੈ। ਮਾਰਸ਼ਲ ਚਾਂਗ ਦੇ ਜਿਆਦਾ ਜ਼ੋਰ ਦੇਣ 'ਤੇ ਚਿਆਂਗ ਕਾਈ ਸ਼ੇਕ ਨੇ ਕਿਹਾ ਕਿ ਉਹ ਸਿਆਨ ਆ ਕੇ ਗੱਲ ਕਰੇਗਾ। ਇਥੇ ਆਉਣ 'ਤੇ ਗੱਲ ਫਿਰ ਵਿਗੜ ਗਈ। ਉਹ ਇਸ ਬਾਰੇ ਕੋਈ ਗੱਲ ਕਰਨ ਦੀ ਥਾਂ ਕਮਿਊਨਿਸਟਾਂ ਖਿਲਾਫ਼ ਹੀ ਅਗਲੀ ਮੁਹਿੰਮ ਦੀ ਯੋਜਨਾਬੰਦੀ ਕਰਨ ਲੱਗਾ। ਜਦ ਵਿਦਿਆਰਥੀਆਂ ਦੇ ਇੱਕ ਵੱਡੇ ਮੁਜਾਹਰੇ ਨੇ ਉਸ ਨੂੰ ਜਾਪਾਨ ਖਿਲਾਫ਼ ਮੋਰਚਾ ਬਨਾਉਣ ਲਈ ਮੰਗ ਪੱਤਰ

ਦੇਣ ਦੀ ਕੋਸ਼ਿਸ਼ ਕੀਤੀ ਤਾਂ ਮੁਜਾਹਰੇ ਨੂੰ ਸਖਤੀ ਨਾਲ ਖਿੰਡਾ ਦਿੱਤਾ ਗਿਆ। ਹੋਰ ਕੋਈ ਵਾਹ ਨਾ ਚਲਦੀ ਵੇਖ ਕੇ ਆਖਰ ਮਾਰਸ਼ਲ ਚਾਂਗ ਸੀਊ-ਲਿਆਂਗ ਨੇ 12 ਦਸੰਬਰ 1936 ਦੀ ਸੁਬ੍ਹਾ ਚਿਆਂਗ ਕਾਈ ਸ਼ੇਕ ਨੂੰ ਗ੍ਰਿਫਤਾਰ ਕਰ ਲਿਆ। ਮਾਰਸ਼ਲ ਦੀ ਫੌਜ ਦੇ ਕੁਝ ਅਫਸਰ ਤਾਂ ਚਾਹੁੰਦੇ ਸਨ ਕਿ ਉਸ 'ਤੇ ਜਨਤਕ ਮੁਕੱਦਮਾ ਚਲਾ ਕੇ ਮੌਤ ਦੀ ਸਜਾ ਸੁਣਾਈ ਜਾਵੇ ਪਰ ਨਾ ਚਾਂਗ ਅਤੇ ਨਾ ਹੀ ਕਮਿਊਨਿਸਟ ਚਾਹੁੰਦੇ ਸਨ ਕਿ ਉਸ ਨੂੰ ਮਾਰਿਆ ਜਾਵੇ ਕਿਉਂਕਿ ਅਜਿਹਾ ਹੋਣ ਨਾਲ ਚੀਨ ਵਿੱਚ ਖਾਨਾਜੰਗੀ ਭੜਕ ਉਠੇਗੀ ਅਤੇ ਜਾਪਾਨ ਖਿਲਾਫ਼ ਸਾਂਝੀ ਲੜਾਈ ਦੀ ਗੱਲ ਰੁਲ ਜਾਵੇਗੀ। ਸੋ ਇਥੇ ਕਮਿਊਨਿਸਟਾਂ ਵੱਲੋਂ ਵੀ ਇੱਕ ਤਿੰਨ ਮੈਂਬਰੀ ਵਫ਼ਦ ਉਸ ਨੂੰ ਮਿਲਣ ਆਇਆ ਅਤੇ ਆਖਰ ਉਸ ਨੂੰ ਸਮਝੌਤੇ ਲਈ ਮਜਬੂਰ ਹੋਣਾ ਪਿਆ। ਬਾਗੀਆਂ ਵੱਲੋਂ ਅੱਠ ਨੁਕਾਤੀ ਪ੍ਰੋਗਰਾਮ ਪੇਸ਼ ਕੀਤਾ ਗਿਆ -

1. ਸਰਕਾਰ ਨੂੰ ਮੁੜ ਜਥੇਬੰਦ ਕੀਤਾ ਜਾਵੇ ਅਤੇ ਇਸ ਵਿੱਚ ਸਾਰੀਆਂ ਪਾਰਟੀਆਂ ਨੂੰ ਸ਼ਾਮਲ ਕੀਤਾ ਜਾਵੇ ਤਾਂ ਜੋ ਕੌਮੀ ਮੁਕਤੀ ਸਭ ਦੀ ਸਾਂਝੀ ਜਿੰਮੇਂਵਾਰੀ ਬਣੇ।
2. ਅੰਦਰੂਨੀ ਖਾਨਾਜੰਗੀ ਤੁਰੰਤ ਬੰਦ ਕਰਕੇ ਜਾਪਾਨ ਖਿਲਾਫ਼ ਟਾਕਰੇ ਦੀ ਲਾਈਨ ਅਖਤਿਆਰ ਕੀਤੀ ਜਾਵੇ।
3. ਦੇਸ਼ਭਗਤਕ ਲਹਿਰ ਦੇ ਸ਼ੰਘਾਈ ਵਿੱਚ ਗ੍ਰਿਫਤਾਰ ਕੀਤੇ ਆਗੂ ਰਿਹਾ ਕੀਤੇ ਜਾਣ।
4. ਸਾਰੇ ਸਿਆਸੀ ਕੈਦੀਆਂ ਨੂੰ ਮੁਆਫ਼ੀ ਦਿੱਤੀ ਜਾਵੇ।
5. ਲੋਕਾਂ ਨੂੰ ਇਕੱਠੇ ਹੋਣ ਦੀ ਆਜਾਦੀ ਦਿੱਤੀ ਜਾਵੇ।
6. ਲੋਕਾਂ ਦੀ ਸਿਆਸੀ ਆਜਾਦੀ ਅਤੇ ਦੇਸ਼ਭਗਤਕ ਜਥੇਬੰਦੀਆਂ ਬਨਾਉਣ ਦੇ ਹੱਕ ਨੂੰ ਯਕੀਨੀ ਬਣਾਇਆ ਜਾਵੇ।
7. ਡਾ. ਸੁਨ ਯੱਤ-ਸੇਨ ਦੀ ਇੱਛਾ ਨੂੰ ਲਾਗੂ ਕੀਤਾ ਜਾਵੇ।
8. ਇੱਕ ਕੌਮੀ ਮੁਕਤੀ ਕਾਨਫਰੰਸ ਤੁਰੰਤ ਬੁਲਾਈ ਜਾਵੇ।

ਇਨ੍ਹਾਂ ਨੁਕਤਿਆਂ ਬਾਰੇ ਪਹਿਲਾਂ ਤਾਂ ਚਿਆਂਗ ਕਾਈ ਸ਼ੇਕ ਕੁਝ ਸਮਾਂ ਅੜਿਆ ਰਿਹਾ ਪਰ ਜਦ ਉਸ ਨੂੰ ਪਤਾ ਲੱਗਾ ਕਿ ਚਾਂਗ ਅਤੇ ਹੋਰ ਬਾਗੀ ਫੌਜਾਂ ਨੇ ਕਮਿਊਨਿਸਟਾਂ ਨਾਲ ਰਲ ਕੇ ਇਸ ਪ੍ਰੋਗਰਾਮ ਨੂੰ ਲਾਗੂ ਵੀ ਕਰਨਾ ਸ਼ੁਰੂ ਕਰ ਦਿੱਤਾ ਹੈ ਤਾਂ ਉਹ ਮੰਨ ਗਿਆ ਅਤੇ ਨਾਨਕਿੰਗ (ਰਾਜਧਾਨੀ) ਜਾ ਕੇ ਇਸ ਪ੍ਰੋਗਰਾਮ ਨੂੰ ਲਾਗੂ ਕਰ ਦਿੱਤਾ। ਇਸ ਨਾਲ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਵੀ ਕਮਿਊਨਿਸਟਾਂ ਉਤੋਂ ਸਰਕਾਰੀ ਦਬਾਅ ਘਟ ਗਿਆ ਅਤੇ ਉਹ ਮੁਕਾਬਲਤਨ ਖੁੱਲ੍ਹ ਕੇ ਕੰਮ ਕਰਨ ਲੱਗੇ।

ਜਾਪਾਨ ਖਿਲਾਫ਼ ਚਿਆਂਗ ਕਾਈ ਸ਼ੇਕ ਦੀਆਂ ਫੌਜਾਂ ਨਾਲ ਸਾਂਝ ਪਾ ਕੇ ਲੜਨ ਦਾ ਫੈਸਲਾ ਕਮਿਊਨਿਸਟਾਂ ਲਈ ਕਾਫ਼ੀ ਔਖਾ ਫੈਸਲਾ ਸੀ, ਕਿਉਂਕਿ ਇਹ ਉਹੀ ਚਿਆਂਗ ਕਾਈ ਸ਼ੇਕ ਸੀ ਜੋ ਹੁਣ ਤੱਕ ਕਮਿਊਨਿਸਟਾਂ ਦਾ ਖੁਰਾ ਖੋਜ ਮਿਟਾਉਣ

ਲਈ ਹਮਲੇ 'ਤੇ ਹਮਲਾ ਕਰ ਰਿਹਾ ਸੀ। ਇਸ ਦੀ ਫੌਜੀ ਸ਼ਕਤੀ ਨਾਲ ਤਾਂ ਕਮਿਊਨਿਸਟ ਪਿਛਲੇ ਕਿੰਨੇ ਸਾਲਾਂ ਤੋਂ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਸਨ। ਸੋ ਸੁਭਾਵਿਕ ਹੀ ਸੀ ਕਿ ਪਾਰਟੀ ਦੇ ਅੰਦਰ ਇਸ ਫੈਸਲੇ ਦੇ ਖਿਲਾਫ਼ ਵਿਰੋਧ ਦੀਆਂ ਆਵਾਜਾਂ ਉਠਦੀਆਂ। ਪਰ ਮਾਓ ਨੇ ਇਹ ਫੈਸਲਾ ਚੀਨ ਦੀਆਂ ਠੋਸ ਹਾਲਤਾਂ ਨੂੰ ਮੁੱਖ ਰੱਖ ਕੇ ਲਿਆ ਸੀ, ਸੋ ਅਮਲ ਵਿੱਚ ਇਹ ਫੈਸਲਾ ਵੀ ਸਹੀ ਸਿੱਧ ਹੋਇਆ। ਇਸੇ ਦੌਰ ਵਿੱਚ (ਜੁਲਾਈ-ਅਗਸਤ 1937) ਉਸ ਨੇ ਫਲਸਫ਼ੇ ਬਾਰੇ ਦੋ ਬਹੁਤ ਹੀ ਮਹੱਤਵਪੂਰਨ ਲਿਖਤਾਂ ਦਿੱਤੀਆਂ – ਅਭਿਆਸ ਬਾਰੇ (On Practice) ਅਤੇ ਵਿਰੋਧਤਾਈਆਂ ਬਾਰੇ (On Contradictions)। ਇਨ੍ਹਾਂ ਲਿਖਤਾਂ ਨਾਲ ਮਾਓ ਨੇ ਮਾਰਕਸਵਾਦੀ ਫਲਸਫ਼ੇ ਵਿੱਚ ਆਪਣਾ ਮੌਲਿਕ ਯੋਗਦਾਨ ਦਿੱਤਾ। ਵਿਰੋਧਤਾਈਆਂ ਬਾਰੇ ਆਪਣੀ ਵਿਆਖਿਆ ਰਾਹੀਂ ਉਸ ਨੇ ਜਾਪਾਨ ਖਿਲਾਫ਼ ਕੌਮਿਨਤਾਂਗ ਨਾਲ ਸਾਂਝੇ ਮੋਰਚੇ ਨੂੰ ਸਿਧਾਂਤਕ ਆਧਾਰ ਪ੍ਰਦਾਨ ਕੀਤਾ। ਇਸੇ ਤਰ੍ਹਾਂ ਮਈ 1938 ਵਿੱਚ ਉਸ ਨੇ ਜਾਪਾਨ ਖਿਲਾਫ਼ ਜੰਗ ਦੇ ਤਜਰਬਿਆਂ ਵਿਚੋਂ ਸਿੱਟੇ ਕਢਦੇ ਹੋਏ ਹੋਏ ਜੋ ਲੈਕਚਰ ਦਿੱਤੇ, ਉਹ ਮਾਓ ਦੀ ਲਮਕਵੇਂ ਯੁੱਧ (On Protracted War) ਵਾਲੀ ਯੁੱਧ ਨੀਤੀ ਦਾ ਆਧਾਰ ਬਣੇ। ਫੌਜੀ ਯੁੱਧਨੀਤੀ ਦੇ ਖੇਤਰ ਵਿੱਚ ਮਾਓ ਦੀ ਇਹ ਵੀ ਇੱਕ ਮਹੱਤਵਪੂਰਨ ਦੇਣ ਮੰਨੀ ਜਾਂਦੀ ਹੈ।

ਚਾਹੇ ਜਾਪਾਨ ਚੀਨ ਵਿੱਚ ਘੁਸਪੈਠ ਤਾਂ ਪਹਿਲਾਂ ਹੀ ਕਰ ਚੁੱਕਾ ਸੀ ਪਰ 7 ਜੁਲਾਈ 1937 ਨੂੰ ਉਸ ਨੇ ਚੀਨ ਖਿਲਾਫ਼ ਬਕਾਇਦਾ ਜੰਗ ਸ਼ੁਰੂ ਕਰ ਦਿੱਤੀ। ਜਾਪਾਨ ਦੀ ਫੌਜੀ ਮਸ਼ੀਨਰੀ ਚੀਨ ਮੁਕਾਬਲੇ ਬਹੁਤ ਤਕੜੀ ਸੀ ਅਤੇ ਉਸ ਨੂੰ ਆਸ ਸੀ ਕਿ ਉਹ ਖਾਨਾਜੰਗੀ ਦੇ ਸ਼ਿਕਾਰ ਚੀਨ ਨੂੰ ਬਹੁਤ ਛੇਤੀ ਚਿੱਤ ਕਰ ਦੇਵੇਗਾ। ਪਰ ਕਮਿਊਨਿਸਟਾਂ ਅਤੇ ਕੌਮਿਨਤਾਂਗ ਦਾ ਸਾਂਝਾ ਮੋਰਚਾ ਬਣਨ ਨਾਲ ਜਾਪਾਨੀ ਫੌਜਾਂ ਨੂੰ ਹਰ ਜਗ੍ਹਾ ਸਖਤ ਟਾਕਰੇ ਦਾ ਸਾਹਮਣਾ ਕਰਨਾ ਪਿਆ। ਜਾਪਾਨੀ ਜਰਨੈਲਾਂ ਨੇ ਦਾਅਵਾ ਕੀਤਾ ਕਿ ਉਹ ਸ਼ੰਘਾਈ ਨੂੰ ਤਿੰਨ ਦਿਨ ਵਿੱਚ ਫਤਿਹ ਕਰ ਲੈਣਗੇ ਪਰ ਉਥੇ ਤਿੰਨ ਮਹੀਨੇ ਭਿਆਨਕ ਯੁੱਧ ਹੋਇਆ ਜਿਸ ਵਿੱਚ ਦੋਹਵਾਂ ਧਿਰਾਂ ਦੇ ਭਾਰੀ ਜਾਨੀ ਨੁਕਸਾਨ ਬਾਅਦ ਹੀ ਚੀਨੀ ਫੌਜ ਪਿੱਛੇ ਹਟੀ। ਮਾਓ ਦੀ ਸਾਂਝੇ ਮੋਰਚੇ ਦੀ ਯੁੱਧਨੀਤੀ ਅਤੇ ਗੁਰੀਲਾ ਲੜਾਈ ਦੇ ਦਾਅ ਪੇਚਾਂ ਕਾਰਣ ਜਾਪਾਨੀ ਫੌਜਾਂ ਨੂੰ ਦੂਹਰੀ ਲੜਾਈ ਲੜਨੀ ਪੈ ਰਹੀ ਸੀ। ਕੌਮਿਨਤਾਂਗੀ ਫੌਜਾਂ (ਚੀਨ ਦੀਆਂ ਸਰਕਾਰੀ ਫੌਜਾਂ) ਨਾਲ ਤਾਂ ਉਨ੍ਹਾਂ ਵੱਲੋਂ ਸਿੱਧੀ ਲੜਾਈ ਲੜੀ ਜਾ ਰਹੀ ਸੀ ਜਿਸ ਵਿੱਚ ਫੌਜੀ ਉਤਮਤਾ ਕਾਰਣ ਜਾਪਾਨੀ ਫੌਜਾਂ ਅਕਸਰ ਅੱਗੇ ਵਧ ਜਾਂਦੀਆਂ ਪਰ ਆਪਣੇ ਜਿੱਤੇ ਇਲਾਕਿਆਂ ਵਿੱਚ ਉਨ੍ਹਾਂ ਨੂੰ ਲਾਲ ਗੁਰੀਲਿਆਂ ਦੇ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਜਿਨ੍ਹਾਂ ਨੇ ਉਨ੍ਹਾਂ ਦਾ ਜਿਉਣਾ ਦੁੱਭਰ ਕਰ ਰੱਖਿਆ ਸੀ। ਇਸ ਕਾਰਣ ਜਾਪਾਨੀਆਂ ਦੀ ਚੀਨ ਦੇ

ਪੇਂਡੂ ਖੇਤਰ ਵਿੱਚ ਤਾਂ ਸੱਤਾ ਹੀ ਸਥਾਪਿਤ ਨਹੀਂ ਹੋ ਰਹੀ ਸੀ ਉਨ੍ਹਾਂ ਦਾ ਕਬਜਾ ਕੇਵਲ ਸ਼ਹਿਰਾਂ ਉੱਤੇ ਹੀ ਰਹਿ ਜਾਂਦਾ ਸੀ। ਸ਼ੈਂਸੀ ਵਰਗੇ ਲਾਲ ਖੇਤਰਾਂ ਵਿੱਚ ਤਾਂ ਉਹ ਵੜ ਹੀ ਨਹੀਂ ਸਕੇ ਸਨ। ਇਸ ਤੋਂ ਭੜਕ ਕੇ ਉਨ੍ਹਾਂ ਨੇ ਕਬਜੇ ਹੇਠ ਆਏ ਇਲਾਕਿਆਂ ਵਿੱਚ ਥ੍ਰੀ-ਆਲ ਪਾਲਿਸੀ (kill all, loot all, burn all) ਲਾਗੂ ਕੀਤੀ ਜਿਸ ਦਾ ਮਤਲਬ ਸੀ ਸਭ ਨੂੰ ਮਾਰ ਦਿਉ, ਸਭ ਕੁਝ ਲੁੱਟ ਲਵੋ, ਸਭ ਕੁਝ ਸਾੜ ਦਿਉ। ਬਹੁਤ ਬੰਬਾਰੀ, ਕਤਲੇਆਮ ਅਤੇ ਜ਼ੁਲਮ ਦੇ ਬਾਵਜੂਦ ਜਾਪਾਨੀ ਫੌਜਾਂ ਲਈ ਚੀਨ ਨੂੰ ਜਿੱਤਣਾ ਦਿਨੋ ਦਿਨ ਔਖਾ ਹੁੰਦਾ ਗਿਆ। 1939 ਦੇ ਅਖੀਰ ਤੱਕ ਜਾਪਾਨ ਦਾ ਅੱਗੇ ਵਧਣਾ ਰੁਕ ਗਿਆ ਅਤੇ ਚੀਨ ਵੱਲੋਂ ਬਰਾਬਰ ਦੀ ਟੱਕਰ ਮਿਲਣ ਲੱਗੀ। ਇਸ ਨਾਲ ਚੀਨ ਦਾ ਦੁਨੀਆ ਵਿੱਚ ਵੀ ਵਾਕਾਰ ਬਹਾਲ ਹੋਣ ਲੱਗਾ ਨਹੀਂ ਤਾਂ ਚੀਨ ਨੂੰ ਇੱਕ ਗਈ ਗੁਜ਼ਰੀ ਤਾਕਤ ਹੀ ਸਮਝਿਆ ਜਾਣ ਲੱਗਾ ਸੀ।

ਇਸ ਦੌਰਾਨ ਹੀ ਦੂਜੀ ਸੰਸਾਰ ਜੰਗ ਲੱਗ ਚੁੱਕੀ ਸੀ ਜਿਸ ਵਿੱਚ 7 ਦਸੰਬਰ 1941 ਨੂੰ ਜਾਪਾਨ ਨੇ ਇੱਕ ਵੱਡਾ ਪੰਗਾ ਲੈ ਲਿਆ। ਉਸ ਨੇ ਪਰਲ ਹਾਰਬਰ, ਜੋ ਕਿ ਅਮਰੀਕੀ ਸਮੁੰਦਰੀ ਫੌਜ ਦਾ ਵੱਡਾ ਟਿਕਾਣਾ ਸੀ, ਉਸ ਉੱਤੇ ਜੋਰਦਾਰ ਹਮਲਾ ਕਰਕੇ ਅਮਰੀਕੀ ਫੌਜ ਦਾ ਭਾਰੀ ਨੁਕਸਾਨ ਕਰ ਦਿੱਤਾ। ਸਿੱਟੇ ਵਜੋਂ ਅਗਲੇ ਦਿਨ ਅਮਰੀਕਾ ਨੇ ਜਾਪਾਨ ਖਿਲਾਫ਼ ਜੰਗ ਦਾ ਐਲਾਨ ਕਰ ਦਿੱਤਾ, ਇਸ ਤੋਂ ਕੁਝ ਦਿਨ ਬਾਅਦ ਬਰਤਾਨੀਆ ਅਤੇ ਫਰਾਂਸ ਨੇ ਵੀ ਜਾਪਾਨ ਖਿਲਾਫ਼ ਯੁੱਧ ਦਾ ਐਲਾਨ ਕਰ ਦਿੱਤਾ। ਇਸ ਸਾਰੇ ਘਟਨਾ-ਕ੍ਰਮ ਦੇ ਸਿੱਟੇ ਵਜੋਂ ਆਖਰ ਜਾਪਾਨ ਦਾ ਪਾਸਾ ਪੁੱਠਾ ਪੈਣ ਲੱਗਾ। ਚਾਹੇ ਕੁਝ ਸਮਾਂ ਤਾਂ ਹਿਟਲਰ ਦੀਆਂ ਫੌਜਾਂ ਵਾਂਗ ਜਾਪਾਨੀ ਫੌਜਾਂ ਵੀ ਪੂਰਬੀ ਏਸ਼ੀਆ ਵਿੱਚ ਤਬਾਹੀ ਦਾ ਤਾਂਡਵ ਰਚਾਉਂਦੀਆਂ ਰਹੀਆਂ ਪਰ ਆਖਰ ਜਾਪਾਨ ਨੂੰ ਵੱਖ ਵੱਖ ਮੋਰਚਿਆਂ 'ਤੇ ਪਛਾੜਾਂ ਮਿਲਣ ਲੱਗੀਆਂ। ਜਿਵੇਂ ਕਿ ਇਤਿਹਾਸ ਦਾ ਹਰ ਜਾਣਕਾਰ ਜਾਣਦਾ ਹੈ ਕਿ 6 ਅਤੇ 9 ਅਗਸਤ 1945 ਨੂੰ ਜਾਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਐਟਮ ਬੰਬ ਸੁੱਟੇ ਗਏ ਜਿਸ ਉਪਰੰਤ ਸਤੰਬਰ 1945 ਵਿੱਚ ਜਾਪਾਨੀ ਫੌਜਾਂ ਨੇ ਹਥਿਆਰ ਸੁੱਟ ਦਿੱਤੇ। ਪਰ ਅਮਰੀਕਾ ਵੱਲੋਂ ਬੰਬ ਸੁੱਟਣ ਦੀ ਇਹ ਕਾਰਵਾਈ ਜਾਪਾਨ ਖਿਲਾਫ਼ ਨਹੀਂ ਸਗੋਂ ਸਮੁੱਚੀ ਮਨੁੱਖਤਾ ਖਿਲਾਫ਼ ਸੀ ਕਿਉਂਕਿ ਜਾਪਾਨ ਤਾਂ ਪਹਿਲਾਂ ਹੀ ਹਾਰ ਚੁੱਕਾ ਸੀ। ਉਸ ਦੀ ਹਾਰ ਤਾਂ ਫਾਸ਼ਿਜ਼ਮ ਖਿਲਾਫ਼ ਲੜ ਰਹੇ ਲੱਖਾਂ ਲੋਕਾਂ ਵੱਲੋਂ ਇਤਿਹਾਸ ਦੇ ਪੰਨਿਆਂ ਉੱਤੇ ਪਹਿਲਾਂ ਹੀ ਲਿਖ ਦਿੱਤੀ ਗਈ ਸੀ।

ਇਹ ਨਹੀਂ ਕਿ ਇਸ ਟਾਕਰੇ ਦੀ ਜੰਗ ਦੌਰਾਨ ਕਮਿਊਨਿਸਟਾਂ ਅਤੇ ਕੌਮਿਨਤਾਂਗ ਵਿਚਕਾਰ ਸਾਰਾ ਰੌਲਾ ਮੁੱਕਿਆ ਹੋਇਆ ਸੀ। ਕੌਮਿਨਤਾਂਗ ਦਾ ਅਸਲ ਨਿਸ਼ਾਨਾ ਜਾਪਾਨ ਤੋਂ ਬਚਣ ਬਾਅਦ ਕਮਿਊਨਿਸਟਾਂ ਨੂੰ ਖਤਮ ਕਰਨ ਦਾ ਹੀ ਸੀ।

ਉਹ ਲੋਕਾਂ ਦੇ ਦਬਾਅ ਹੇਠ ਜਾਪਾਨ ਨਾਲ ਤਾਂ ਲੜ ਰਹੀ ਸੀ ਪਰ ਉਸ ਕੋਲ ਚੀਨੀ ਲੋਕਾਂ ਦੀ ਭਲਾਈ ਲਈ ਕੋਈ ਯੋਜਨਾ ਨਹੀਂ ਸੀ। ਦੂਜੇ ਪਾਸੇ ਮਾਓ ਅਤੇ ਉਸ ਦੇ ਸਾਥੀ ਇਸ ਜੰਗ ਦੌਰਾਨ ਵੀ ਆਪਣੇ ਪ੍ਰਭਾਵ ਹੇਠ ਆਉਂਦੇ ਇਲਾਕਿਆਂ ਵਿੱਚ ਆਪਣਾ ਪ੍ਰੋਗਰਾਮ ਲਾਗੂ ਕਰ ਰਹੇ ਸਨ। ਉਹ ਜਿਧਰ ਵੀ ਲੰਘਦੇ ਉਥੋਂ ਦੇ ਜਾਂਗੀਰਦਾਰ ਭੱਜ ਜਾਂਦੇ, ਉਨ੍ਹਾਂ ਦੀਆਂ ਜ਼ਮੀਨਾਂ ਭੂਮੀਹੀਣ ਕਿਸਾਨਾਂ ਨੂੰ ਵੰਡੀਆਂ ਜਾਣੀਆਂ, ਕਰਜੇ ਖਤਮ ਹੋ ਜਾਂਦੇ, ਨਿੱਤ ਦਿਹਾੜੀ ਦੇ ਜ਼ੁਲਮ ਬੰਦ ਹੋ ਜਾਂਦੇ, ਕੰਗਾਲ ਕਰਨ ਵਾਲੇ ਟੈਕਸ ਖਤਮ ਕਰ ਦਿੱਤੇ ਜਾਂਦੇ, ਔਰਤਾਂ ਦਾ ਸਸ਼ਕਤੀਕਰਨ ਕੀਤਾ ਜਾਂਦਾ। ਸਿੱਟੇ ਵਜੋਂ ਜੰਗ ਦੇ ਸਾਲਾਂ ਦੌਰਾਨ ਕਮਿਊਨਿਸਟਾਂ ਦੀ ਤਾਕਤ ਵਿੱਚ ਭਾਰੀ ਵਾਧਾ ਹੋਇਆ। ਚੀਨੀ ਕਮਿਊਨਿਸਟ ਪਾਰਟੀ ਦੀ ਮੈਂਬਰਸ਼ਿੱਪ, ਜੋ 1937 ਵਿੱਚ ਇੱਕ ਲੱਖ ਦੇ ਲਗਪੱਗ ਸੀ, ਉਹ 1945 ਤੱਕ ਵਧ ਕੇ 12 ਲੱਖ 'ਤੇ ਪਹੁੰਚ ਗਈ। ਕਮਿਊਨਿਸਟਾਂ ਦਾ ਇਹ ਵਧਦਾ ਪ੍ਰਭਾਵ ਚਿਆਂਗ ਕਾਈ ਸ਼ੇਕ ਅਤੇ ਉਸ ਦੇ ਫੌਜੀ ਜਰਨੈਲਾਂ ਲਈ ਹਜ਼ਮ ਕਰਨਾ ਔਖਾ ਸੀ। ਇਸ ਵਿਚੋਂ ਉਨ੍ਹਾਂ ਨੂੰ ਆਪਣਾ ਅੰਤ ਦਿਖਾਈ ਦਿੰਦਾ ਸੀ। ਇਸ ਤੋਂ ਘਬਰਾ ਕੇ ਉਹ ਅਕਸਰ ਕਮਿਊਨਿਸਟਾਂ ਉੱਤੇ ਹਮਲੇ ਕਰਦੇ ਪਰ ਹੁਣ ਉਨ੍ਹਾਂ ਨੂੰ ਅੱਗੋਂ ਵੀ ਕਰਾਰਾ ਜਵਾਬ ਮਿਲਦਾ। 1941 ਬਾਅਦ ਜਦ ਜਾਪਾਨ ਨੂੰ ਕੁਝ ਠੱਲ੍ਹ ਪੈ ਗਈ ਤਾਂ ਉਸ ਤੋਂ ਬਾਅਦ ਆਪਸੀ ਟੱਕਰਾਂ ਵਿੱਚ ਵਾਧਾ ਹੋਣ ਲੱਗਾ। ਮਾਓ ਹੋਰਾਂ ਨੂੰ ਪਤਾ ਸੀ ਕਿ ਜਾਪਾਨ ਖਿਲਾਫ਼ ਜੰਗ ਜਿੱਤ ਲੈਣ ਬਾਅਦ ਵੀ ਉਨ੍ਹਾਂ ਦੀ ਜੰਗ ਖਤਮ ਨਹੀਂ ਹੋਣ ਵਾਲੀ। ਉਨ੍ਹਾਂ ਦੀ ਜੰਗ ਤਾਂ ਲੁੱਟ ਅਧਾਰਿਤ ਉਸ ਸਿਸਟਮ ਦੇ ਖਾਤਮੇ ਨਾਲ ਜੁੜੀ ਹੋਈ ਹੈ ਜਿਸ ਵਿਚੋਂ ਕਦੇ ਚੀਨ ਦੇ ਜਾਲਮ ਜੰਗੀ ਸਰਦਾਰ ਪੈਦਾ ਹੁੰਦੇ ਹਨ, ਕਦੇ ਚਿਆਂਗ ਕਾਈ ਸ਼ੇਕ ਵਰਗੇ ਲੋਕਾਂ ਦੇ ਦੁਸ਼ਮਣ ਅਤੇ ਕਦੇ ਜਾਪਾਨ ਦੇ ਟੋਜੋ ਵਰਗੇ ਫਾਸ਼ਿਸਟ। ਸੋ 1945 ਵਿੱਚ ਜਾਪਾਨ ਦੇ ਹਥਿਆਰ ਸੁੱਟ ਦੇਣ ਬਾਅਦ ਮਾਓ ਦੀ ਅਗਵਾਈ ਵਿੱਚ ਕਮਿਊਨਿਸਟਾਂ ਅਤੇ ਕੌਮਿਨਤਾਂਗ ਵਿਚਕਾਰ ਸੱਤਾ ਲਈ ਆਖਰੀ ਲੜਾਈ ਸ਼ੁਰੂ ਹੋ ਗਈ।

ਚਾਹੇ ਜਾਪਾਨ ਨਾਲ ਜੰਗ ਦੌਰਾਨ ਕਮਿਊਨਿਸਟਾਂ ਦੇ ਪ੍ਰਭਾਵ ਅਤੇ ਫੌਜੀ ਸ਼ਕਤੀ ਵਿੱਚ ਵੱਡਾ ਵਾਧਾ ਹੋਇਆ ਸੀ ਫਿਰ ਵੀ ਜੰਗ ਦੇ ਖਾਤਮੇ ਸਮੇਂ ਚਿਆਂਗ ਕਾਈ ਸ਼ੇਕ ਦੀ ਫੌਜੀ ਸ਼ਕਤੀ ਕਮਿਊਨਿਸਟਾਂ ਨਾਲੋਂ ਕਾਫੀ ਜਿਆਦਾ ਸੀ। ਕਮਿਊਨਿਸਟ ਚੀਨ ਦੇ ਉੱਤਰ ਅਤੇ ਉੱਤਰੀ ਪੱਛਮੀ ਇਲਾਕੇ ਉੱਤੇ ਕਾਬਜ ਸਨ ਪਰ ਬਾਕੀ ਚੀਨ ਦੇ ਵਡੇਰੇ ਹਿੱਸੇ ਉੱਤੇ ਚਿਆਂਗ ਦੀ ਹੀ ਹਕੂਮਤ ਸੀ। 'ਦ ਚਾਈਨਾ ਸਿਵਲ ਵਾਰ' ਦੇ ਲੇਖਕ ਮਾਈਕਲ ਲਿੰਚ ਵੱਲੋਂ ਦਿੱਤੇ ਅੰਕੜਿਆਂ ਮੁਤਾਬਿਕ ਜੰਗ ਉਪਰੰਤ 1945 ਵਿੱਚ ਕਮਿਊਨਿਸਟਾਂ ਕੋਲ 12 ਲੱਖ 70 ਹਜਾਰ ਲੜਾਕੇ ਸਨ ਜਦ ਕਿ ਕੌਮਿਨਤਾਂਗੀ ਫੌਜ ਦੀ ਗਿਣਤੀ 43 ਲੱਖ ਸੀ। ਇਸ ਮੌਕੇ ਸਟਾਲਿਨ ਨੇ ਵੀ ਮਾਓ ਨੂੰ ਇਹ ਰਾਇ

ਦਿੱਤੀ ਕਿ ਤੁਸੀਂ ਉਤਰੀ ਚੀਨ ਉੱਤੇ ਆਪਣੇ ਕਬਜੇ ਨੂੰ ਹੀ ਪੱਕਾ ਕਰੋ ਦੱਖਣੀ ਚੀਨ ਕੌਮਿਨਤਾਂਗ ਨੂੰ ਛੱਡ ਦਿਓ, ਪਰ ਮਾਓ ਦੀ ਚੀਨ ਦੀਆਂ ਹਾਲਤਾਂ ਉੱਤੇ ਵੱਧ ਪਕੜ ਸੀ, ਉਸ ਨੇ ਸਟਾਲਿਨ ਦੀ ਸਲਾਹ ਨੂੰ ਅਣਗੌਲਿਆਂ ਕਰ ਦਿੱਤਾ ਅਤੇ ਜੰਗ ਜਾਰੀ ਰੱਖੀ। ਬਾਅਦ ਵਿੱਚ (ਫਰਵਰੀ 1948) ਬੁਲਗਾਰੀਆ ਅਤੇ ਯੁਗੋਸਲਾਵੀਆ ਦੇ ਪਾਰਟੀ ਆਗੂਆਂ ਨਾਲ ਗੱਲਬਾਤ ਕਰਦੇ ਹੋਏ ਸਟਾਲਿਨ ਨੇ ਮੰਨਿਆ ਕਿ ਇਸ ਮਾਮਲੇ ਵਿੱਚ ਚੀਨੀ ਕਮਿਊਨਿਸਟ ਠੀਕ ਸਨ ਅਤੇ ਉਸ ਦਾ ਅੰਦਾਜਾ ਗਲਤ ਸੀ। ਉਸ ਦੇ ਸ਼ਬਦ ਸਨ, "ਠੀਕ ਹੈ, ਅਸੀਂ ਵੀ ਗਲਤੀ ਕਰ ਸਕਦੇ ਹਾਂ। ਜਿਵੇਂ ਕਿ, ਜਦੋਂ ਜਾਪਾਨ ਨਾਲ ਜੰਗ ਖਤਮ ਹੋਈ ਤਾਂ ਅਸੀਂ ਚੀਨੀ ਕਾਮਰੇਡਾਂ ਨੂੰ ਚਿਆਂਗ ਕਾਈ ਸ਼ੇਕ ਨਾਲ ਕੋਈ ਸਮਝੌਤਾ ਕਰਨ ਲਈ ਕਿਹਾ। ਉਹ ਸਾਡੇ ਕੋਲ ਗੱਲੀਂਬਾਤੀਂ ਤਾਂ ਮੰਨ ਗਏ ਪਰ ਅਮਲ ਵਿੱਚ ਉਹ ਆਪਣੀ ਮਰਜੀ ਅਨੁਸਾਰ ਹੀ ਚਲਦੇ ਰਹੇ। ਵਾਪਸ ਜਾ ਕੇ ਉਨ੍ਹਾਂ ਆਪਣੀ ਤਾਕਤ ਇਕੱਠੀ ਕੀਤੀ ਅਤੇ ਹੱਲਾ ਬੋਲ ਦਿੱਤਾ। ਹੁਣ ਸਿੱਧ ਹੋ ਗਿਆ ਹੈ ਕਿ ਉਹ ਹੀ ਠੀਕ ਸਨ, ਨਾ ਕਿ ਅਸੀਂ।"

ਅਸਲ ਵਿੱਚ ਕੌਮਿਨਤਾਂਗੀ ਫੌਜਾਂ ਕੋਲ ਲੜਾਈ ਦਾ ਕੋਈ ਉਦੇਸ਼ ਨਹੀਂ ਸੀ ਨਾ ਹੀ ਉਸ ਦੀ ਲੀਡਰਸ਼ਿਪ ਕੋਲ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੋਈ ਭਵਿੱਖ ਨਕਸ਼ਾ ਸੀ ਜਦ ਕਿ ਲਾਲ ਫੌਜ ਇੱਕ ਵਧੀਆ ਸਮਾਜ ਉਸਾਰਨ ਦਾ ਸੁਪਨਾ ਲੈ ਕੇ ਲੜ ਰਹੀ ਸੀ। ਸੋ ਚਿਆਂਗ ਕਾਈ ਸ਼ੇਕ ਵੱਲੋਂ ਪੂਰਾ ਜੋਰ ਲਾਉਣ ਦੇ ਬਾਵਜੂਦ ਸਥਿਤੀ ਉਸ ਦੇ ਉਲਟ ਹੁੰਦੀ ਗਈ। ਇੱਕ ਤੋਂ ਬਾਅਦ ਇੱਕ ਟਿਕਾਣੇ ਉੱਤੇ ਕਮਿਊਨਿਸਟਾਂ ਦਾ ਕਬਜਾ ਹੁੰਦਾ ਗਿਆ, ਕੌਮਿਨਤਾਂਗੀ ਪਿੱਛੇ ਹਟਦੇ ਗਏ ਅਤੇ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਫੌਜੀ ਲਾਲ ਫੌਜ ਵਿੱਚ ਰਲਦੇ ਗਏ। ਸਿੱਟੇ ਵਜੋਂ ਤਾਕਤ ਦਾ ਤਵਾਜ਼ਨ ਬਹੁਤ ਤੇਜੀ ਨਾਲ ਕਮਿਊਨਿਸਟਾਂ ਦੇ ਹੱਕ ਵਿੱਚ ਹੁੰਦਾ ਗਿਆ ਅਤੇ ਆਖਰ ਇੱਕ ਅਕਤੂਬਰ1949 ਨੂੰ ਚੀਨ ਦੀ ਰਾਜਸੀ ਸੱਤਾ ਮੁਕੰਮਲ ਤੌਰ 'ਤੇ ਕਮਿਊਨਿਸਟਾਂ ਦੇ ਹੱਥ ਆ ਗਈ ਅਤੇ ਚਿਆਂਗ ਕਾਈ ਸ਼ੇਕ ਦਾ ਰਾਜ ਤਾਇਵਾਨ ਦੇ ਟਾਪੂ ਤੱਕ ਸਿਮਟ ਕੇ ਰਹਿ ਗਿਆ। ਇਹ ਮਨੁੱਖਤਾ ਦੇ ਇਤਿਹਾਸ ਵਿੱਚ ਇੱਕ ਮਹਾਨ ਘਟਨਾ ਸੀ ਜਿਸ ਨੇ ਨਾ ਸਿਰਫ ਚੀਨ ਦੇ ਲੋਕਾਂ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ ਬਲਕਿ ਦੁਨੀਆ ਦੀ ਸਿਆਸਤ ਅਤੇ ਇਨਕਲਾਬੀ ਲਹਿਰਾਂ ਉੱਤੇ ਵੀ ਵੱਡਾ ਅਸਰ ਪਾਇਆ।

***

# ਇਨਕਲਾਬ ਤੋਂ ਬਾਅਦ

ਮਾਓ ਜ਼ੇ ਤੁੰਗ ਅੱਗੇ ਇਨਕਲਾਬ ਤੋਂ ਬਾਅਦ ਪਹਿਲਾ ਕਾਰਜ ਚੀਨ ਨੂੰ ਵਿਕਾਸ ਦੇ ਰਾਹ ਉੱਤੇ ਤੋਰਨ ਦਾ ਸੀ, ਲੋਕਾਂ ਦੇ ਉਹ ਸੁਪਨੇ ਪੂਰੇ ਕਰਨ ਦਾ ਸੀ ਜੋ ਚੀਨੀ ਕਮਿਊਨਿਸਟਾਂ ਨੇ ਉਨ੍ਹਾਂ ਦੀਆਂ ਅੱਖਾਂ ਵਿੱਚ ਜਗਾਏ ਸਨ। ਚੀਨ ਵੀ ਉਹ ਜਿਸ ਦੀ ਆਬਾਦੀ ਜਿਆਦਾ ਸੀ ਅਤੇ ਖੇਤੀ ਪੈਦਾਵਾਰ ਘੱਟ ਸੀ, ਜਿੱਥੇ ਭੁੱਖਮਰੀ, ਗਰੀਬੀ, ਅਣਪੜ੍ਹਤਾ ਅਤੇ ਰੂੜ੍ਹੀਵਾਦੀ ਰਸਮਾਂ ਦਾ ਰਾਜ ਰਿਹਾ ਸੀ। ਉਪਰੋਂ ਪਿਛਲੇ 20-25 ਸਾਲ ਤੋਂ ਖਾਨਾਜੰਗੀ ਅਤੇ ਜਾਪਾਨੀ ਹਮਲੇ ਨੇ ਤਬਾਹੀ ਮਚਾ ਰੱਖੀ ਸੀ। ਇਨ੍ਹਾਂ ਹਾਲਤਾਂ ਵਿੱਚ ਪੁਨਰ ਉਸਾਰੀ ਦਾ ਕਾਰਜ ਕਰਨਾ ਸੀ ਅਤੇ ਲੰਮੀ ਜੰਗ ਵਿੱਚ ਥੱਕੀ ਲਾਲ ਫੌਜ ਨੂੰ ਵੀ ਜਿੱਤ ਦੇ ਮਾਹੌਲ ਵਿੱਚ ਹੁਣ ਆਰਾਮ ਦਾ ਮੌਕਾ ਦੇਣਾ ਸੀ। ਪਰ ਕੁਝ ਮਹੀਨਿਆਂ ਬਾਅਦ ਹੀ ਇਸ ਨੂੰ ਕੋਰੀਆ ਵਿੱਚ ਭਰਾਤਰੀ ਮਦਦ ਲਈ ਜਾਣਾ ਪਿਆ।

ਕੋਰੀਆ, ਚੀਨ ਅਤੇ ਜਾਪਾਨ ਦੇ ਵਿਚਕਾਰ ਪੈਂਦਾ ਛੋਟਾ ਜਿਹਾ ਦੇਸ਼ ਹੈ ਜੋ ਚੀਨ ਨਾਲ ਜਮੀਨੀ ਤੌਰ ’ਤੇ ਜੁੜਿਆ ਹੋਇਆ ਹੈ ਅਤੇ ਜਾਪਾਨ ਵੱਲ ਸਮੁੰਦਰ ਕੋਰੀਆ ਅਤੇ ਜਾਪਾਨ ਨੂੰ ਵੱਖ ਕਰਦਾ ਹੈ। ਸੰਸਾਰ ਜੰਗ ਮੁੱਕਣ ’ਤੇ ਕੋਰੀਆ ਦੇ ਉਤਰੀ ਹਿੱਸੇ ਵਿੱਚ ਰੂਸ ਦੀ ਸਹਾਇਤਾ ਨਾਲ ਕਿਮ ਉਲ ਸੁੰਗ ਦੀ ਅਗਵਾਈ ਹੇਠ ਕਮਿਊਨਿਸਟ ਸੱਤਾ ਕਾਇਮ ਹੋ ਗਈ ਜਦ ਕਿ ਦੱਖਣੀ ਹਿੱਸੇ ਵਿੱਚ ਅਮਰੀਕਾ ਅਤੇ ਬ੍ਰਿਟੇਨ ਦੇ ਪੱਖ ਦੀ ਸਰਕਾਰ ਆ ਗਈ। ਇਨ੍ਹਾਂ ਦੋਹਵਾਂ ਹਿੱਸਿਆਂ ਵਿਚਕਾਰ ਲੜਾਈ ਛਿੜ ਗਈ ਜਿਸ ਵਿੱਚ ਪਹਿਲਾਂ ਤਾਂ ਉਤਰੀ ਕੋਰੀਆ ਦੀਆਂ ਫੌਜਾਂ ਦੱਖਣੀ ਕੋਰੀਆ ਵਿੱਚ ਬਹੁਤ ਅੱਗੇ ਵਧ ਗਈਆਂ ਪਰ ਆਪਣੀ ਕਠਪੁਤਲੀ ਸਰਕਾਰ ਨੂੰ ਹਾਰਦਿਆਂ ਦੇਖ ਕੇ ਅਮਰੀਕਾ ਨੇ ਆਪਣੀਆਂ ਫੌਜਾਂ ਭੇਜ ਦਿੱਤੀਆਂ ਅਤੇ ਉਤਰੀ ਹਿੱਸੇ ਉੱਤੇ ਬਹੁਤ ਭਿਆਨਕ ਬੰਬਾਰੀ ਸ਼ੁਰੂ ਕਰ ਦਿੱਤੀ। ਕਿਸੇ ਕਮਿਊਨਿਸਟ ਦੇਸ਼ ਨੂੰ ਅਮਰੀਕਾ ਵੱਲੋਂ ਇਉਂ ਕੁਚਲੇ ਜਾਣਾ ਕੌਮਾਂਤਰੀ ਕਮਿਊਨਿਸਟ ਲਹਿਰ ਲਈ ਬਹੁਤ ਨਮੋਸ਼ੀ ਵਾਲੀ ਗੱਲ ਸੀ। ਇਸ ’ਤੇ ਸਟਾਲਿਨ ਨੇ ਮਾਓ ਜ਼ੇ ਤੁੰਗ ਨੂੰ ਤਾਰ ਭੇਜ ਕੇ ਕਿਹਾ ਕਿ ਚੀਨ ਉਤਰੀ ਕੋਰੀਆ ਦੀ ਮਦਦ ਲਈ ਆਪਣੀਆਂ ਫੌਜਾਂ ਭੇਜੇ ਕਿਉਂਕਿ ਚੀਨ ਦੀ

ਸਰਹੱਦ ਕੋਰੀਆ ਦੇ ਨਾਲ ਲਗਦੀ ਹੈ। ਦੂਜੇ ਪਾਸੇ ਕਿਮ ਇਲ ਸੁੰਗ ਵੀ ਮਦਦ ਲਈ ਚੀਨ ਨੂੰ ਅਪੀਲਾਂ ਕਰ ਰਿਹਾ ਸੀ। ਮਾਓ ਨੂੰ ਇਸ ਕੰਮ ਲਈ ਕੁਝ ਹਿਚਕਚਾਹਟ ਸੀ ਕਿਉਂਕਿ ਲਾਲ ਫੌਜ ਪਹਿਲਾਂ ਹੀ ਬਹੁਤ ਕੁਰਬਾਨੀਆਂ ਕਰ ਚੁੱਕੀ ਸੀ ਪਰ ਵੱਡੇ ਭਾਈ ਦੀ ਮੰਨਣੀ ਪੈਣੀ ਸੀ ਅਤੇ ਕੋਰੀਆ ਨੂੰ ਅਮਰੀਕੀ ਸਾਮਰਾਜ ਤੋਂ ਬਚਾਉਣ ਦਾ ਵੀ ਮਸਲਾ ਸੀ। ਸੋ ਮਾਓ ਨੇ ਪਾਰਟੀ ਵਿੱਚ ਕੋਰੀਆ ਦੀ ਮਦਦ ਵਿੱਚ ਫੌਜਾਂ ਭੇਜਣ ਦੀ ਤਜਵੀਜ਼ ਰੱਖੀ, ਬਹੁਤੇ ਪੋਲਿਟ ਬਿਓਰੋ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ ਕਿ ਦੂਜੇ ਦੇਸ਼ ਵਿੱਚ ਜਾ ਕੇ ਅਮਰੀਕਾ ਨਾਲ ਪੰਗਾ ਲੈਣਾ ਠੀਕ ਨਹੀਂ। ਪਰ ਮਾਓ ਨੇ ਦਲੀਲ ਦਿੱਤੀ ਕਿ ਜੇ ਅਮਰੀਕੀ ਫੌਜਾਂ ਸਾਰੇ ਉਤਰੀ ਕੋਰੀਆ 'ਤੇ ਕਬਜਾ ਕਰ ਲੈਂਦੀਆਂ ਹਨ ਤਾਂ ਉਨ੍ਹਾਂ ਅੱਗੇ ਚੀਨ ਵਿੱਚ ਵੀ ਦਖਲਅੰਦਾਜੀ ਕਰਨ ਦਾ ਰਾਹ ਖੁੱਲ੍ਹ ਜਾਵੇਗਾ। ਚਾਓ ਐਨ ਲਾਈ [6] ਅਤੇ ਪੈਂਗ ਤੇਹ ਹੁਈ [7] ਨੇ ਮਾਓ ਦੇ ਹੱਕ ਵਿੱਚ ਸਟੈਂਡ ਲਿਆ ਅਤੇ ਪਾਰਟੀ ਇਸ ਫੈਸਲੇ ਨਾਲ ਸਹਿਮਤ ਹੋ ਗਈ।

ਇਸ ਤਰ੍ਹਾਂ ਇਨਕਲਾਬ ਤੋਂ ਠੀਕ ਇੱਕ ਸਾਲ ਬਾਅਦ ਅਕਤੂਬਰ 1950 ਵਿੱਚ ਚੀਨ ਨੇ ਆਪਣੀਆਂ ਫੌਜਾਂ ਕੋਰੀਆ ਭੇਜ ਦਿੱਤੀਆਂ। ਲਾਲ ਫੌਜ ਗੁਰੀਲਾ ਯੁੱਧ ਵੇਲੇ ਦੇ ਆਪਣੇ ਪੁਰਾਣੇ ਤਜਰਬੇ ਨੂੰ ਵਰਤਦੀ ਹੋਈ ਰਾਤਾਂ ਨੂੰ ਸਫਰ ਕਰਦੀ ਹੋਈ ਕੋਰੀਆ ਪੁੱਜੀ ਸੀ ਜਿਸ ਕਰਕੇ ਅਮਰੀਕੀ ਜਹਾਜਾਂ ਨੂੰ ਇਹ ਪਤਾ ਹੀ ਨਾ ਲੱਗਾ ਕਿ ਚੀਨੀ ਫੌਜ ਆ ਰਹੀ ਹੈ। ਇਸ ਅਚਨਚੇਤ ਹੋਈ ਦਖਲਅੰਦਾਜੀ ਨੇ ਅਮਰੀਕੀ ਫੌਜ ਦੀ ਭਾਜੜ ਪੁਆ ਦਿੱਤੀ ਅਤੇ ਥੋੜ੍ਹੇ ਸਮੇਂ ਵਿੱਚ ਹੀ ਚੀਨੀ ਅਤੇ ਉਤਰੀ ਕੋਰੀਆ ਦੀਆਂ ਫੌਜਾਂ ਉਨ੍ਹਾਂ ਧੱਕ ਕੇ ਧੁਰ ਦੱਖਣ ਵੱਲ ਲੈ ਗਈਆਂ। ਬਾਅਦ ਵਿੱਚ ਹਮਲੇ ਜਵਾਬੀ ਹਮਲੇ ਹੁੰਦੇ ਰਹੇ, ਅਮਰੀਕੀ ਬੰਬਾਰੀ ਨੇ ਸਾਰਾ ਉਤਰੀ ਕੋਰੀਆ ਤਬਾਹ ਕਰ ਦਿੱਤਾ ਪਰ ਉਸ ਨੂੰ ਯੁੱਧ ਵਿੱਚ ਸਫਲਤਾ ਨਾ ਮਿਲ ਸਕੀ। ਆਪਣੀ ਅਸਫਲਤਾ ਦੇਖ ਕੇ ਅਮਰੀਕਾ ਨੇ ਚੀਨ ਉੱਤੇ ਪ੍ਰਮਾਣੂ ਬੰਬ ਸੁੱਟਣ ਦੀਆਂ ਧਮਕੀਆਂ ਵੀ ਦਿੱਤੀਆਂ ਪਰ ਚੀਨ ਨੇ ਇਨ੍ਹਾਂ ਧਮਕੀਆਂ ਦਾ ਕੋਈ ਅਸਰ ਨਾ ਕਬੂਲਿਆ। ਆਖਰ ਜੁਲਾਈ 1953 ਵਿੱਚ ਜੰਗਬੰਦੀ ਹੋ ਗਈ ਜਿਸ ਤਹਿਤ ਅਕਸ਼ਾਂਸ਼ ਰੇਖਾ $38^0$ (Latitude line $38^0$) ਨੂੰ ਕੋਰੀਆ ਦੇ ਦੋਹਾਂ ਹਿੱਸਿਆਂ ਵਿਚਕਾਰ ਸਰਹੱਦ ਮੰਨ ਲਿਆ ਗਿਆ। ਉਤਰੀ ਕੋਰੀਆ ਉੱਤੇ ਕਿਮ ਇਲ ਸੁੰਗ ਦੀ ਸੱਤਾ ਬਰਕਰਾਰ ਰਹੀ। (ਚਾਹੇ ਬਾਅਦ ਵਿੱਚ ਉਹ ਉਮਰ ਭਰ ਲਈ ਡਿਕਟੇਟਰ ਬਣ ਗਿਆ ਅਤੇ ਆਪਣੇ ਵੱਖਰੇ ਕਿਸਮ ਦੇ ਕੋਰੀਆਈ ਸਮਾਜਵਾਦ ਦੀ ਫਿਲਾਸਫ਼ੀ ਦੇ ਕੇ ਕੌਮਾਂਤਰੀ ਕਮਿਊਨਿਸਟ ਲਹਿਰ ਨਾਲੋਂ ਵੀ ਟੁੱਟ ਗਿਆ।)

ਇਸ ਲੜਾਈ ਵਿੱਚ ਲਾਲ ਫੌਜ ਦੇ ਹੋਰ ਹਜਾਰਾਂ ਸਿਪਾਹੀਆਂ ਨਾਲ ਮਾਓ ਜ਼ੇ ਤੁੰਗ ਦਾ ਵੱਡਾ ਪੁੱਤਰ ਮਾਓ ਐਨੀਇੰਗ ਵੀ ਮੌਤ ਦਾ ਸ਼ਿਕਾਰ ਹੋ ਗਿਆ। ਮਾਓ ਨੇ ਇਸ ਮੌਕੇ ਉੱਤੇ ਆਪਣੇ ਜਨਤਕ ਸੰਬੋਧਨ ਵਿੱਚ ਕਿਹਾ, "ਜੰਗ ਵਿੱਚ ਕੁਰਬਾਨੀਆਂ

ਤਾਂ ਹੋਣੀਆਂ ਹੀ ਹੁੰਦੀਆਂ ਹਨ। ਮੇਰੇ ਪੁੱਤਰ ਦੀ ਕੁਰਬਾਨੀ ਜਾਂ ਹੋਰ ਲੋਕਾਂ ਦੇ ਪੁੱਤਰਾਂ ਦੀ ਕੁਰਬਾਨੀ ਬਿਲਕੁਲ ਇਕੋ ਚੀਜ ਹੈ। ਸੰਸਾਰ ਵਿੱਚ ਕੋਈ ਅਜਿਹੇ ਮਾਪੇ ਨਹੀਂ ਹਨ ਜੋ ਆਪਣੇ ਬੱਚਿਆਂ ਨੂੰ ਪਿਆਰ ਨਾ ਕਰਦੇ ਹੋਣ.... । ਬਹੁਤ ਸਾਰੇ ਲੋਕ ਹਨ ਜਿਨ੍ਹਾਂ ਦੇ ਬੱਚਿਆਂ ਨੇ ਇਨਕਲਾਬ ਲਈ ਆਪਣੀ ਜਾਨ ਕੁਰਬਾਨ ਕੀਤੀ ਹੈ। ਉਨ੍ਹਾਂ ਨੂੰ ਧਰਵਾਸ ਦੀ ਲੋੜ ਹੈ, ਅਤੇ ਸਾਨੂੰ ਉਨ੍ਹਾਂ ਪ੍ਰਤੀ ਵੱਧ ਧਿਆਨ ਦੇਣਾ ਚਾਹੀਦਾ ਹੈ।" ਇਹ ਨਹੀਂ ਕਿ ਮਾਓ ਕੋਈ ਭਾਵਨਾਵਾਂ ਤੋਂ ਰਹਿਤ ਇਨਸਾਨ ਸੀ, ਉਸ ਲਈ ਨਿੱਜੀ ਤੌਰ 'ਤੇ ਇਹ ਸਦਮਾਜਨਕ ਖ਼ਬਰ ਸੀ ਕਿਉਂਕਿ ਹੁਣ ਹੀ ਮਾਓ ਅਤੇ ਉਸ ਦੇ ਪੁੱਤਰ ਪਰਿਵਾਰਕ ਤੌਰ 'ਤੇ ਇਕੱਠੇ ਰਹਿਣ ਲੱਗੇ ਸਨ। ਪਰ ਉਸ ਲਈ ਆਪਣਾ ਪਰਿਵਾਰ ਅਤੇ ਬੱਚੇ, ਆਪਣੇ ਲੋਕਾਂ ਤੋਂ ਵੱਖਰੇ ਜਾਂ ਵਿਸ਼ੇਸ਼ ਨਹੀਂ ਸਨ। ਆਪਣੇ ਪਤੀ ਦੀ ਮੌਤ ਤੋਂ ਬਾਅਦ ਮਾਓ ਦੀ ਨੂੰਹ ਲੀਊ ਸੌਂਗਲਿਨ ਕਾਫੀ ਸਾਲ ਪਰਿਵਾਰ ਨਾਲ ਹੀ ਰਹਿੰਦੀ ਰਹੀ। ਉਸ ਨੇ ਆਪਣੀਆਂ ਯਾਦਾਂ ਵਿੱਚ ਲਿਖਿਆ ਕਿ ਕਿਵੇਂ ਮਾਓ ਉਸ ਦਾ ਬਹੁਤ ਖਿਆਲ ਰਖਦਾ ਰਿਹਾ ਅਤੇ ਉਹ ਦੋਵੇਂ ਐਨੀਇੰਗ ਨੂੰ ਅਕਸਰ ਯਾਦ ਕਰਦੇ ਰਹਿੰਦੇ ਸਨ।

ਕੋਰੀਆਈ ਜੰਗ ਵਿੱਚ ਸਫਲਤਾ ਨਾਲ ਮਾਓ ਅਤੇ ਚੀਨੀ ਕਮਿਊਨਿਸਟ ਪਾਰਟੀ ਦਾ ਰੁਤਬਾ ਚੀਨ ਵਿੱਚ ਅਤੇ ਕੌਮਾਂਤਰੀ ਕਮਿਊਨਿਸਟ ਘੇਰੇ ਵਿੱਚ ਬਹੁਤ ਵਧ ਗਿਆ। ਕਿਉਂਕਿ ਇਨਕਲਾਬ ਤੋਂ ਪਹਿਲਾਂ, ਚੀਨ ਨੂੰ ਫੌਜੀ ਪੱਖੋਂ ਬਹੁਤ ਨਿਕੰਮਾ ਸਮਝਿਆ ਜਾਂਦਾ ਸੀ ਜਿਸ ਨੂੰ ਹਰੇਕ ਦੇਸ਼ ਆ ਕੇ ਕੁੱਟ ਜਾਂਦਾ ਸੀ, ਜਦ ਕਿ ਹੁਣ ਉਸ ਦੀਆਂ ਫੌਜਾਂ ਨੇ ਦੂਜੇ ਦੇਸ਼ ਵਿੱਚ ਜਾ ਕੇ ਅਮਰੀਕਾ ਵਰਗੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਦੀਆਂ ਫੌਜਾਂ ਨੂੰ ਅੱਗੇ ਲਾਈ ਰੱਖਿਆ। ਦੂਜੇ ਪਾਸੇ ਸਟਾਲਿਨ ਵੀ ਮਾਓ ਨੂੰ ਬਹੁਤ ਭਰੋਸੇਯੋਗ ਅਤੇ ਕਾਬਲ ਕਮਿਊਨਿਸਟ ਆਗੂ ਮੰਨਣ ਲੱਗਾ।

– 0 –

ਇਨਕਲਾਬ ਬਾਅਦ ਸਾਰਾ ਚੀਨ ਨਵੀਂ ਉਸਾਰੀ ਲਈ ਜੋਸ਼ ਅਤੇ ਉਤਸ਼ਾਹ ਨਾਲ ਭਰਪੂਰ ਸੀ। ਜੰਗ ਨਾਲ ਭੰਨੇ ਹੋਣ ਦੇ ਬਾਵਜੂਦ ਮਾਓ ਦੀ ਅਗਵਾਈ ਹੇਠ ਚੀਨ ਵਿੱਚ ਕੁਝ ਸਾਲਾਂ ਵਿੱਚ ਹੀ ਨਵੀਂ ਸਰਕਾਰ ਦੀਆਂ ਪ੍ਰਾਪਤੀਆਂ ਦਿਖਾਈ ਦੇਣ ਲੱਗ ਪਈਆਂ ਸਨ। ਬੁਨਿਆਦੀ ਸਿੱਖਿਆ ਦਾ ਬਹੁਤ ਤੇਜੀ ਨਾਲ ਪਾਸਾਰ ਹੋਇਆ; ਪ੍ਰਾਇਮਰੀ ਸਕੂਲ ਜਾਣ ਵਾਲੇ ਬੱਚਿਆਂ ਦੀ ਗਿਣਤੀ ਜੋ 1949 ਵਿੱਚ 2 ਕਰੋੜ 40 ਲੱਖ ਸੀ ਉਹ ਪਹਿਲੀ ਪੰਜ ਸਾਲਾ ਯੋਜਨਾ ਦੇ ਅੰਤ ਤੱਕ (1957) ਵਧ ਕੇ 6 ਕਰੋੜ 40 ਲੱਖ ਹੋ ਗਈ। ਸਿਹਤ ਸਹੂਲਤਾਂ ਵਿੱਚ ਵੱਡਾ ਸੁਧਾਰ ਹੋਣ ਨਾਲ ਮੌਤ ਦਰ ਬਹੁਤ ਘਟ ਗਈ। ਇਸ ਬਾਰੇ ਅਮਰੀਕਨ ਵਿਦਵਾਨ ਜੌਨ੍ਹ ਕਿੰਗ ਫੇਅਰਬੈਂਕ ਦੇ ਸ਼ਬਦ ਵਰਣਨਯੋਗ ਹਨ। ਉਹ ਲਿਖਦਾ ਹੈ, '*ਇਥੇ ਇੱਕ ਸਮਰਪਿਤ ਸਰਕਾਰ ਸੀ ਜਿਸ ਨੇ*

ਚੀਜਾਂ ਨੂੰ ਸਚਮੁੱਚ ਹੀ ਸਾਫ ਕਰ ਦਿੱਤਾ ਸੀ - ਨਾ ਸਿਰਫ ਗਲੀਆਂ ਅਤੇ ਨਾਲੀਆਂ, ਬਲਕਿ ਮੰਗਤਿਆਂ, ਵੇਸਵਾਵਾਂ ਅਤੇ ਛੋਟੇ ਮੋਟੇ ਅਪਰਾਧੀਆਂ ਦੀ ਵੀ ਸਫਾਈ ਕਰ ਦਿੱਤੀ ਸੀ ਜਿਨ੍ਹਾਂ ਨੂੰ ਪਕੜ ਕੇ ਸਮਾਜ ਦੇ ਚੰਗੇ ਅੰਗ ਬਣਨ ਲਈ ਮੁੜ ਢਲਾਈ ਸ਼ੁਰੂ ਕਰ ਦਿੱਤੀ ਗਈ ਸੀ। ਇਥੇ ਹੁਣ ਇੱਕ ਨਵਾਂ ਚੀਨ ਹੈ ਜਿਸ 'ਤੇ ਉਹ ਮਾਣ ਕਰ ਸਕਦੇ ਹਨ। ਅਜਿਹਾ ਚੀਨ ਜਿਸ ਨੇ ਵਧਦੀਆਂ ਕੀਮਤਾਂ 'ਤੇ ਕਾਬੂ ਪਾ ਲਿਆ ਹੈ, ਵਿਦੇਸ਼ੀਆਂ ਦੀ ਲੁੱਟ ਖਤਮ ਕਰ ਦਿੱਤੀ ਹੈ, ਅਫੀਮ ਖਾਣਾ ਅਤੇ ਭ੍ਰਿਸ਼ਟਾਚਾਰ ਖਤਮ ਕਰ ਦਿੱਤਾ ਹੈ ਅਤੇ ਲੋਕਾਂ ਨੂੰ ਸਮਾਜਿਕ ਕੰਮਾਂ ਜਿਵੇਂ ਸਾਂਝੀਆਂ ਚੀਜਾਂ ਦੀ ਮੁਰੰਮਤ ਕਰਨ, ਸਾਖਰਤਾ ਦਾ ਪਾਸਾਰ ਕਰਨ, ਬਿਮਾਰੀਆਂ ਨੂੰ ਕੰਟਰੋਲ ਕਰਨ, ਕਾਮੇ ਲੋਕਾਂ ਨਾਲ ਭਾਈਚਾਰਕ ਸਾਂਝ ਬਨਾਉਣ ਅਤੇ ਮਾਓ ਜ਼ੇ ਤੁੰਗ ਵਿਚਾਰਧਾਰਾ ਦਾ ਅਧਿਐਨ ਕਰਨ ਵਿੱਚ ਲਗਾ ਦਿੱਤਾ ਹੈ। ਇਨ੍ਹਾਂ ਸਾਰੀਆਂ ਸਰਗਰਮੀਆਂ ਨੇ ਆਦਰਸ਼ਵਾਦੀ ਅਤੇ ਉਤਸ਼ਾਹੀ ਨੌਜਵਾਨਾਂ ਲਈ ਨਵੇਂ ਰਸਤੇ ਖੋਲ੍ਹ ਦਿੱਤੇ ਹਨ।'

ਚੀਨ ਅੱਗੇ ਸਮਾਜਵਾਦ ਦੀ ਉਸਾਰੀ ਦਾ ਹਾਸਲ ਮਾਡਲ ਸੋਵੀਅਤ ਰੂਸ ਵਾਲਾ ਸੀ ਪਰ ਚੀਨ ਦੀਆਂ ਹਾਲਤਾਂ ਸੋਵੀਅਤ ਰੂਸ ਨਾਲੋਂ ਕਾਫੀ ਵੱਖਰੀਆਂ ਸਨ। ਮਾਓ ਜ਼ੇ ਤੁੰਗ ਇਸ ਗੱਲ ਨੂੰ ਬਾਖੂਬੀ ਸਮਝਦਾ ਸੀ ਕਿ ਚੀਨ ਨੂੰ ਆਪਣੀਆਂ ਠੋਸ ਹਾਲਤਾਂ ਦੇ ਮੁਤਾਬਿਕ ਹੀ ਕੰਮ ਕਰਨਾ ਚਾਹੀਦਾ ਹੈ। ਫਿਰ ਵੀ ਇਨਕਲਾਬ ਤੋਂ ਬਾਅਦ ਦੇ ਕੁਝ ਪਹਿਲੇ ਸਾਲਾਂ ਦੌਰਾਨ ਚੀਨ ਦੀ ਆਰਥਿਕਤਾ ਅਤੇ ਸਿਆਸਤ ਉੱਤੇ ਸੋਵੀਅਤ ਰੂਸ ਦਾ ਕਾਫੀ ਪ੍ਰਭਾਵ ਬਣਿਆ ਹੋਇਆ ਸੀ। ਚੀਨ ਲਈ ਆਪਣੀ ਆਰਥਿਕਤਾ ਨੂੰ ਮੁੜ ਖੜ੍ਹਾ ਕਰਨ ਲਈ ਸੋਵੀਅਤ ਰੂਸ ਤੋਂ ਸਹਾਇਤਾ ਦੀ ਲੋੜ ਸੀ। ਇਸ ਲਈ ਇਨਕਲਾਬ ਤੋਂ ਤੁਰੰਤ ਬਾਅਦ ਦਸੰਬਰ 1949 ਵਿੱਚ ਮਾਓ ਜ਼ੇ-ਤੁੰਗ ਰੂਸ ਗਿਆ ਜਿੱਥੇ ਉਹ ਦੋ ਮਹੀਨੇ ਰਿਹਾ ਅਤੇ ਵੱਖ ਵੱਖ ਪੱਧਰਾਂ ਉੱਤੇ ਸੋਵੀਅਤ ਆਗੂਆਂ ਨਾਲ ਗੱਲਬਾਤ ਕੀਤੀ। ਸਿੱਟੇ ਵਜੋਂ ਰੂਸ ਵੱਲੋਂ ਚੀਨ ਦੀ ਮੁੜ ਉਸਾਰੀ ਲਈ ਆਰਥਿਕ ਸਹਾਇਤਾ ਦਿੱਤੀ ਗਈ ਅਤੇ ਵੱਡੀ ਗਿਣਤੀ ਵਿੱਚ ਰੂਸੀ ਤਕਨੀਕੀ ਮਾਹਿਰ ਚੀਨ ਵਿੱਚ ਆਏ। ਰੂਸ ਵਾਂਗ ਹੀ ਇਥੇ ਪੰਜ ਸਾਲਾਂ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ।

**ਖੇਤੀ ਦਾ ਸਮੂਹੀਕਰਣ -**

ਚੀਨ ਵਿੱਚ ਇਨਕਲਾਬ ਦੌਰਾਨ 'ਜ਼ਮੀਨ ਹਲਵਾਹਕ ਨੂੰ' ਦਾ ਨਾਅਰਾ ਚਲਦਾ ਰਿਹਾ ਸੀ ਅਤੇ ਕਿਸਾਨ ਜ਼ਮੀਨ ਪਿੱਛੇ ਮਰਨ ਮਾਰਨ ਨੂੰ ਤਿਆਰ ਹੋ ਜਾਂਦਾ ਹੈ ਇਸੇ ਕਰ ਕੇ ਚੀਨੀ ਕਿਸਾਨ ਇਨਕਲਾਬ ਲਈ ਐਨੀ ਸ਼ਿੱਦਤ ਨਾਲ ਲੜੇ ਸਨ। ਘਰੇਲੂ ਜੰਗ ਦੌਰਾਨ ਜਿਹੜੇ ਇਲਾਕਿਆਂ ਵਿੱਚ ਕਮਿਊਨਿਸਟਾਂ ਦੀ ਸੱਤਾ ਬਣੀ ਰਹੀ ਸੀ ਉਥੇ ਜ਼ਮੀਨ ਦੀ ਮੁੜ ਵੰਡ ਪਹਿਲਾਂ ਹੀ ਕਰ ਦਿੱਤੀ ਗਈ ਸੀ ਪਰ ਇਨਕਲਾਬ ਤੋਂ ਬਾਅਦ ਇਸ ਨੂੰ ਸਾਰੇ ਚੀਨ ਵਿੱਚ ਲਾਗੂ ਕਰ ਕੇ ਕਿਸਾਨਾਂ ਨਾਲ ਆਪਣਾ ਵਾਅਦਾ

ਪੁਗਾਉਣਾ ਜਰੂਰੀ ਸੀ। ਇਸ ਲਈ 1950 ਵਿੱਚ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਹੀ ਮਾਓ ਦੀ ਅਗਵਾਈ ਵਿੱਚ ਚੀਨੀ ਕਮਿਊਨਿਸਟ ਪਾਰਟੀ ਨੇ ਇਸ ਨੂੰ ਪੂਰਨ ਰੂਪ ਵਿੱਚ ਲਾਗੂ ਕਰਨ ਦਾ ਫੈਸਲਾ ਕੀਤਾ ਤਾਂ ਜੋ ਜਾਗੀਰਦਾਰ ਜਮਾਤ ਨੂੰ ਖਤਮ ਕੀਤਾ ਜਾ ਸਕੇ। 1952 ਤੱਕ ਸਾਰੇ ਚੀਨ ਵਿੱਚ ਜ਼ਮੀਨ ਦੀ ਮੁੜ ਵੰਡ ਕਰਕੇ ਕਿਸਾਨਾਂ ਨੂੰ ਜ਼ਮੀਨ ਦਿੱਤੀ ਜਾ ਚੁੱਕੀ ਸੀ। ਇਸ ਦੌਰਾਨ ਜਿਨ੍ਹਾਂ ਜਾਗੀਰਦਾਰਾਂ ਨੇ ਇਨਕਲਾਬ ਤੋਂ ਪਹਿਲਾਂ ਜਿਆਦਾ ਜ਼ੁਲਮ ਕੀਤੇ ਸਨ, ਉਨ੍ਹਾਂ ਨੂੰ ਕਿਸਾਨ ਕਮੇਟੀਆਂ ਨੇ ਸਜਾਵਾਂ ਵੀ ਦਿੱਤੀਆਂ ਅਤੇ ਕੁਝ ਨੂੰ ਮਾਰ ਵੀ ਦਿੱਤਾ ਗਿਆ ਪਰ ਬਹੁਤ ਸਾਰਿਆਂ ਨੇ ਆਪਣੀਆਂ ਪਿਛਲੀਆਂ ਗਲਤੀਆਂ ਮੰਨ ਕੇ ਅੱਗੇ ਲਈ ਆਪਣੀ ਮਿਹਨਤ ਕਰਨ ਵਾਲੇ ਸਾਧਾਰਣ ਕਿਸਾਨ ਬਣ ਕੇ ਰਹਿਣ ਦਾ ਵਾਅਦਾ ਕੀਤਾ। ਇਨ੍ਹਾਂ ਨੂੰ ਮੁਆਫ਼ ਕਰ ਕੇ ਉਨ੍ਹਾਂ ਕੋਲ ਜ਼ਮੀਨ ਦੇ ਓਨੇ ਟੁਕੜੇ ਰਹਿਣ ਦਿੱਤੇ ਗਏ ਜਿਨ੍ਹਾਂ ਨੂੰ ਉਹ ਖ਼ੁਦ ਵਾਹ-ਬੀਜ ਸਕਣ। ਇਨ੍ਹਾਂ ਜ਼ਮੀਨੀ ਸੁਧਾਰਾਂ ਦੇ ਨਾਲ ਨਾਲ ਹੋਰ ਭੋਂਇ ਖੇਤੀ ਹੇਠ ਲਿਆਂਦੀ ਗਈ, ਨਵੀਆਂ ਨਹਿਰਾਂ, ਕੱਸੀਆਂ ਪੁੱਟੀਆਂ ਗਈਆਂ, ਖਾਦਾਂ ਅਤੇ ਕੀੜੇਮਾਰ ਦਵਾਈਆਂ ਕਿਸਾਨਾਂ ਦੀ ਪਹੁੰਚ ਵਿੱਚ ਕੀਤੀਆਂ ਗਈਆਂ। ਇਨ੍ਹਾਂ ਸਾਰੇ ਕਦਮਾਂ ਦੇ ਸਿੱਟੇ ਵਜੋਂ ਖੇਤੀ ਪੈਦਾਵਾਰ ਵਿੱਚ ਕਾਫੀ ਵਾਧਾ ਹੋਇਆ।

ਪਰ ਕਮਿਊਨਿਸਟ ਸਮਾਜ ਦੀ ਉਸਾਰੀ ਨਾਲ ਨਿੱਜੀ ਜਾਇਦਾਦ ਦੀ ਹੋਂਦ ਮੇਲ ਨਹੀਂ ਖਾਂਦੀ, ਸੋ ਇਨ੍ਹਾਂ ਕਿਸਾਨਾਂ ਨੂੰ ਸਹਿਕਾਰੀ ਖੇਤੀ ਲਈ ਪ੍ਰੇਰਿਆ ਗਿਆ। ਕਿਸਾਨਾਂ ਨੇ ਇਸ ਲਈ ਚੰਗਾ ਉਤਸ਼ਾਹ ਦਿਖਾਇਆ। 1955 ਦੇ ਅੰਤ ਤੱਕ ਜਿਆਦਾਤਰ ਗਰੀਬ ਅਤੇ ਦਰਮਿਆਨੇ ਕਿਸਾਨ ਸਹਿਕਾਰੀ ਖੇਤੀ ਦੇ ਫਾਰਮਾਂ ਵਿੱਚ ਸ਼ਾਮਲ ਹੋ ਚੁੱਕੇ ਸਨ। ਇਸ ਪ੍ਰਬੰਧ ਵਿੱਚ ਕਿਸਾਨਾਂ ਦੀ ਜ਼ਮੀਨ, ਖੇਤੀ ਦੇ ਸੰਦ, ਪਸ਼ੂ ਆਦਿ ਉਨ੍ਹਾਂ ਦੀ ਨਿੱਜੀ ਮਲਕੀਅਤ ਸਨ ਪਰ ਖੇਤੀ ਵਿੱਚ ਇਨ੍ਹਾਂ ਨੂੰ ਸਾਂਝੇ ਰੂਪ ਵਿੱਚ ਵਰਤ ਲੈਂਦੇ ਸਨ। ਇਸ ਸਹਿਕਾਰੀ (Cooperative) ਪ੍ਰਬੰਧ ਨੂੰ ਸਫਲ ਦੇਖ ਕੇ ਮਾਓ ਨੇ ਇਸ ਤੋਂ ਅਗਲੇ ਪੜਾਅ ਯਾਨੀ ਖੇਤੀ ਦੇ ਸਮੂਹੀਕਰਨ (Collectivization) ਵੱਲ ਵਧਣ ਦਾ ਫੈਸਲਾ ਕੀਤਾ।

ਪਰ ਪਾਰਟੀ ਦੀ ਕੇਂਦਰੀ ਕਮੇਟੀ ਨੇ ਫੈਸਲਾ ਕੀਤਾ ਹੋਇਆ ਸੀ ਕਿ ਖੇਤੀ ਦੇ ਮਸ਼ੀਨੀਕਰਨ ਦੀ ਸਮਰੱਥਾ ਹਾਸਲ ਕਰਨ ਤੋਂ ਪਹਿਲਾਂ ਸਾਂਝੇ ਫਾਰਮ ਨਹੀਂ ਬਣਾਏ ਜਾਣਗੇ ਕਿਉਂਕਿ ਵੱਡੇ ਫਾਰਮਾਂ ਨੂੰ ਵੱਡੀ ਖੇਤੀ ਮਸ਼ੀਨਰੀ ਨਾਲ ਚਲਾਇਆ ਜਾ ਸਕਦਾ ਹੈ। ਮਾਓ ਦੀ ਦਲੀਲ ਸੀ ਕਿ ਖੇਤੀ ਦਾ ਮਸ਼ੀਨੀਕਰਨ ਸਿਧਾਂਤਕ ਤੌਰ 'ਤੇ ਤਾਂ ਠੀਕ ਹੈ ਪਰ ਇਹ ਖੇਤੀ ਸੈਕਟਰ ਵਿੱਚ ਬੇਰੁਜ਼ਗਾਰੀ ਪੈਦਾ ਕਰ ਦੇਵੇਗਾ। ਇਸ ਦੀ ਬਜਾਏ ਚੀਨ ਵਿੱਚ ਮਨੁੱਖਾ ਸ਼ਕਤੀ ਬਹੁਤਾਤ ਵਿੱਚ ਹੈ, ਸਾਂਝੇ ਫਾਰਮਾਂ ਵਿੱਚ ਵੀ ਉਸ ਨੂੰ ਵਰਤਣਾ ਚਾਹੀਦਾ ਹੈ। ਕੇਂਦਰੀ ਕਮੇਟੀ ਦਾ ਇਹ ਵੀ ਕਹਿਣਾ ਸੀ ਕਿ ਧਨਾਢ

ਕਿਸਾਨੀ ਚੰਗੀ ਪੈਦਾਵਾਰ ਕੱਢ ਰਹੀ ਹੈ ਉਸ ਦਾ ਲਾਭ ਉਠਾਉਣਾ ਚਾਹੀਦਾ ਹੈ ਜਦ ਕਿ ਮਾਓ ਅਨੁਸਾਰ ਇਸ ਸਥਿਤੀ ਦਾ ਲਾਹਾ ਲੈ ਕੇ ਅਮੀਰ ਕਿਸਾਨ ਅਤੇ ਸਾਬਕਾ ਜਗੀਰਦਾਰ ਮੁੜ ਆਪਣੀ ਭਾਰੂ ਹੈਸੀਅਤ ਬਹਾਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਿਸ ਨੂੰ ਖੇਤੀ ਦੇ ਸਮੂਹੀਕਰਨ ਨਾਲ ਹੀ ਰੋਕਿਆ ਜਾ ਸਕਦਾ ਹੈ।

ਜਿਵੇਂ ਇਨਕਲਾਬ ਤੋਂ ਪਹਿਲਾਂ ਵੀ ਮਾਓ ਦਾ ਪਾਰਟੀ ਦੀ ਵੱਡੀ ਲੀਡਰਸ਼ਿਪ ਨਾਲ ਵਿਰੋਧ ਚੱਲ ਪੈਂਦਾ ਸੀ, ਉਸੇ ਤਰ੍ਹਾਂ ਇਥੇ ਵੀ ਉਸ ਨੇ ਜੁਲਾਈ 1955 ਵਿੱਚ, ਪਾਰਟੀ ਅਧਿਕਾਰੀਆਂ ਦੀ ਬਜਾਏ ਪਾਰਟੀ ਕਾਡਰ ਨੂੰ ਸੰਬੋਧਨ ਕਰਦਿਆਂ ਸਹਿਕਾਰੀਕਰਨ ਅਤੇ ਸਮੂਹੀਕਰਨ ਨੂੰ ਹੋਰ ਅੱਗੇ ਵਧਾਉਣ ਲਈ ਕਿਹਾ। ਮਾਓ ਨੇ ਉਨ੍ਹਾਂ ਨੂੰ ਕਿਹਾ, "ਜਲਦੀ ਹੀ ਨਵੀਂ ਸਮਾਜਵਾਦੀ ਲੋਕ ਲਹਿਰ ਦਾ ਜੋਰਦਾਰ ਉਭਾਰ ਵੇਖਣ ਨੂੰ ਮਿਲੇਗਾ ਜੋ ਸਾਰੇ ਦੇਸ਼ ਦੇ ਪੇਂਡੂ ਇਲਾਕਿਆਂ ਵਿੱਚ ਛਾ ਜਾਵੇਗਾ। ਪਰ ਸਾਡੇ ਕੁਝ ਕਾਮਰੇਡ ਛੋਟੇ ਪੈਰਾਂ ਵਾਲੀਆਂ ਔਰਤਾਂ* ਵਾਂਗ ਪੈਰ ਘੜੀਸਦੇ ਚੱਲ ਰਹੇ ਹਨ ਅਤੇ ਹਰ ਵਕਤ ਦੂਸਰਿਆਂ ਨੂੰ ਕਹਿੰਦੇ ਰਹਿੰਦੇ ਹਨ- ਤੁਸੀਂ ਬਹੁਤ ਤੇਜ ਚੱਲ ਰਹੇ ਹੋ, ਤੇਜ ਜਾ ਰਹੇ ਹੋ। ਉਹ ਕੁਝ ਜਿਆਦਾ ਹੀ ਮੀਨਮੇਖ ਕੱਢਦੇ ਰਹਿੰਦੇ ਹਨ, ਬੇਲੋੜੀਆਂ ਸ਼ਿਕਾਇਤਾਂ, ਬੇਅੰਤ ਫਿਕਰ ਕਰਦੇ ਹੋਏ ਅਣਗਿਣਤ ਮਨਾਹੀਆਂ ਲਾਗੂ ਕਰਦੇ ਰਹਿੰਦੇ ਹਨ ਅਤੇ ਇਸ ਨੂੰ ਉਹ ਪੇਂਡੂ ਖੇਤਰਾਂ ਵਿੱਚ ਸਮਾਜਵਾਦੀ ਲੋਕ ਲਹਿਰ ਚਲਾਉਣ ਲਈ ਸਹੀ ਨੀਤੀ ਦਸਦੇ ਹਨ। ਨਹੀਂ, ਇਹ ਸਹੀ ਨੀਤੀ ਨਹੀਂ ਹੈ, ਇਹ ਗਲਤ ਨੀਤੀ ਹੈ।"

ਸਹਿਕਾਰੀ ਖੇਤੀ ਕਿਸਾਨਾਂ ਦੀ ਸਹਿਮਤੀ 'ਤੇ ਆਧਾਰਿਤ ਹੁੰਦੀ ਹੈ ਕਿਉਂਕਿ ਹਰ ਕਿਸਾਨ ਕੋਲ ਜ਼ਮੀਨ, ਪਸ਼ੂ ਅਤੇ ਸੰਦ ਨਿੱਜੀ ਹੁੰਦੇ ਹਨ ਇਸ ਲਈ ਉਹ ਚਾਹੇ ਤਾਂ ਆਵਦੇ ਜ਼ਮੀਨੀ ਟੁਕੜੇ ਉੱਤੇ ਖ਼ੁਦ ਖੇਤੀ ਕਰ ਸਕਦਾ ਹੁੰਦਾ ਹੈ। ਪਰ ਜਦ ਖੇਤੀ ਦਾ ਸਮੂਹੀਕਰਣ, ਜੋ ਕਿ ਅਸਲ ਅਰਥਾਂ ਵਿੱਚ ਖੇਤੀ ਦਾ ਸਰਕਾਰੀਕਰਣ ਹੀ ਹੁੰਦਾ ਹੈ, ਕੀਤਾ ਜਾਂਦਾ ਹੈ ਤਾਂ ਉਸ ਇਲਾਕੇ ਦੇ ਸਾਰੇ ਕਿਸਾਨਾਂ ਨੂੰ ਉਸ ਵਿੱਚ ਸ਼ਾਮਲ ਹੋਣਾ ਪੈਂਦਾ ਹੈ। ਉਨ੍ਹਾਂ ਦੇ ਸੰਦ, ਪਸ਼ੂ ਅਤੇ ਹੋਰ ਸਾਧਨ ਵੀ ਸਾਂਝੇ ਫਾਰਮ ਦੀ ਮਲਕੀਅਤ ਬਣ ਜਾਂਦੇ ਹਨ। ਸੋ ਕੁਦਰਤੀ ਗੱਲ ਹੈ ਕਿ ਵੱਧ ਸਾਧਨਾਂ ਵਾਲੇ ਕਿਸਾਨ ਇਸ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਹੁੰਦੇ, ਉਹ ਇਸ ਅਮਲ ਦਾ ਵਿਰੋਧ ਕਰਦੇ ਹਨ। ਇਹ ਵਿਰੋਧ ਰੂਸ ਵਿੱਚ ਬਹੁਤ ਜੋਰਦਾਰ ਢੰਗ ਨਾਲ ਪ੍ਰਗਟ ਹੋਇਆ ਸੀ। ਰੂਸੀ ਕਿਸਾਨਾਂ ਨੇ ਆਪਣੇ ਪਸ਼ੂ ਸਾਂਝੇ ਫਾਰਮਾਂ ਦੇ ਹਵਾਲੇ ਕਰਨ ਦੀ ਬਜਾਏ ਮਾਰ ਕੇ ਖਾ ਲਏ, ਸੰਦਾਂ ਨੂੰ ਤੋੜ ਦਿੱਤਾ, ਸਾਂਝੇ ਫਾਰਮਾਂ ਦੇ ਕੰਮਾਂ ਨੂੰ ਸਾਬੋਤਾਜ ਕੀਤਾ। ਇਸ ਦੇ ਲਈ ਸਟਾਲਿਨ

---

* *ਚੀਨ ਵਿੱਚ ਔਰਤਾਂ ਦੇ ਸਬੰਧ ਵਿੱਚ ਇੱਕ ਭੈੜੀ ਪ੍ਰਥਾ ਸੀ ਜਿਸ ਤਹਿਤ ਛੋਟੀ ਉਮਰ ਦੀਆਂ ਬੱਚੀਆਂ ਨੂੰ ਲੋਹੇ ਦੇ ਬੂਟ ਪਹਿਣਾਏ ਜਾਂਦੇ ਸਨ ਜਿਸ ਨਾਲ ਪੈਰ ਬਹੁਤ ਛੋਟੇ ਰਹਿ ਜਾਂਦੇ ਸਨ, ਪੈਰਾਂ ਦੀਆਂ ਉਂਗਲਾਂ ਬੂਟਾਂ ਦੇ ਅੰਦਰ ਹੀ ਮੁੜ ਜਾਂਦੀਆਂ। ਆਪਣੇ ਛੋਟੇ ਅਤੇ ਮੁੜੇ ਹੋਏ ਪੈਰਾਂ ਕਾਰਣ ਉਹ ਵੱਡੀ ਉਮਰ ਵਿੱਚ ਵੀ ਤੇਜ ਨਹੀਂ ਚੱਲ ਸਕਦੀਆਂ ਸਨ। ਇਸ ਪ੍ਰਥਾ ਦਾ ਮਕਸਦ ਔਰਤਾਂ ਨੂੰ ਕਾਬੂ ਵਿੱਚ ਰੱਖਣਾ ਸੀ ਕਿ ਉਹ ਮਾੜੀਆਂ ਹਾਲਤਾਂ ਵਿੱਚ ਵੀ ਦੌੜ ਕੇ ਦੂਰ ਨਾ ਸਕਣ।*

ਨੇ ਉਥੇ ਸਾਂਝੇ ਫਾਰਮ ਬਨਾਉਣ ਲਈ ਤਾਕਤ ਦੀ ਵੀ ਬਹੁਤ ਵਰਤੋਂ ਕੀਤੀ। ਪਰ ਇਹ ਮਾਓ ਦੇ ਕੰਮ ਢੰਗ ਦਾ ਕ੍ਰਿਸ਼ਮਾ ਸੀ ਜਾਂ ਕਹਿ ਲਵੋ ਚੀਨ ਦੀ ਕਿਸਾਨੀ ਉੱਤੇ ਉਸ ਦਾ ਪ੍ਰਭਾਵ ਹੀ ਐਨਾ ਸੀ ਕਿ ਸਾਂਝੇ ਫਾਰਮ ਬਨਾਉਣ ਲਈ ਚੀਨ ਵਿੱਚ ਰੂਸ ਵਾਂਗ ਜਬਰ ਦੀ ਵਰਤੋਂ ਨਹੀਂ ਕਰਨੀ ਪਈ। ਅਸਲ ਵਿੱਚ ਗਰੀਬ ਅਤੇ ਛੋਟੇ ਕਿਸਾਨ ਜੋ ਚੀਨ ਵਿੱਚ ਬਹੁਤ ਵੱਡੀ ਗਿਣਤੀ ਬਣਦੇ ਸਨ, ਉਹ ਇਸ ਵੱਲ ਉਤਸ਼ਾਹਿਤ ਸਨ, ਉਨ੍ਹਾਂ ਦੇ ਉਤਸ਼ਾਹ ਅੱਗੇ ਅਮੀਰ ਕਿਸਾਨਾਂ ਦਾ ਵਿਰੋਧ ਠਹਿਰ ਨਾ ਸਕਿਆ ਅਤੇ ਉਨ੍ਹਾਂ ਨੂੰ ਵੀ ਇਨ੍ਹਾਂ ਸਾਂਝੇ ਫਾਰਮਾਂ ਵਿੱਚ ਸ਼ਾਮਲ ਹੋਣਾ ਪਿਆ।

ਜਿੱਥੇ ਸਮੂਹੀਕਰਨ ਦਾ ਅਮਲ ਤਾਂ ਸੌਖੇ ਢੰਗ ਨਾਲ ਸਿਰੇ ਚੜ੍ਹ ਗਿਆ ਪਰ ਸਾਂਝੇ ਫਾਰਮਾਂ ਵਿੱਚ ਖੇਤੀ ਦਾ ਅਮਲ ਓਨਾ ਸਫਲ ਨਹੀਂ ਸੀ। ਕੰਮ ਨੂੰ ਠੀਕ ਢੰਗ ਨਾਲ ਵੰਡਿਆ ਨਾ ਜਾਣਾ, ਹਿਸਾਬ ਕਿਤਾਬ ਸਹੀ ਨਾ ਰੱਖ ਸਕਣਾ, ਰੋਜ ਦੇ ਕੰਮ ਕਾਰ ਵਿੱਚ ਸੁਯੋਗਤਾ ਨਾ ਹੋਣੀ, ਐਨੇ ਵੱਡੇ ਖੇਤੀ ਫਾਰਮਾਂ ਦੀ ਸਹੀ ਯੋਜਨਾਬੰਦੀ ਨਾ ਕਰ ਸਕਣੀ, ਆਮਦਨ ਦੀ ਠੀਕ ਵੰਡ ਵੰਡਾਈ ਨਾ ਹੋਣੀ ਆਦਿ ਮਸਲੇ ਖੜ੍ਹੇ ਹੋ ਗਏ। ਇਸ ਨਾਲ ਕਿਸਾਨਾਂ ਦਾ ਮੁਢਲਾ ਉਤਸ਼ਾਹ ਖਤਮ ਹੋਣ ਲੱਗਾ। ਜਲਦੀ ਹੀ ਕਿਸਾਨਾਂ ਨੂੰ ਸਾਂਝੇ ਫਾਰਮਾਂ ਵਿੱਚ ਬਣਾਈ ਰੱਖਣ ਲਈ ਸਖਤੀ ਕਰਨੀ ਪਈ।

– 0 –

ਇਸ ਸਮੇਂ ਚਾਹੇ ਮਾਓ ਜ਼ੇ ਤੁੰਗ ਦੀ ਪਾਰਟੀ ਉੱਤੇ ਪਕੜ ਮਜਬੂਤ ਸੀ ਪਰ ਪਾਰਟੀ ਦੇ ਅੰਦਰ ਦੋ ਲੀਹਾਂ ਦੇ ਵਿਚਕਾਰ ਸੰਘਰਸ਼ ਚੱਲ ਰਿਹਾ ਸੀ। ਇੱਕ ਵਿਚਾਰ ਅਨੁਸਾਰ ਪੈਦਾਵਾਰ ਵਧਾਉਣ ਲਈ ਲੋਕਾਂ ਨੂੰ ਪਦਾਰਥਕ ਲਾਭਾਂ ਨਾਲ ਉਤਸ਼ਾਹਿਤ ਕਰਨਾ ਚਾਹੀਦਾ ਹੈ। ਮਾਓ ਇਸ ਵਿਚਾਰ ਨੂੰ ਸਰਮਾਏਦਰਾਨਾ ਰੁਚੀ ਸਮਝਦਾ ਸੀ ਕਿ ਇਸ ਨਾਲ ਸਮਾਜ ਦੇ ਹਿਤਾਂ ਨੂੰ ਛੱਡ ਕੇ ਵਿਅਕਤੀਗਤ ਤਰੱਕੀ ਵੱਲ ਤੁਰਨ ਦਾ ਰੁਝਾਨ ਵਧੇਗਾ ਜਿਸ ਨਾਲ ਮੁੜ ਨਵੀਆਂ ਜਮਾਤਾਂ ਪੈਦਾ ਹੋ ਜਾਣਗੀਆਂ। ਇਸ ਦੀ ਬਜਾਏ ਮਾਓ ਉਨ੍ਹਾਂ ਨੂੰ ਸਮਾਜ ਵਾਸਤੇ ਕੰਮ ਕਰਨ ਲਈ ਵਿਚਾਰਧਾਰਕ ਪ੍ਰੇਰਣਾ ਉੱਤੇ ਜੋਰ ਦਿੰਦਾ ਸੀ। ਇਹਨਾਂ ਦੋ ਤਰ੍ਹਾਂ ਦੇ ਵਿਚਾਰਾਂ ਵਿੱਚ ਇਹ ਸੰਘਰਸ਼ ਕਈ ਰੂਪਾਂ ਵਿੱਚ ਚੱਲਿਆ। ਜਿਵੇਂ ਦਸੰਬਰ 1950 ਵਿੱਚ ਇੱਕ ਫਿਲਮ ਬਣਾਈ ਗਈ 'ਵੂ ਕੁੰਨ ਦੀ ਜ਼ਿੰਦਗੀ'। ਇਹ ਫਿਲਮ ਉਨੀਵੀਂ ਸਦੀ ਦੇ ਇੱਕ ਪਰਉਪਕਾਰੀ ਪੁਰਸ਼ ਦੇ ਜੀਵਨ 'ਤੇ ਅਧਾਰਿਤ ਸੀ ਜੋ ਇੱਕ ਗਰੀਬ ਭਿਖਾਰੀ ਤੋਂ ਉੱਠ ਕੇ ਅਮੀਰ ਆਦਮੀ ਬਣ ਗਿਆ, ਜਿਸ ਨੇ ਬਾਅਦ ਵਿੱਚ ਆਪਣੀ ਦੌਲਤ ਗਰੀਬਾਂ ਲਈ ਸਕੂਲ ਖੋਲ੍ਹਣ ਵਿੱਚ ਖਰਚ ਕੀਤੀ। ਇਹ ਫਿਲਮ ਵੀ ਵਿਚਾਰਧਾਰਕ ਬਹਿਸ ਦਾ ਕੇਂਦਰ ਬਣ ਗਈ। ਮਾਓ ਨੇ ਇਸ ਦੀ ਆਲੋਚਨਾ ਵਿੱਚ ਸ਼ਾਮਲ ਹੁੰਦਿਆਂ ਕਿਹਾ ਕਿ ਇਹ ਫਿਲਮ ਇਸ ਗੱਲ ਨੂੰ ਪ੍ਰਚਾਰਦੀ ਹੈ ਕਿ ਆਦਰਸ਼ਵਾਦੀ ਸੁਧਾਰਾਂ ਰਾਹੀਂ ਵੀ ਸਮਾਜ ਦੀਆਂ ਸਮੱਸਿਆਵਾਂ ਦਾ ਹੱਲ ਹੋ

ਸਕਦਾ ਹੈ, ਇਸ ਲਈ ਇਨਕਲਾਬੀ ਜਮਾਤੀ ਸੰਘਰਸ਼ ਦੀ ਲੋੜ ਨਹੀਂ ਹੈ।

ਅਸਲ ਵਿੱਚ ਮਾਓ ਸਮਾਜਵਾਦੀ ਮਨੁੱਖ ਦੀ ਸਿਰਜਣਾ ਉੱਤੇ ਬਹੁਤ ਜੋਰ ਦਿੰਦਾ ਸੀ। ਉਸ ਅਨੁਸਾਰ ਸਮਾਜਵਾਦੀ ਪ੍ਰਬੰਧ ਸਥਾਪਿਤ ਕਰ ਲੈਣ ਬਾਅਦ ਵੀ ਜਮਾਤੀ ਘੋਲ ਚਲਦਾ ਰਹਿੰਦਾ ਹੈ। ਪੁਰਾਣੇ ਸਭਿਆਚਾਰ ਵਿੱਚ ਚਲਦੇ ਰਹੇ ਪਿਛਾਂਹ ਖਿੱਚੂ ਵਿਚਾਰ, ਰੀਤੀ ਰਿਵਾਜ, ਆਦਤਾਂ ਆਦਿ ਲੋਕਾਂ ਦੇ ਮਨਾਂ ਵਿੱਚ ਜੜ੍ਹਾਂ ਜਮਾਈ ਬੈਠੇ ਹੁੰਦੇ ਹਨ ਅਤੇ ਇਹ ਵਾਰ ਵਾਰ ਫੁੱਟਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਇਨ੍ਹਾਂ ਪੁਰਾਤਨ ਵਿਚਾਰਾਂ ਖਿਲਾਫ਼ ਲਗਾਤਾਰ ਘੋਲ ਚਲਾਉਣਾ ਪੈਂਦਾ ਹੈ। ਇਸ ਲਈ ਉਹ ਸਮਾਜਵਾਦ ਨੂੰ ਪੱਕੇ ਪੈਰੀਂ ਕਰਨ ਲਈ ਕੇਵਲ ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਹੀ ਹੱਲ ਨਹੀਂ ਮੰਨਦਾ ਸੀ। ਇਸ ਦੇ ਮੁਕਾਬਲੇ ਦੂਸਰੀ ਸੋਚ ਪੈਦਾਵਾਰ ਤਾਕਤਾਂ ਦੇ ਵਿਕਾਸ ਨੂੰ ਵੱਧ ਮਹੱਤਵ ਦਿੰਦੀ ਸੀ ਅਤੇ ਸਮਾਜਵਾਦੀ ਪ੍ਰਬੰਧ ਅੰਦਰ ਜਮਾਤੀ ਘੋਲ ਨੂੰ ਨਕਾਰਦੀ ਸੀ।

ਮਾਓ ਦਾ ਪਾਰਟੀ ਅੰਦਰਲੇ ਵਿਰੋਧੀ ਵਿਚਾਰਾਂ ਨਾਲ ਇਹ ਵਿਚਾਰਧਾਰਕ ਸੰਘਰਸ਼ ਚੱਲ ਹੀ ਰਿਹਾ ਸੀ ਕਿ ਮਾਰਚ 1953 ਵਿੱਚ ਸਟਾਲਿਨ ਦੀ ਮੌਤ ਹੋ ਗਈ। ਇਸ ਉਪਰੰਤ ਸੋਵੀਅਤ ਰੂਸ ਵਿੱਚ ਖਰੁਸ਼ਚੋਵ ਸੱਤਾ ਵਿੱਚ ਆ ਗਿਆ। ਖਰੁਸ਼ਚੋਵ ਨੇ ਪੂੰਜੀਵਾਦ ਨਾਲ ਸ਼ਾਂਤਮਈ ਸਹਿਹੋਂਦ ਅਤੇ ਸ਼ਾਂਤਮਈ ਮੁਕਾਬਲੇ ਦਾ ਸਿਧਾਂਤ ਦਿੱਤਾ ਜਿਸ ਤਹਿਤ ਰੂਸ ਅੰਦਰ ਪੈਦਾਵਾਰ ਵਧਾਉਣ ਤੇ ਜੋਰ ਦਿੱਤਾ ਗਿਆ। ਫਰਵਰੀ 1956 ਵਿੱਚ ਖਰੁਸ਼ਚੋਵ ਨੇ ਆਪਣੀ ਗੁਪਤ ਸਪੀਚ ਵਿੱਚ ਸਟਾਲਿਨ ਸਮੇਂ ਹੋਈਆਂ ਵਧੀਕੀਆਂ ਨੂੰ ਪੇਸ਼ ਕੀਤਾ ਅਤੇ ਇਸ ਲਈ ਉਸ ਦੀ ਸ਼ਖਸੀ ਪੂਜਾ ਨੂੰ ਜਿੰਮੇਵਾਰ ਦੱਸਿਆ। ਇਸ ਦਾ ਅਸਰ ਚੀਨੀ ਕਮਿਊਨਿਸਟ ਪਾਰਟੀ ਦੀ ਸਿਆਸਤ ਉਪਰ ਵੀ ਪਿਆ। ਸਤੰਬਰ 1956 ਵਿੱਚ ਹੋਈ ਚੀਨੀ ਕਮਿਊਨਿਸਟ ਪਾਰਟੀ ਦੀ ਅੱਠਵੀਂ ਕਾਂਗਰਸ ਵਿੱਚ ਲਿਓ ਸ਼ਾਓ ਚੀ [8] ਦੀ ਨੀਤੀ ਨੂੰ ਪ੍ਰਮੁਖਤਾ ਮਿਲੀ, ਮਾਓ ਦਾ ਪ੍ਰਭਾਵ ਘਟਾਇਆ ਗਿਆ ਅਤੇ ਸਾਂਝੀ ਲੀਡਰਸ਼ਿੱਪ ਨੂੰ ਉਭਾਰਿਆ ਗਿਆ। ਇਹ ਕੁਝ ਇਸ ਤਰਕ ਨਾਲ ਕੀਤਾ ਗਿਆ ਕਿ ਮਾਓ ਦੀ ਵੀ ਸਟਾਲਿਨ ਵਾਂਗ ਸ਼ਖ਼ਸੀਅਤ ਪ੍ਰਸਤੀ ਹੋ ਰਹੀ ਹੈ ਜਿਸ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਦੂਜੇ ਪਾਸੇ ਮਾਓ ਰੂਸ ਵਿਚਲੀਆਂ ਘਟਨਾਵਾਂ ਨੂੰ ਆਪਣੇ ਵਿਚਾਰਾਂ ਦੀ ਪੁਸ਼ਟੀ ਵਜੋਂ ਦੇਖ ਰਿਹਾ ਸੀ। ਮਾਓ ਚਾਹੇ ਕੁਝ ਨੁਕਤਿਆਂ ਉੱਤੇ ਸਟਾਲਿਨ ਨਾਲ ਮੱਤਭੇਦ ਰਖਦਾ ਸੀ ਪਰ ਖਰੁਸ਼ਚੇਵ ਵੱਲੋਂ ਪੇਸ਼ ਕੀਤੀ ਜਾ ਰਹੀ ਲਾਈਨ ਨੂੰ ਉਹ ਸਰਮਾਏਦਾਰਾਨਾ ਮੁੜ ਬਹਾਲੀ ਵੱਲ ਕਦਮ ਸਮਝਦਾ ਸੀ। ਇਸ ਚੱਲ ਰਹੇ ਬਹਿਸ ਭੇੜ ਦੌਰਾਨ ਹੀ ਮਾਓ ਨੇ 'ਸੌ ਫੁੱਲ ਖਿੜਨ ਦਿਓ' ਮੁਹਿੰਮ ਛੇੜ ਦਿੱਤੀ। ਮਾਓ ਦਾ ਮਕਸਦ ਸੀ ਕਿ ਲੋਕਾਂ ਵਿੱਚ ਜੋ ਚੰਗੇ ਮਾੜੇ ਵਿਚਾਰ ਚੱਲ ਰਹੇ ਹਨ ਉਹ ਖੁੱਲ੍ਹ ਕੇ ਬਾਹਰ

ਆਉਣ। ਮਾਓ ਨੇ ਨਾਅਰਾ ਦਿੱਤਾ ਕਿ 'ਸੌ ਫੁੱਲ ਖਿੜਨ ਦਿਓ, ਸੌ ਵਿਚਾਰ ਭਿੜਨ ਦਿਓ'। ਅਸਲ ਵਿੱਚ ਮਾਓ ਨੇ ਇੱਕ ਤਕਰੀਰ ਕੀਤੀ ਜਿਸ ਦਾ ਸੀਰਸ਼ਕ ਸੀ, 'ਲੋਕਾਂ ਦਰਮਿਆਨ ਵਿਰੋਧਤਾਈਆਂ ਨੂੰ ਠੀਕ ਢੰਗ ਨਾਲ ਹੱਲ ਕਰਨ ਬਾਰੇ'। ਇਸ ਵਿੱਚ ਮਾਓ ਨੇ ਕਿਹਾ-

*ਪਹਿਲਾਂ ਕਦੇ ਵੀ ਸਾਡਾ ਦੇਸ਼ ਐਨਾ ਇਕਮੁੱਠ ਨਹੀਂ ਹੋਇਆ ਸੀ, ਜਿੰਨਾ ਅੱਜ ਹੈ। ਬੁਰਜੂਆ ਜਮਹੂਰੀ ਇਨਕਲਾਬ ਅਤੇ ਸਮਾਜਵਾਦੀ ਇਨਕਲਾਬ ਦੀਆਂ ਜਿੱਤਾਂ ਅਤੇ ਸਮਾਜਵਾਦ ਦੀ ਉਸਾਰੀ 'ਚ ਸਾਡੀਆਂ ਪ੍ਰਾਪਤੀਆਂ ਨੇ ਤੇਜੀ ਨਾਲ ਪੁਰਾਣੇ ਚੀਨ ਦਾ ਮੁਹਾਂਦਰਾ ਬਦਲ ਦਿੱਤਾ ਹੈ। ਸਾਡੀ ਮਾਤ-ਭੂਮੀ ਲਈ ਹੋਰ ਵੀ ਰੋਸ਼ਨ ਭਵਿੱਖ ਅੱਗੇ ਪਿਆ ਹੈ। .....ਸਾਡੇ ਦੇਸ਼ ਦੀ ਇਕਜੁੱਟਤਾ, ਸਾਡੇ ਲੋਕਾਂ ਦੀ ਏਕਤਾ ਅਤੇ ਸਾਡੀਆਂ ਅਨੇਕਾਂ ਕੌਮੀਅਤਾਂ ਦੀ ਏਕਤਾ- ਸਾਡੇ ਕਾਜ ਦੀ ਯਕੀਨੀ ਜਿੱਤ ਦੀਆਂ ਜਾਮਨ ਹਨ। ਪਰ ਇਸ ਦਾ ਮਤਲਬ ਇਹ ਨਹੀਂ ਕਿ ਸਾਡੇ ਸਮਾਜ ਵਿੱਚ ਹੁਣ ਕੋਈ ਵਿਰੋਧਤਾਈਆਂ ਨਹੀਂ। ਇਹ ਕਲਪਨਾ ਕਰਨੀ ਕਿ ਹੁਣ ਇਨ੍ਹਾਂ ਦੀ ਹੋਂਦ ਨਹੀਂ, ਇੱਕ ਸਿੱਧੜ ਵਿਚਾਰ ਹੈ ਜੋ ਕਿ ਬਾਹਰਮੁਖੀ ਅਸਲੀਅਤ ਨਾਲ ਮੇਲ ਨਹੀਂ ਖਾਂਦਾ। ਸਾਨੂੰ ਹੁਣ ਦੋ ਵੰਨਗੀਆਂ ਦੀਆਂ ਸਮਾਜਿਕ ਵਿਰੋਧਤਾਈਆਂ ਦਾ ਸਾਹਮਣਾ ਹੈ - ਸਾਡੇ ਅਤੇ ਦੁਸ਼ਮਣ ਵਿਚਾਲੇ ਅਤੇ ਖ਼ੁਦ ਲੋਕਾਂ ਦੇ ਵਿਚਾਲੇ। ਇਹ ਦੋਵੇਂ ਸੁਭਾਅ ਪੱਖੋਂ ਬਿਲਕੁਲ ਵੱਖਰੀਆਂ ਹਨ।*

ਇਸ ਤੋਂ ਅੱਗੇ ਉਸ ਨੇ ਲੋਕਾਂ ਵਿਚਕਾਰ ਵਿਰੋਧਤਾਈਆਂ ਨੂੰ ਹੱਲ ਕਰਨ ਦੇ ਢੰਗ ਬਾਰੇ ਸਪਸ਼ਟ ਕੀਤਾ -

*ਲੋਕਾਂ ਵਿਚਾਲੇ ਵਿਚਾਰਧਾਰਕ ਸੁਭਾਅ ਵਾਲੇ ਸਵਾਲਾਂ ਦਾ ਨਿਬੇੜਾ ਕਰਨ ਦਾ ਇਕੋ ਇੱਕ ਢੰਗ ਜਮਹੂਰੀ ਢੰਗ ਹੈ, ਬਹਿਸ ਵਿਚਾਰ ਦਾ ਢੰਗ ਹੈ, ਨੁਕਤਾਚੀਨੀ ਦਾ ਢੰਗ ਹੈ, ਪ੍ਰੇਰਨ ਅਤੇ ਸਿਖਿਅਤ ਕਰਨ ਦਾ ਢੰਗ ਹੈ, ਦਬਾਊ ਜਾਂ ਯਰਕਾਊ ਢੰਗ ਨਹੀਂ।*

ਕਮਿਊਨਿਸਟਾਂ ਅਤੇ ਬੁੱਧੀਜੀਵੀਆਂ ਦਾ ਸਬੰਧ ਕੁਝ ਟੇਢਾ ਰਹਿੰਦਾ ਹੈ ਕਿਉਂਕਿ ਕਮਿਊਨਿਸਟ ਵਰਤਾਰਿਆਂ ਨੂੰ ਹਮੇਸ਼ਾ ਚਿੱਟੇ ਜਾਂ ਕਾਲੇ ਰੂਪ ਵਿੱਚ ਵੇਖਣ ਦੇ ਆਦੀ ਹੋਏ ਹੁੰਦੇ ਹਨ ਜਦ ਕਿ ਬੁੱਧੀਜੀਵੀਆਂ ਕੋਲ ਤਰ੍ਹਾਂ ਤਰ੍ਹਾਂ ਦੇ ਵਿਚਾਰ ਆਉਂਦੇ ਜਾਂਦੇ ਰਹਿੰਦੇ ਹਨ, ਉਹ ਵਸਤਾਂ\ਵਰਤਾਰਿਆਂ ਨੂੰ ਨਵੇਂ ਨਵੇਂ ਕੋਣਾਂ ਤੋਂ ਦੇਖਦੇ ਅਤੇ ਪੇਸ਼ ਕਰਦੇ ਹਨ ਜੋ ਬਹੁਤ ਵਾਰ ਕਮਿਊਨਿਸਟ ਕਾਰਕੁੰਨਾਂ ਨੂੰ ਠੀਕ ਨਹੀਂ ਬੈਠਦਾ। ਇਸ ਤੋਂ ਇਲਾਵਾ ਬੁੱਧੀਜੀਵੀ ਵਰਗ ਦੇ ਲੋਕ ਅਕਸਰ ਸਹੂਲਤਮਈ ਜੀਵਨ ਜਿਉਂ ਰਹੇ ਹੁੰਦੇ ਹਨ ਜਿਸ ਕਰਕੇ ਉਨ੍ਹਾਂ ਲਈ ਕਾਮਾ ਜਮਾਤ ਦੀਆਂ ਸਮੱਸਿਆਵਾਂ ਅਤੇ ਨਜ਼ਰੀਏ ਨੂੰ ਸਮਝਣਾ ਸੌਖਾ ਨਹੀਂ ਹੁੰਦਾ। ਇਸ ਵਰਗ ਦੀ ਵਿਸ਼ੇਸ਼ ਸਥਿਤੀ ਕਾਰਣ

ਮਾਓ ਨੇ ਇਸ ਲੇਖ ਵਿੱਚ ਪਹਿਲਾਂ ਬੁੱਧੀਜੀਵੀਆਂ ਨੂੰ ਕਿਹਾ –

ਭਾਵੇਂ ਬੁੱਧੀਜੀਵੀਆਂ ਦੀ ਵੱਡੀ ਗਿਣਤੀ ਨੇ ਤਰੱਕੀ ਕੀਤੀ ਹੈ, ਪਰ ਉਨ੍ਹਾਂ ਨੂੰ ਸੰਤੁਸ਼ਟ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੂੰ ਜ਼ਰੂਰ ਹੀ ਆਪਣੀ ਮੁੜ-ਢਲਾਈ ਜਾਰੀ ਰੱਖਣੀ ਚਾਹੀਦੀ ਹੈ, ਸਹਿਜੇ ਸਹਿਜੇ ਆਪਣਾ ਬੁਰਜੂਆ ਸੰਸਾਰ ਦ੍ਰਿਸ਼ਟੀਕੋਣ ਤਿਆਗਣਾ ਚਾਹੀਦਾ ਹੈ ਅਤੇ ਪ੍ਰੋਲਤਾਰੀ/ਕਮਿਊਨਿਸਟ ਸੰਸਾਰ ਦ੍ਰਿਸ਼ਟੀਕੋਣ ਗ੍ਰਹਿਣ ਕਰਨਾ ਚਾਹੀਦਾ ਹੈ ਤਾਂ ਕਿ ਉਹ ਨਵੇਂ ਸਮਾਜ ਦੀਆਂ ਲੋੜਾਂ ਦੇ ਪੂਰੀ ਤਰ੍ਹਾਂ ਫਿੱਟ ਬੈਠ ਸਕਣ ਅਤੇ ਮਜ਼ਦੂਰਾਂ, ਕਿਸਾਨਾਂ ਨਾਲ ਇਕਮੁੱਠ ਹੋ ਸਕਣ।

ਫਿਰ ਉਸ ਨੇ ਪਾਰਟੀ ਕਾਰਕੁੰਨਾਂ ਨੂੰ ਬੁੱਧੀਜੀਵੀਆਂ ਪ੍ਰਤੀ ਅਪਣਾਈ ਜਾਣ ਵਾਲੀ ਪਹੁੰਚ ਬਾਰੇ ਸਪਸ਼ਟ ਕੀਤਾ – ਸਮਾਜਵਾਦ ਦੀ ਉਸਾਰੀ ਦੇ ਵੱਡੇ ਕਾਰਜ ਲਈ ਚੀਨ ਨੂੰ ਵੱਧ ਤੋਂ ਵੱਧ ਬੁੱਧੀਜੀਵੀਆਂ ਦੀਆਂ ਸੇਵਾਵਾਂ ਦੀ ਲੋੜ ਹੈ। .. ਸਾਡੇ ਕਾਫੀ ਸਾਰੇ ਕਾਮਰੇਡ ਬੁੱਧੀਜੀਵੀਆਂ ਨਾਲ ਇਕਮੁੱਠ ਹੋਣ ਦੇ ਕਾਬਲ ਨਹੀਂ ਹਨ। ਉਹ ਉਨ੍ਹਾਂ ਨਾਲ ਆਪਣੇ ਵਰਤਾਅ ਵਿੱਚ ਬਹੁਤ ਕੁੱਢਰ ਹਨ, ਉਨ੍ਹਾਂ ਦੇ ਕੰਮ ਪ੍ਰਤੀ ਆਦਰ ਦੀ ਘਾਟ ਹੈ ਅਤੇ ਉਹ ਅਜਿਹੇ ਵਿਗਿਆਨਕ ਅਤੇ ਸਭਿਆਚਾਰਕ ਮਾਮਲਿਆਂ ਵਿੱਚ ਦਖਲ ਦਿੰਦੇ ਹਨ, ਜਿੱਥੇ ਦਖਲਅੰਦਾਜੀ ਬੇਲੋੜੀ ਹੈ। ਸਾਨੂੰ ਅਜਿਹੀਆਂ ਸਾਰੀਆਂ ਖਾਮੀਆਂ ਨੂੰ ਜ਼ਰੂਰੀ ਦੂਰ ਕਰਨਾ ਚਾਹੀਦਾ ਹੈ।

ਇਸੇ ਤਕਰੀਰ ਦੇ ਅੱਠਵੇਂ ਨੁਕਤੇ ਵਿੱਚ ਮਾਓ ਨੇ 'ਸੌ ਫੁੱਲ ਖਿੜਨ ਦਿਓ, ਸੌ ਵਿਚਾਰ ਭਿੜਨ ਦਿਓ' ਦੇ ਨਾਅਰੇ ਦੀ ਵਿਆਖਿਆ ਕਰਦੇ ਹੋਏ ਇਸ ਦੀ ਲੋੜ, ਮਹੱਤਤਾ ਅਤੇ ਢੰਗ ਤਰੀਕਿਆਂ ਬਾਰੇ ਕਿਹਾ –

ਵਿਚਾਰਧਾਰਕ ਜਦੋਜਹਿਦ ਘੋਲ ਦੀਆਂ ਦੂਜੀਆਂ ਸ਼ਕਲਾਂ ਵਰਗੀ ਨਹੀਂ ਹੁੰਦੀ, ਕਿਉਂਕਿ ਇਸ ਵਿੱਚ ਸਿਰਫ ਘਾਲਣਾ ਭਰੀ ਦਲੀਲਬਾਜੀ ਕਰਨ ਦੇ ਢੰਗ ਦੀ ਵਰਤੋਂ ਕੀਤੀ ਜਾਂਦੀ ਹੈ, ਨਾ ਕਿ ਕੁੱਢਰ ਦਬਕਿਆਂ ਦੀ।

ਲੋਕ ਪੁੱਛ ਸਕਦੇ ਹਨ ਕਿ ਸਾਡੇ ਦੇਸ਼ ਦੇ ਬਹੁਗਿਣਤੀ ਲੋਕਾਂ ਵੱਲੋਂ ਮਾਰਕਸਵਾਦ ਨੂੰ ਰਹਿਨੁਮਾ ਵਿਚਾਰਧਾਰਾ ਮੰਨਣ ਕਰਕੇ ਕੀ ਇਸ ਦੀ ਪੜਚੋਲ ਕੀਤੀ ਜਾ ਸਕਦੀ ਹੈ? ਪੱਕ ਨਾਲ ਕੀਤੀ ਜਾ ਸਕਦੀ ਹੈ। ਮਾਰਕਸਵਾਦ ਵਿਗਿਆਨਕ ਸੱਚ ਹੈ ਅਤੇ ਇਹ ਕਿਸੇ ਪੜਚੋਲ ਤੋਂ ਨਹੀਂ ਡਰਦਾ। ....ਗਲਤ ਵਿਚਾਰਾਂ ਖਿਲਾਫ਼ ਲੜਨਾ ਟੀਕਾ ਲਗਵਾਉਣ ਵਾਂਗ ਹੈ, ਟੀਕਾ ਲਗਵਾਉਣ (Vaccination) ਨਾਲ ਆਦਮੀ ਬਿਮਾਰੀ ਤੋਂ ਬਚਾਓ ਸ਼ਕਤੀ ਵਿਕਸਿਤ ਕਰ ਲੈਂਦਾ ਹੈ। ਗਮਲਿਆਂ ਵਿੱਚ ਉਗਾਏ ਜਾਣ ਵਾਲੇ ਪੌਦੇ ਮਜਬੂਤ ਨਹੀਂ ਹੁੰਦੇ। 'ਸੌ ਫੁੱਲ ਖਿੜਨ ਦੇਣ ਅਤੇ ਸੌ ਵਿਚਾਰ ਭਿੜਨ ਦੇਣ' ਦੀ ਨੀਤੀ ਲਾਗੂ ਕਰਨ ਨਾਲ ਵਿਚਾਰਧਾਰਕ ਖੇਤਰ ਵਿੱਚ ਮਾਰਕਸਵਾਦ ਦੀ ਪੁਜੀਸ਼ਨ ਕਮਜੋਰ ਨਹੀਂ ਹੋਵੇਗੀ ਬਲਕਿ ਮਜਬੂਤ ਹੋਵੇਗੀ।

ਇਹ ਅਟੱਲ ਹੈ ਕਿ ਬੁਰਜੂਆਜ਼ੀ ਅਤੇ ਨੀਮ-ਬੁਰਜੂਆਜ਼ੀ ਆਪਣੀਆਂ ਵਿਚਾਰਧਰਾਵਾਂ ਦਾ ਪ੍ਰਗਟਾਵਾ ਕਰਨਗੀਆਂ। ਇਹ ਅਟੱਲ ਹੈ ਕਿ ਉਹ ਸਿਆਸੀ ਅਤੇ ਵਿਚਾਰਧਾਰਕ ਸੁਆਲਾਂ ਬਾਰੇ ਹਰ ਸੰਭਵ ਸਾਧਨਾਂ ਨਾਲ ਅਤੇ ਹੱਠੀ ਢੰਗ ਨਾਲ ਆਪਣਾ ਪ੍ਰਗਟਾਵਾ ਕਰਨਗੇ। ਸਾਨੂੰ ਉਨ੍ਹਾਂ ਨੂੰ ਦਬਾਉਣ ਅਤੇ ਆਪਣੇ ਵਿਚਾਰ ਪ੍ਰਗਟ ਕਰਨਤੋਂ ਰੋਕਣ ਦੇ ਢੰਗ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਬਲਕਿ ਉਨ੍ਹਾਂ ਨੂੰ ਇਉਂ ਕਰਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਅਤੇ ਉਸੇ ਵੇਲੇ ਉਨ੍ਹਾਂ ਨਾਲ ਦਲੀਲਬਾਜੀ ਵਿੱਚ ਪੈਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਵਾਜਬ ਪੜਚੋਲ ਕਰਨੀ ਚਾਹੀਦੀ ਹੈ। ....ਤੁਸੀਂ ਗਲਤ ਵਿਚਾਰਾਂ ਦੇ ਪ੍ਰਗਟਾਵੇ 'ਤੇ ਬੰਦਿਸ਼ ਲਗਾ ਸਕਦੇ ਹੋ, ਪਰ ਵਿਚਾਰ ਤਾਂ ਅਜੇ ਵੀ ਰਹਿਣਗੇ । ਦੂਜੇ ਪਾਸੇ, ਜੇ ਸਹੀ ਵਿਚਾਰਾਂ ਨੂੰ ਬਾਹਰਲੀ ਹਵਾ ਲਵਾਏ ਬਗੈਰ ਗਮਲਿਆਂ ਵਿੱਚ ਪਾਲਿਆ ਪੋਸਿਆ ਜਾਂਦਾ ਹੈ ਜਾਂ ਬਿਮਾਰੀਆਂ ਤੋਂ ਬਚਣ ਲਈ ਇਨ੍ਹਾਂ ਦੇ ਟੀਕਾ ਨਹੀਂ ਲਵਾਇਆ ਜਾਂਦਾ ਤਾਂ ਉਹ ਗਲਤ ਵਿਚਾਰਾਂ ਖਿਲਾਫ਼ ਲੜਾਈ ਵਿੱਚ ਜਿੱਤ ਨਹੀਂ ਸਕਣਗੇ। ਇਸ ਲਈ ਸਿਰਫ ਬਹਿਸ ਵਿਚਾਰ, ਪੜਚੋਲ ਅਤੇ ਦਲੀਲਬਾਜੀ ਦੇ ਢੰਗ ਨੂੰ ਲਾਗੂ ਕਰਨ ਨਾਲ ਹੀ ਸਹੀ ਵਿਚਾਰ ਵਿਕਸਿਤ ਕੀਤੇ ਜਾ ਸਕਦੇ ਹਨ ਅਤੇ ਗਲਤ ਵਿਚਾਰਾਂ ਉੱਤੇ ਕਾਬੂ ਪਾਇਆ ਜਾ ਸਕਦਾ ਹੈ।

ਇਹ ਤਕਰੀਰ 27 ਫਰਵਰੀ 1957 ਨੂੰ ਪ੍ਰਕਾਸ਼ਿਤ ਹੋਈ ਜਿਸ ਵਿੱਚ ਲੋਕਾਂ ਨੂੰ ਉਤਸ਼ਾਹਿਤ ਕੀਤਾ ਗਿਆ ਕਿ ਇਨਕਲਾਬ ਬਾਅਦ ਜੋ ਕੁਝ ਹੋਇਆ ਵਾਪਰਿਆ ਹੈ ਉਸ ਦੀ ਬੇਝਿਜਕ ਹੋ ਕੇ ਉਸਾਰੂ ਆਲੋਚਨਾ ਕੀਤੀ ਜਾਵੇ। ਚੱਲ ਰਹੇ ਪ੍ਰਬੰਧ ਬਾਰੇ ਵਿਚਾਰ ਚਾਹੇ 1956 ਵਿੱਚ ਹੀ ਮੰਗ ਲਏ ਗਏ ਸਨ ਪਰ ਸ਼ੁਰੂ ਵਿੱਚ ਲੋਕ ਕੁਝ ਕਹਿਣ ਤੋਂ ਝਿਜਕ ਰਹੇ ਸਨ, ਇਸ ਤਕਰੀਰ ਨਾਲ ਮਾਓ ਵੱਲੋਂ ਉਤਸ਼ਾਹਿਤ ਕਰਨ 'ਤੇ ਇਹ ਮੁਹਿੰਮ ਜੋਰ ਫੜ੍ਹ ਗਈ। ਪਾਰਟੀ ਹੈਡਕੁਆਰਟਰ 'ਤੇ ਲੱਖਾਂ ਦੀ ਗਿਣਤੀ ਵਿੱਚ ਪੱਤਰ ਪਹੁੰਚਣ ਲੱਗੇ ਜਿਨ੍ਹਾਂ ਵਿੱਚ ਵੱਖ ਵੱਖ ਮਸਲਿਆਂ ਬਾਰੇ ਵਿਚਾਰ, ਸ਼ਿਕਾਇਤਾਂ, ਆਲੋਚਨਾਵਾਂ ਅਤੇ ਪਾਰਟੀ ਕੰਮ ਕਾਰ ਬਾਰੇ ਰਾਵਾਂ ਹੁੰਦੀਆਂ ਸਨ। ਉਂਜ ਇਸ ਆਲੋਚਨਾ ਦਾ ਦਾਇਰਾ ਇਹ ਮੰਨਿਆ ਗਿਆ ਸੀ ਕਿ ਇਸ ਵਿੱਚ ਕਮਿਊਨਿਸਟ ਫਲਸਫ਼ੇ ਅਤੇ ਪ੍ਰਬੰਧ ਦੇ ਬੁਨਿਆਦੀ ਸਿਧਾਂਤਾਂ ਬਾਰੇ ਆਲੋਚਨਾ ਸ਼ਾਮਲ ਨਹੀਂ ਹੋ ਸਕਦੀ ਸੀ, ਪਰ ਹੌਲੀ ਹੌਲੀ ਆਲੋਚਨਾ ਇਸ ਦਾਇਰੇ ਨੂੰ ਪਾਰ ਕਰਨ ਲੱਗੀ। ਕਾਲਜਾਂ, ਯੂਨੀਵਰਸਿਟੀਆਂ ਅਤੇ ਬੁੱਧੀਜੀਵੀਆਂ ਵਿੱਚ ਜੋਸ਼ ਵਿਚਾਰਧਾਰਕ ਹੱਦ ਬੰਨ੍ਹੇ ਟੱਪਣ ਲੱਗਾ। ਉਹ ਬੁੱਧੀਜੀਵੀਆਂ ਉੱਤੇ ਪਾਰਟੀ ਦੇ ਕੰਟਰੋਲ, ਸੋਵੀਅਤ ਮਾਡਲ ਦੀ ਅੰਨ੍ਹੇਵਾਹ ਨਕਲ, ਚੀਨ ਵਿੱਚ ਨੀਵੇਂ ਜੀਵਨ ਮਿਆਰ, ਵਿਦੇਸ਼ੀ ਸਾਹਿਤ ਉੱਤੇ ਪਾਬੰਦੀ, ਪਾਰਟੀ ਕਾਡਰ ਨੂੰ ਸਹੂਲਤਾਂ ਅਤੇ ਆਰਥਿਕ ਭ੍ਰਿਸ਼ਟਾਚਾਰ ਆਦਿ ਦੇ ਖਿਲਾਫ਼ ਖੁੱਲ੍ਹ ਕੇ ਬੋਲਣ ਲੱਗੇ। ਪੀਕਿੰਗ ਯੂਨੀਵਰਸਿਟੀ ਵਿੱਚ 'ਜਮਹੂਰੀਅਤ ਦੀ ਦੀਵਾਰ'

ਕਾਇਮ ਕੀਤੀ ਗਈ ਜਿਸ ਉੱਤੇ ਪੋਸਟਰ ਅਤੇ ਲਿਖਤਾਂ ਲਗਾ ਕੇ ਸਰਕਾਰ ਦੀ ਆਲੋਚਨਾ ਕੀਤੀ ਜਾ ਰਹੀ ਸੀ।

ਜੁਲਾਈ 1957 ਵਿੱਚ ਇਸ ਮੁਹਿੰਮ ਨੂੰ ਬੰਦ ਕਰ ਦਿੱਤਾ ਗਿਆ ਅਤੇ ਇਸ ਬਾਅਦ ਸੱਜੇ ਪੱਖੀਆਂ ਖਿਲਾਫ਼ ਮੁਹਿੰਮ ਚੱਲ ਪਈ ਜਿਸ ਵਿੱਚ ਉਲਟ ਵਿਚਾਰ ਰੱਖਣ ਵਾਲੇ ਹਜਾਰਾਂ ਪਾਰਟੀ ਕਾਮਿਆਂ, ਆਗੂਆਂ ਅਤੇ ਬੁੱਧੀਜੀਵੀਆਂ ਉੱਤੇ ਕਾਰਵਾਈ ਕੀਤੀ ਗਈ। ਇਹ ਕਾਰਵਾਈ ਆਮ ਕਰਕੇ ਇਕੱਠ ਵਿੱਚ ਨੁਕਤਾਚੀਨੀ ਕਰਨ, ਸਰੀਰਕ ਮਿਹਨਤ ਦੀ ਸਜਾ ਲਾਉਣ, ਪਾਰਟੀ ਵਿਚੋਂ ਖਾਰਜ ਕਰਨ ਦੀ ਹੁੰਦੀ ਸੀ ਅਤੇ ਕੁਝ ਮਾਮਲਿਆਂ ਵਿੱਚ ਕੈਦ ਜਾਂ ਸਰੀਰਕ ਸਜਾ ਦਿੱਤੀ ਗਈ।

ਮਾਓ ਜ਼ੇ ਤੁੰਗ ਵੱਲੋਂ ਸ਼ੁਰੂ ਕੀਤੀ ਗਈ ਇਸ ਮੁਹਿੰਮ ਬਾਰੇ ਦੋ ਤਰ੍ਹਾਂ ਦੇ ਵਿਚਾਰ ਸਾਹਮਣੇ ਆਉਂਦੇ ਹਨ। ਮਾਓ ਦੇ ਵਿਰੋਧੀਆਂ ਦਾ ਵਿਚਾਰ ਹੈ ਕਿ ਇਹ ਮੁਹਿੰਮ ਸ਼ੁਰੂ ਕਰਨ ਦਾ ਮਕਸਦ ਉਨ੍ਹਾਂ ਲੋਕਾਂ ਨੂੰ ਨੰਗੇ ਕਰਨ ਦਾ ਸੀ ਜੋ ਉਸ ਤੋਂ ਵਿਰੋਧੀ ਵਿਚਾਰ ਰਖਦੇ ਸਨ ਤਾਂ ਜੋ ਉਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾ ਸਕੇ। ਇਹ ਵਿਰੋਧੀ ਲੋਕ ਇਸ ਭੁਚਲਾਵੇ ਵਿੱਚ ਆ ਗਏ ਕਿ ਕਿਤੇ ਸਚਮੁੱਚ ਹੀ ਉਨ੍ਹਾਂ ਨੂੰ ਵਿਰੋਧ ਕਰਨ ਦਾ ਜਮਹੂਰੀ ਹੱਕ ਮਿਲ ਗਿਆ ਹੈ ਪਰ ਥੋੜ੍ਹੇ ਸਮੇਂ ਬਾਅਦ ਹੀ ਇਸ ਖੁੱਲ੍ਹ ਨੂੰ ਖਤਮ ਕਰ ਕੇ ਸਜਾ ਵਾਲੀ ਕਾਰਵਾਈ ਆਰੰਭ ਦਿੱਤੀ ਗਈ। ਇਸ ਦੇ ਮੁਕਾਬਲੇ ਮਾਓ ਦੇ ਰੋਲ ਨੂੰ ਹਮਦਰਦੀ ਨਾਲ ਵਾਚਣ ਵਾਲੇ ਵਿਸ਼ਲੇਸ਼ਕਾਂ ਦਾ ਮੱਤ ਹੈ ਕਿ ਮਾਓ ਨੇ 'ਸੌ ਫੁੱਲ ਖਿੜਨ ਦਿਓ' ਵਾਲਾ ਨਾਅਰਾ ਦਿੱਤਾ ਤਾਂ ਹਰ ਤਰ੍ਹਾਂ ਦੇ ਵਿਚਾਰਾਂ ਨੂੰ ਜਾਣਨ ਅਤੇ ਉਨ੍ਹਾਂ ਵਿਚਕਾਰ ਸੰਵਾਦ ਰਚਾਉਣ ਲਈ ਸੀ ਪਰ ਜਦ ਇਹ ਮੁਹਿੰਮ ਵਿਚਾਰਧਾਰਕ ਹੱਦਾਂ ਟੱਪਣ ਲੱਗੀ ਤਾਂ 'ਜਹਿਰੀਲੀਆਂ ਬੂਟੀਆਂ' ਨੂੰ ਕੱਢਣ ਦੀ ਲੋੜ ਮਹਿਸੂਸ ਹੋ ਗਈ।

***

# ਸੰਸਾਰ ਕਮਿਊਨਿਸਟ ਲਹਿਰ ਵਿੱਚ ਫੁੱਟ

ਖਰੁਸ਼ਚੋਵ ਵੱਲੋਂ ਸਟਾਲਿਨ ਦੀ ਕੀਤੀ ਆਲੋਚਨਾ ਅਤੇ ਵੀਹਵੀਂ ਪਾਰਟੀ ਕਾਂਗਰਸ ਵਿੱਚ ਪਾਸ ਕੀਤੀ ਸੋਧ ਨੇ ਸੰਸਾਰ ਕਮਿਊਨਿਸਟ ਲਹਿਰ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਰੱਖ ਦਿੱਤਾ। ਚਾਹੇ ਅਲਬਾਨੀਆ ਨੂੰ ਛੱਡ ਕੇ ਪੂਰਬੀ ਯੌਰਪ ਦੇ ਕਮਿਊਨਿਸਟ ਦੇਸ਼ ਤਾਂ ਰੂਸੀ ਪ੍ਰਭਾਵ ਅਧੀਨ ਹੋਣ ਕਰਕੇ ਖਰੁਸ਼ਚੋਵ ਨਾਲ ਹੀ ਖੜ੍ਹੇ ਪਰ ਆਬਾਦੀ ਪੱਖੋਂ ਸਭ ਤੋਂ ਵੱਡੇ ਕਮਿਊਨਿਸਟ ਮੁਲਕ ਚੀਨ ਦੇ ਆਗੂ ਮਾਓ ਜੇ ਤੁੰਗ ਨੇ ਇਸ ਦੇ ਖਿਲਾਫ਼ ਸਟੈਂਡ ਲਿਆ। ਜੇ ਮਾਮਲਾ ਕੇਵਲ ਸਟਾਲਿਨ ਦੀਆਂ ਜਿਆਦਤੀਆਂ ਵਾਲਾ ਹੀ ਹੁੰਦਾ ਤਾਂ ਸ਼ਾਇਦ ਐਨਾ ਫਰਕ ਨਾ ਪੈਂਦਾ ਕਿਉਂਕਿ ਚੀਨੀ ਕਮਿਊਨਿਸਟ ਵੀ ਇਹ ਤਾਂ ਮੰਨਦੇ ਸਨ ਕਿ ਸਟਾਲਿਨ ਨੇ ਗਲਤੀਆਂ ਕੀਤੀਆਂ, ਉਸ ਨੇ ਪਾਰਟੀ ਵਿੱਚ ਵਿਰੋਧੀ ਵਿਚਾਰ ਰੱਖਣ ਵਾਲਿਆਂ ਨਾਲ ਇਨਕਲਾਬ ਦੁਸ਼ਮਣਾਂ ਵਾਲਾ ਸਲੂਕ ਕੀਤਾ ਜੋ ਕਿਸੇ ਵੀ ਤਰ੍ਹਾਂ ਵਾਜਿਬ ਨਹੀਂ ਬਣਦਾ ਸੀ। ਉਹ ਸਟਾਲਿਨ ਦੀ ਇਹ ਵੀ ਗਲਤੀ ਕੱਢਦੇ ਸਨ ਕਿ ਉਹ ਸੋਸ਼ਲਿਜ਼ਮ ਦੌਰਾਨ ਸੋਸ਼ਕ ਜਮਾਤਾਂ ਦੇ ਉਭਰਣ ਦੀ ਸੰਭਾਵਨਾ ਨੂੰ ਦੇਖ ਨਹੀਂ ਸਕਿਆ ਅਤੇ ਸੋਵੀਅਤ ਸਮਾਜ ਦੀਆਂ ਅੰਦਰੂਨੀ ਵਿਰੋਧਤਾਈਆਂ ਨੂੰ ਅਣਗੌਲਿਆਂ ਕਰਕੇ ਕੇਵਲ ਬਾਹਰੀ ਖਤਰੇ 'ਤੇ ਹੀ ਜੋਰ ਦਿੰਦਾ ਰਿਹਾ। ਖੇਤੀ ਦੇ ਸਮੂਹੀਕਰਨ ਤੋਂ ਬਾਅਦ ਉਸ ਨੇ ਐਲਾਨ ਕਰ ਦਿੱਤਾ ਕਿ ਇਥੇ ਹੁਣ ਕੋਈ ਵਿਰੋਧੀ ਜਮਾਤਾਂ ਨਹੀਂ ਹਨ।* ਪਰ ਮਾਓ ਦਾ ਕਹਿਣਾ ਸੀ ਕਿ 'ਉਸ ਦੇ ਗੁਣ, ਉਸ ਦੀਆਂ ਗਲਤੀਆਂ ਨਾਲੋਂ ਬਹੁਤ ਵੱਡੇ ਸਨ।' ਸੋ ਸਟਾਲਿਨ ਬਾਰੇ ਤਾਂ ਖਰੁਸ਼ਚੋਵ ਉੱਤੇ ਇਹੀ ਇਤਰਾਜ਼ ਸੀ ਕਿ ਉਸ ਨੇ ਸਟਾਲਿਨ ਦੀਆਂ ਗਲਤੀਆਂ ਨੂੰ ਗਲਤ ਢੰਗ ਨਾਲ ਪੇਸ਼ ਕਰਦੇ ਹੋਏ ਉਸ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਮਾਓ ਦਾ ਰੂਸੀ ਕਮਿਊਨਿਸਟ ਪਾਰਟੀ ਨਾਲ ਰੌਲਾ ਇਸ ਗੱਲ 'ਤੇ ਵੱਧ ਸੀ ਕਿ ਖਰੁਸ਼ਚੋਵ ਵੱਲੋਂ ਜੋ ਸਿਧਾਂਤ ਲਿਆਂਦਾ ਗਿਆ ਹੈ ਕਿ ਵੱਖੋ ਵੱਖਰੇ ਪ੍ਰਬੰਧ ਵਾਲੇ ਦੇਸ਼ਾਂ ਵਿਚਕਾਰ 'ਸ਼ਾਂਤਮਈ ਸਹਿਹੋਂਦ' ਅਤੇ 'ਸ਼ਾਂਤਮਈ ਮੁਕਾਬਲਾ' ਹੋਣ ਅਤੇ ਇਸ ਤੋਂ ਵੀ ਵੱਧ ਇਹ ਕਹਿਣਾ ਕਿ ਸਮਾਜਵਾਦ ਵੱਲ ਤਬਦੀਲੀ 'ਸ਼ਾਂਤਮਈ ਢੰਗ' ਨਾਲ ਵੀ ਸੰਭਵ ਹੈ, ਇਹ ਮਾਰਕਸਵਾਦ-ਲੈਨਿਨਵਾਦ ਦੇ ਅਨੁਸਾਰੀ ਨਹੀਂ ਹੈ। ਸੋ ਰੂਸੀ ਕਮਿਊਨਿਸਟ ਪਾਰਟੀ

ਦੀ ਵੀਹਵੀਂ ਕਾਂਗਰਸ ਤੋਂ ਤੁਰੰਤ ਪਿਛੋਂ ਹੀ ਅਪ੍ਰੈਲ 1956 ਵਿੱਚ ਚੀਨੀ ਕਮਿਊਨਿਸਟ ਪਾਰਟੀ ਨੇ ਇੱਕ ਡਾਕੂਮੈਂਟ ਜਾਰੀ ਕੀਤਾ, 'ਪ੍ਰੋਲਤਾਰੀ ਡਿਕਟੇਟਰਸ਼ਿਪ ਦੇ ਇਤਿਹਾਸਕ ਤਜਰਬੇ ਬਾਰੇ'। ਇਸ ਵਿੱਚ ਉਨ੍ਹਾਂ ਨੇ ਸਟਾਲਿਨ ਨੂੰ ਮਹਾਨ ਮਾਰਕਸਵਾਦੀ-ਲੈਨਿਨਵਾਦੀ ਦਸਦੇ ਹੋਏ ਉਸ ਦੀ ਰੂਸ ਵਿੱਚ ਸਮਾਜਵਾਦ ਉਸਾਰੀ ਅਤੇ ਸੰਸਾਰ ਜੰਗ ਵਿੱਚ ਸ਼ਾਨਦਾਰ ਅਗਵਾਈ ਦੇ ਯੋਗਦਾਨ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਖ਼ਰੁਸ਼ਚੋਵ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਕਮਜ਼ੋਰ ਕਰਨ ਦਾ ਭਾਗੀਦਾਰ ਹੈ।

ਇਸੇ ਸਮੇਂ ਚੀਨੀ ਕਮਿਊਨਿਸਟ ਪਾਰਟੀ ਦਾ ਪ੍ਰਧਾਨ ਲਿਉ ਸ਼ਾਊ-ਚੀ[8] ਵੀ ਰੂਸੀ ਪਾਰਟੀ ਦੀ ਲਾਈਨ 'ਤੇ ਹੀ ਚੱਲ ਰਿਹਾ ਸੀ ਉਸ ਮੁਤਾਬਿਕ ਵੀ ਸਮਾਜਵਾਦ ਨੂੰ ਮਜਬੂਤ ਕਰਨ ਲਈ ਹੁਣ ਪੈਦਾਵਾਰ ਨੂੰ ਵਧਾਉਣ ਦੀ ਲੋੜ ਹੈ। ਜਮਾਤੀ ਸੰਘਰਸ਼ ਦੀ ਬਜਾਏ ਹੁਣ ਪੈਦਾਵਾਰੀ ਤਾਕਤਾਂ ਦੇ ਵਿਕਾਸ ਲਈ ਸੰਘਰਸ਼ ਦੀ ਲੋੜ ਹੈ। ਮਾਓ ਰੂਸੀ ਤਜਰਬੇ ਵਿਚੋਂ ਆਪਣੇ ਸਿੱਟੇ ਕੱਢੀ ਬੈਠਾ ਸੀ, ਉਸ ਅਨੁਸਾਰ ਕਿ ਸਮਾਜਵਾਦੀ ਦੌਰ ਵਿੱਚ ਵੀ ਜਮਾਤੀ ਸੰਘਰਸ਼ ਲਗਾਤਾਰ ਚਲਾਉਣ ਦੀ ਲੋੜ ਹੈ ਕਿਉਂਕਿ ਮਨਾਂ ਵਿੱਚ ਬੈਠੇ ਪੁਰਾਣੇ ਵਿਚਾਰ, ਸੰਸਕਾਰ, ਰੀਤੀ ਰਿਵਾਜ ਆਦਿ ਸੋਸ਼ਕ ਜਮਾਤ ਦੇ ਮੁੜ ਮੁੜ ਪੈਦਾ ਹੋਣ ਲਈ ਆਧਾਰ ਬਖਸ਼ਦੇ ਰਹਿੰਦੇ ਹਨ, ਜਿਸ ਖਿਲਾਫ਼ ਲੜਾਈ ਲਗਾਤਾਰ ਚਲਦੀ ਰਹਿਣੀ ਚਾਹੀਦੀ ਹੈ। ਸਤੰਬਰ 1956 ਵਿੱਚ ਹੋਈ ਚੀਨੀ ਕਮਿਊਨਿਸਟ ਪਾਰਟੀ ਦੀ ਅੱਠਵੀਂ ਕਾਂਗਰਸ ਵਿੱਚ ਲਿਉ ਸ਼ਾਊ ਚੀ ਦੀ ਲਾਈਨ ਭਾਰੂ ਰਹੀ ਕਿ ਸਾਡੇ ਵਿਕਸਿਤ ਸਮਾਜਵਾਦੀ ਪ੍ਰਬੰਧ ਦੇ ਮੁਕਾਬਲੇ ਸਾਡੀਆਂ ਪੈਦਾਵਾਰੀ ਤਾਕਤਾਂ ਪਛੜੀਆਂ ਹੋਈਆਂ ਹਨ, ਸੋ ਪੈਦਾਵਾਰੀ ਤਾਕਤਾਂ ਦਾ ਤੇਜੀ ਨਾਲ ਵਿਕਾਸ ਕਰਕੇ ਇਸ ਵਿਰੋਧਤਾਈ ਦਾ ਹੱਲ ਕਰਨਾ ਸਾਡਾ ਫੌਰੀ ਕਾਰਜ ਹੈ। ਜੇ ਚੀਨੀ ਕਮਿਊਨਿਸਟ ਪਾਰਟੀ ਵਿੱਚ ਇਹੀ ਲਾਈਨ ਭਾਰੂ ਬਣੀ ਰਹਿੰਦੀ ਤਾਂ ਰੂਸੀ ਪਾਰਟੀ ਨਾਲ ਕੋਈ ਰੱਫੜ ਨਹੀਂ ਪੈਦਾ ਸੀ ਕਿਉਂਕਿ ਇਹ ਲਾਈਨ ਤਾਂ ਖਰੁਸ਼ਚੋਵ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਸੀ। ਪਰ ਮਾਓ-ਜ਼ੇ-ਤੁੰਗ ਨੇ ਅੰਤਰਰਾਸ਼ਟਰੀ ਪੱਧਰ ਦੇ ਨਾਲ ਨਾਲ ਦੇਸ਼ ਅੰਦਰ ਵੀ ਇਸ ਲਾਈਨ ਖਿਲਾਫ਼ ਮੁਹਿੰਮ ਚਲਾ ਦਿੱਤੀ। ਮਾਓ ਦਾ ਪਾਰਟੀ ਅੰਦਰਲੇ ਵਿਰੋਧਾਂ ਨੂੰ ਨਜਿੱਠਣ ਦਾ ਢੰਗ ਬੜਾ ਨਿਵੇਕਲਾ ਸੀ, ਜੋ ਸਟਾਲਿਨ ਦੇ ਗੋਲੀ ਮਾਰ ਢੰਗ ਦੇ ਮੁਕਾਬਲੇ ਜਮਹੂਰੀ ਵੀ ਸੀ ਅਤੇ ਵੱਧ ਸਫਲ ਵੀ। ਜਦ ਉਸ ਨੂੰ ਜਾਪਦਾ ਕਿ ਪਾਰਟੀ ਦੇ ਬਾਕੀ ਆਗੂ ਉਸ ਦੀ ਲਾਈਨ ਦੇ ਉਲਟ ਜਾ ਰਹੇ ਹਨ ਤਾਂ ਉਹ ਹੇਠਲੇ ਕਾਡਰ ਨੂੰ ਉਨ੍ਹਾਂ ਖਿਲਾਫ਼ ਸਰਗਰਮ ਕਰ ਦਿੰਦਾ। ਸੋ 1956 ਵਿੱਚ ਪਾਰਟੀ ਦੀ ਲਾਈਨ ਅੰਨ੍ਹੇਵਾਹ ਮੰਨਣ ਦੀ ਬਜਾਏ ਪਾਰਟੀ ਆਗੂਆਂ ਨੂੰ ਆਲੋਚਨਾ ਦੀ ਮਾਰ ਹੇਠ ਲਿਆਉਂਦੀ ਮੁਹਿੰਮ ਖੜ੍ਹੀ ਕਰ ਦਿੱਤੀ ਜਿਸ ਦਾ ਨਾਹਰਾ ਸੀ, 'ਸੌ ਫੁੱਲ ਖਿੜਨ ਦਿਓ, ਸੌ ਵਿਚਾਰ ਭਿੜਨ ਦਿਓ' ਯਾਨੀ ਕਿ ਹਰ ਤਰ੍ਹਾਂ ਦੇ ਵਿਚਾਰ ਅੱਗੇ ਆਉਣ ਦਿਓ,

[8]The Great Debate ਸਰਵਹਾਰਾ ਪ੍ਰਕਾਸ਼ਨ ਦੀ ਭੂਮਿਕਾ ਵਿਚੋਂ

ਪਾਰਟੀ ਡਿਸਪਲਿਨ ਦੇ ਨਾਂ 'ਤੇ ਇਨ੍ਹਾਂ ਦਾ ਗਲ ਨਾ ਘੁੱਟੋ। ਉਸ ਨੇ ਪਾਰਟੀ ਮੈਂਬਰਾਂ ਨੂੰ ਚੈਲਿੰਜ ਕਰਦੇ ਹੋਏ ਕਿਹਾ, 'ਲੋਕਾਂ ਨੂੰ ਬੋਲਣ ਦਿਉ, ਇਸ ਨਾਲ ਅਸਮਾਨ ਨਹੀਂ ਡਿੱਗਣ ਲੱਗਾ।' ਇਸ ਮੁਹਿੰਮ ਨਾਲ ਉਹ ਪਾਰਟੀ ਨੂੰ ਸੱਜੇ ਰਾਹ ਤੋਂ ਮੋੜਨ ਵਿੱਚ ਕਾਫੀ ਕਾਮਯਾਬ ਹੋ ਗਿਆ। ਦੇਸ਼ ਵਿੱਚ ਇਹ ਤਜਰਬਾ ਹਾਸਲ ਕਰਨ ਉਪਰੰਤ ਮਾਓ ਨਵੰਬਰ 1957 ਰੂਸੀ ਇਨਕਲਾਬ ਦੀ ਚਾਲ੍ਹੀਵੀਂ ਵਰ੍ਹੇਗੰਢ ਮੌਕੇ ਸੋਵੀਅਤ ਰੂਸ ਗਿਆ। ਉਥੇ ਵੀ ਮਾਓ ਅਤੇ ਰੂਸੀ ਲਾਈਨ ਵਿੱਚ ਮੱਤਭੇਦ ਬਣੇ ਰਹੇ। ਜਿੱਥੇ ਰੂਸ ਵਾਲੇ ਪ੍ਰਮਾਣੂ ਜੰਗ ਦਾ ਹਵਾਲਾ ਦੇ ਕੇ ਅਮਨ ਪੂਰਵਕ ਤਬਦੀਲੀਆਂ ਦੇ ਹੱਕ ਵਿੱਚ ਦਲੀਲ ਦਿੰਦੇ ਸਨ ਉਥੇ ਮਾਓ ਦਾ ਕਹਿਣਾ ਸੀ ਕਿ ਜੰਗ ਤੋਂ ਪੱਕਾ ਛੁਟਕਾਰਾ ਸਾਰੇ ਦੇਸ਼ਾਂ ਵਿੱਚ ਇਨਕਲਾਬੀ ਤਾਕਤਾਂ ਦੇ ਮਜਬੂਤ ਹੋਣ ਨਾਲ ਹੀ ਹੋਵੇਗਾ। ਉਸ ਦਾ ਕਹਿਣਾ ਸੀ ਕਿ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਦੇਸ਼ ਸਾਮਰਾਜ ਤੋਂ ਆਜਾਦੀ ਲਈ ਜਦੋਜਹਿਦ ਕਰ ਰਹੇ ਹਨ ਅਤੇ ਸਮਾਜਵਾਦੀ ਕੈਂਪ ਦਾ ਫਰਜ਼ ਬਣਦਾ ਹੈ ਕਿ ਉਨ੍ਹਾਂ ਦੀ ਡਟ ਕੇ ਮਦਦ ਕੀਤੀ ਜਾਵੇ। ਆਜਾਦੀ ਲਹਿਰਾਂ ਦੀ ਸਫਲਤਾ ਅਤੇ ਸਮਾਜਵਾਦੀ ਕੈਂਪ ਦੀ ਮਜਬੂਤੀ ਹੀ ਸਾਮਰਾਜ ਨੂੰ ਕਮਜੋਰ ਕਰੇਗੀ ਅਤੇ ਪੱਕੇ ਅਮਨ ਦੀ ਗਾਰੰਟੀ ਕਰੇਗੀ। ਮਾਓ ਨੇ ਆਪਣੇ ਭਾਸ਼ਨ ਵਿੱਚ ਕਮਿਊਨਿਸਟ ਸੰਸਾਰ ਨੂੰ ਪੂੰਜੀਵਾਦੀ ਸੰਸਾਰ ਨਾਲੋਂ ਵੱਧ ਤਾਕਤਵਰ ਦਸਦੇ ਹੋਏ ਕਿਹਾ ਕਿ "ਪੂਰਬੀ ਹਵਾ, ਪੱਛਮੀ ਹਵਾ ਉੱਤੇ ਭਾਰੂ ਪੈ ਰਹੀ ਹੈ"। ਮੱਤਭੇਦਾਂ ਦੇ ਬਾਵਜੂਦ ਇੱਕ ਸਾਂਝੇ ਬਿਆਨ ਉੱਤੇ ਸਹਿਮਤੀ ਦਿਖਾਈ ਗਈ। ਅਗਲੇ ਦੋ ਤਿੰਨ ਸਾਲ ਮੱਤਭੇਦਾਂ ਦੇ ਬਾਵਜੂਦ ਆਪਸੀ ਸਬੰਧ ਚਲਦੇ ਰਹੇ। ਖਰੁਸ਼ਚੋਵ ਦਾ ਕਹਿਣਾ ਸੀ ਕਿ ਚੀਨੀ ਕਮਿਊਨਿਸਟ ਪਾਰਟੀ ਵਿੱਚ ਕੁਝ ਕੱਟੜ ਰੂੜ੍ਹੀਵਾਦੀ ਲੋਕ ਹੀ ਉਨ੍ਹਾਂ ਦੀ ਲਾਈਨ ਨਾਲ ਸਹਿਮਤ ਨਹੀਂ ਹੋ ਰਹੇ। ਸੋ ਉਸ ਨੂੰ ਆਸ ਸੀ ਕਿ ਚੀਨੀ ਪਾਰਟੀ ਵਿੱਚ ਉਸ ਦੀ ਲਾਈਨ ਨਾਲ ਸਹਿਮਤ ਹੋਣ ਵਾਲੇ ਲੋਕ ਭਾਰੂ ਹੋ ਜਾਣਗੇ ਪਰ ਇੰਜ ਨਾ ਹੋਇਆ। ਪਾਰਟੀ ਵਿੱਚ ਖਰੁਸ਼ਚੋਵ ਪੱਖੀ ਵਿਚਾਰਾਂ ਦੀ ਅਗਵਾਈ ਕਰਨ ਵਾਲਾ ਪੈਂਗ ਤੇਹ ਹੂਈ ਰੱਖਿਆ ਮੰਤਰੀ ਦੇ ਆਪਣੇ ਅਹੁਦੇ ਤੋਂ ਲਾਹ ਦਿੱਤਾ ਗਿਆ ਅਤੇ ਉਸ ਦੀ ਜਗ੍ਹਾ ਖੱਬੇ ਪੱਖੀ ਲਿਨ ਪਿਆਓ ਆ ਗਿਆ। ਇਸ ਤਰ੍ਹਾਂ ਮਾਓ ਦਾ ਖਰੁਸ਼ਚੋਵ ਦੀ ਵਿਚਾਰਧਾਰਾ ਨਾਲ ਸੰਘਰਸ਼ ਕੌਮਾਂਤਰੀ ਪੱਧਰ ਦੇ ਨਾਲ ਨਾਲ ਚੀਨੀ ਕਮਿਊਨਿਸਟ ਪਾਰਟੀ ਦੇ ਅੰਦਰ ਵੀ ਚੱਲਿਆ ਜਿਸ ਵਿੱਚ ਉਹ ਆਪਣੀ ਲੀਹ ਨੂੰ ਭਾਰੂ ਰੱਖਣ ਵਿੱਚ ਸਫਲ ਰਿਹਾ। ਇਸ ਤਰ੍ਹਾਂ ਮੱਤਭੇਦ ਵਧਦੇ ਜਾਣ 'ਤੇ ਰੂਸ ਨੇ ਜੁਲਾਈ 1960 ਵਿੱਚ ਚੀਨ ਵਿਚੋਂ ਆਪਣੇ ਮਾਹਿਰ ਵਾਪਸ ਬੁਲਾ ਲਈ ਅਤੇ ਰੂਸੀ ਸਹਾਇਤਾ ਨਾਲ ਚੱਲ ਰਹੇ ਪ੍ਰੋਜੈਕਟਾਂ 'ਤੇ ਕੰਮ ਰੋਕ ਦਿੱਤਾ। ਅਗਲੇ ਸਾਲ ਰੂਸੀ ਕਮਿਊਨਿਸਟ ਪਾਰਟੀ ਦੀ 22ਵੀਂ ਕਾਂਗਰਸ ਵਿੱਚ ਸਿਧਾਂਤਕ ਮੱਤਭੇਦ ਹੋਰ ਗੰਭੀਰ ਰੂਪ ਧਾਰਨ ਕਰ ਗਏ। ਰੂਸੀ ਪਾਰਟੀ ਦੀ ਇਸ

ਕਾਂਗਰਸ ਵਿੱਚ ਪਾਸ ਕੀਤਾ ਗਿਆ ਕਿ ਹੁਣ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਜ਼ਰੂਰਤ ਨਹੀਂ ਰਹੀ, ਹੁਣ ਸਮੂਹ ਲੋਕਾਂ ਦਾ ਰਾਜ ਹੈ ਅਤੇ ਰੂਸੀ ਕਮਿਊਨਿਸਟ ਪਾਰਟੀ ਕੇਵਲ ਮਜ਼ਦੂਰ ਜਮਾਤ ਦੀ ਪਾਰਟੀ ਨਾ ਹੋ ਕੇ ਸਮੂਹ ਲੋਕਾਂ ਦੀ ਪਾਰਟੀ ਹੈ। ਇਸ ਕਾਂਗਰਸ ਵਿੱਚ ਅਲਬਾਨੀਆ ਦੀ ਕਮਿਊਨਿਸਟ ਪਾਰਟੀ ਖਿਲਾਫ਼ ਵੀ ਮਤਾ ਪਾਸ ਕੀਤਾ ਗਿਆ। ਚੀਨੀ ਕਮਿਊਨਿਸਟ ਪਾਰਟੀ ਦੇ ਨੁਮਾਇੰਦੇ ਚਾਊ ਐਨ ਲਾਈ ਨੇ ਇਨ੍ਹਾਂ ਨੁਕਤਿਆਂ ਬਾਰੇ ਆਪਣਾ ਵਿਰੋਧ ਜਤਾਇਆ ਅਤੇ ਉਹ ਇਜਲਾਸ ਨੂੰ ਵਿਚਕਾਰ ਛੱਡ ਕੇ ਚੀਨ ਪਰਤ ਆਇਆ। 1963 ਵਿੱਚ ਇੱਕ ਵਾਰ ਫੇਰ ਦੋਵਾਂ ਪਾਰਟੀਆਂ ਦੀ ਮੀਟਿੰਗ ਕਰ ਕੇ ਮਤਭੇਦ ਹੱਲ ਕਰਨ ਦੀ ਗੱਲ ਚੱਲੀ ਪਰ ਇਸ ਦੌਰਾਨ ਹੀ ਦੋਹਾਂ ਪਾਰਟੀਆਂ ਵੱਲੋਂ ਆਪਣੇ ਸਿਧਾਂਤਕ ਪੈਂਤੜੇ ਨੂੰ ਸਹੀ ਸਾਬਤ ਕਰਨ ਲਈ ਚਿੱਠੀਆਂ ਦਾ ਦੌਰ ਚੱਲ ਪਿਆ। ਆਪਣੀ 30 ਮਾਰਚ 1963 ਦੀ ਚਿੱਠੀ ਵਿੱਚ ਰੂਸੀ ਕਮਿਊਨਿਸਟ ਪਾਰਟੀ ਨੇ ਲਿਖਿਆ ਕਿ ਸ਼ਾਂਤਮਈ ਸਹਿਹੋਂਦ ਦਾ ਅਰਥ ਸਮਾਜਵਾਦੀ ਅਤੇ ਬੁਰਜੂਆ ਵਿਚਾਰਧਾਰਾਵਾਂ ਵਿਚਕਾਰ ਸਹਿਮਤੀ ਪੈਦਾ ਕਰਨੀ ਨਹੀਂ, ਇਨ੍ਹਾਂ ਵਿਚਕਾਰ ਵਿਚਾਰਧਾਰਕ, ਰਾਜਨੀਤਕ ਅਤੇ ਆਰਥਿਕ ਸੰਘਰਸ਼ ਤਾਂ ਚਲਦਾ ਹੀ ਰਹੇਗਾ ਅਤੇ ਜਮਾਤੀ ਸੰਘਰਸ਼ ਵੀ ਚੱਲੇਗਾ ਅਤੇ ਜਿੱਥੇ ਲੋਕਾਂ ਨੂੰ ਲੋੜ ਲੱਗੇ ਇਹ ਸੰਘਰਸ਼ ਹਥਿਆਰਬੰਦ ਰੂਪ ਵੀ ਲੈ ਸਕਦਾ ਹੈ। .....ਪਰ ਸਾਨੂੰ ਦੁਨੀਆ ਨੂੰ ਸੰਸਾਰ ਜੰਗ ਤੋਂ ਬਚਾਉਣਾ ਚਾਹੀਦਾ ਕਿਉਂਕਿ ਪ੍ਰਮਾਣੂ ਹਥਿਆਰਾਂ ਦੇ ਜ਼ਮਾਨੇ ਵਿੱਚ ਇਸ ਨਾਲ ਮਨੁੱਖ ਜਾਤੀ ਦੀ ਪੂਰਨ ਤਬਾਹੀ ਵੀ ਹੋ ਸਕਦੀ ਹੈ। ਉਨ੍ਹਾਂ ਨੇ ਆਪਣੀ ਲਾਈਨ ਦੇ ਹੱਕ ਵਿੱਚ ਕਿਹਾ ਕਿ ਅਮਨ ਦੀ ਗੱਲ ਕਰਨ ਨਾਲ ਲੋਕਾਂ ਦੇ ਵੱਡੇ ਹਿੱਸੇ ਕਮਿਊਨਿਸਟਾਂ ਦੇ ਵੱਲ ਹੋ ਰਹੇ ਹਨ। ਇਸੇ ਤਰ੍ਹਾਂ ਸਮਾਜਵਾਦੀ ਦੇਸ਼ਾਂ ਵਿੱਚ ਲੋਕਾਂ ਦਾ ਵਧ ਰਿਹਾ ਜੀਵਨ ਮਿਆਰ ਸਾਰੇ ਸਰਮਾਏਦਾਰੀ ਮੁਲਕਾਂ ਦੇ ਕਾਮਿਆਂ ਲਈ ਖਿੱਚ ਦਾ ਕਾਰਣ ਬਣ ਰਿਹਾ ਹੈ। ਚਿੱਠੀ ਵਿੱਚ ਬੇਲੋੜੀ ਹਿੰਸਾ ਅਤੇ ਕੁਰਬਾਨੀਆਂ ਨੂੰ ਰੱਦ ਕਰਦੇ ਹੋਏ ਲਿਖਿਆ ਗਿਆ –*ਕਮਿਊਨਿਸਟ ਮਿਹਨਤਕਸ਼ ਲੋਕਾਂ ਨੂੰ ਲਾਲ ਝੰਡੇ ਹੇਠ ਇਸ ਲਈ ਜਥੇਬੰਦ ਕਰਦੇ ਹਨ ਤਾਂ ਜੋ ਧਰਤੀ ਉੱਤੇ ਚੰਗੇਰੀ ਜ਼ਿੰਦਗੀ ਲਈ ਸੰਘਰਸ਼ ਵਿੱਚ ਜਿੱਤ ਪ੍ਰਾਪਤ ਕੀਤੀ ਜਾ ਸਕੇ, ਨਾ ਕਿ ਤਬਾਹ ਹੋਣ ਲਈ, ਚਾਹੇ ਉਸ ਵਿੱਚ ਸੂਰਮਗਤੀ ਹੀ ਕਿਉਂ ਨਾ ਹੋਵੇ। ਸੂਰਮਗਤੀ ਅਤੇ ਕੁਰਬਾਨੀਆਂ ਇਨਕਲਾਬੀ ਲੜਾਈਆਂ ਵਿੱਚ ਜ਼ਰੂਰੀ ਤਾਂ ਹੁੰਦੀਆਂ ਹਨ ਪਰ ਆਪਣੇ ਆਪ ਵਿੱਚ ਉਨ੍ਹਾਂ ਦੀ ਕੋਈ ਮਹੱਤਤਾ ਨਹੀਂ ਹੁੰਦੀ, ਇਹ ਸਿਰਫ ਸਮਾਜਵਾਦ ਦੀ ਜਿੱਤ ਦੇ ਸੰਦਰਭ ਵਿੱਚ ਹੀ ਹੁੰਦੀ ਹੈ।* ਚਿੱਠੀ ਵਿੱਚ ਸਪਸ਼ਟ ਲਿਖਿਆ ਗਿਆ ਕਿ 'ਮਜ਼ਦੂਰ ਜਮਾਤ ਅਤੇ ਇਸ ਦੇ ਹਰਾਵਲ ਦਸਤੇ, ਮਾਰਕਸਵਾਦੀ ਲੈਨਿਨਵਾਦੀ ਪਾਰਟੀ ਨੂੰ ਸਮਾਜਵਾਦੀ ਇਨਕਲਾਬ ਘਰੋਗੀ ਜੰਗ ਤੋਂ ਬਗੈਰ ਸ਼ਾਂਤਮਈ ਢੰਗ ਨਾਲ ਹੀ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਮਜ਼ਦੂਰ

ਜਮਾਤ ਅਤੇ ਸਾਰੇ ਲੋਕਾਂ ਲਈ ਫਾਇਦੇ ਦੀ ਗੱਲ ਹੈ ਚਾਹੇ ਇਸ ਤਰ੍ਹਾਂ ਕਰ ਸਕਣਾ ਸਿਰਫ ਮਜਦੂਰ ਜਮਾਤ ਦੇ ਹੱਥ ਵਿੱਚ ਨਹੀਂ। ਜੇ ਸੱਤਾ 'ਤੇ ਕਾਬਜ ਸੋਸ਼ਕ ਜਮਾਤ ਹਿੰਸਾਤਮਿਕ ਢੰਗ ਅਪਣਾਉਂਦੀ ਹੈ ਤਾਂ ਇਸ ਲਈ ਮਜਦੂਰ ਜਮਾਤ ਨੂੰ ਵੀ ਅਜਿਹਾ ਰਾਹ ਅਪਨਾਉਣਾ ਹੀ ਪਵੇਗਾ। ਇਸ ਦੇ ਜਵਾਬ ਵਿੱਚ ਚੀਨੀ ਕਮਿਊਨਿਸਟ ਪਾਰਟੀ ਨੇ 14 ਜੂਨ ਨੂੰ ਲਿਖੀ ਚਿੱਠੀ ਵਿੱਚ ਸ਼ਾਂਤਮਈ ਤਬਦੀਲੀ ਦੀ ਗੱਲ ਨੂੰ ਰੱਦ ਕਰਦੇ ਕਿਹਾ ਕਿ ਲੈਨਿਨਵਾਦ ਅਨੁਸਾਰ ਹਾਕਮ ਜਮਾਤਾਂ ਕਦੇ ਵੀ ਸੱਤਾ ਇਸ ਤਰ੍ਹਾਂ ਨਹੀਂ ਛਡਦੀਆਂ। ਇਤਿਹਾਸ ਵਿੱਚ ਵੀ ਇਸ ਤਰ੍ਹਾਂ ਦੀ ਕੋਈ ਉਦਾਹਰਣ ਨਹੀਂ ਮਿਲਦੀ। ਇਸੇ ਤਰ੍ਹਾਂ ਸਵਾਲ ਉਠਾਇਆ ਗਿਆ ਕਿ ਇੱਕ ਕਮਿਊਨਿਸਟ ਪਾਰਟੀ ਸਾਰੇ ਲੋਕਾਂ ਦੀ ਪਾਰਟੀ ਕਿਵੇਂ ਹੋ ਸਕਦੀ ਹੈ ਇਹ ਤਾਂ ਪ੍ਰੋਲਤਾਰੀ ਵਰਗ ਦੀ ਹੀ ਪਾਰਟੀ ਹੋਵੇਗੀ। ਚਿੱਠੀ ਵਿੱਚ ਇਹ ਗੱਲ ਜਰੂਰ ਮੰਨੀ ਗਈ ਕਿ ਪ੍ਰੋਲਤਾਰੀ ਦੀ ਪਾਰਟੀ ਸਾਰੇ ਲੋਕਾਂ ਦੇ ਹਿਤਾਂ ਨੂੰ ਪੇਸ਼ ਕਰਨ ਦੇ ਕਾਬਲ ਹੈ ਪਰ ਮਾਰਕਸਵਾਦ ਅਨੁਸਾਰ ਰਾਜਸੀ ਪਾਰਟੀ ਇੱਕ ਜਮਾਤ ਦੀ ਨੁਮਾਇੰਦਾ ਹੁੰਦੀ ਹੈ ਸਾਰੇ ਲੋਕਾਂ ਦੀ ਨਹੀਂ। ਇਸ ਦੇ ਜਵਾਬ ਵਿੱਚ ਮਹੀਨੇ ਕੁ ਬਾਅਦ ਰੂਸੀ ਕਮਿਊਨਿਸਟ ਪਾਰਟੀ ਨੇ ਸਾਰੀਆਂ ਭਰਾਤਰੀ ਪਾਰਟੀਆਂ ਨੂੰ ਆਪਣੀ ਪੁਜੀਸ਼ਨ ਸਪਸ਼ਟ ਕਰਦੀ ਖੁੱਲ੍ਹੀ ਚਿੱਠੀ ਕੱਢੀ ਪਰ ਸਿਧਾਂਤਕ ਵਖਰੇਵੇਂ ਉਸੇ ਤਰ੍ਹਾਂ ਬਣੇ ਰਹੇ ਅਤੇ ਕੁਝ ਸਮੇਂ ਬਾਅਦ ਇਹ ਭਰਾਤਰੀ ਜਥੇਬੰਦੀਆਂ ਵਿੱਚ ਵਾਦ ਵਿਵਾਦ ਦੀ ਜਗ੍ਹਾ ਦੁਸ਼ਮਣਾਨਾ ਵਿਰੋਧ ਬਣ ਗਏ। ਵਿਰੋਧ ਇਥੋਂ ਤੱਕ ਹੋ ਗਏ ਕਿ ਚੀਨ ਨੇ ਐਲਾਨ ਦਿੱਤਾ ਕਿ ਰੂਸ ਹੁਣ ਕਮਿਊਨਿਸਟ ਦੇਸ਼ ਨਾ ਰਹਿ ਕੇ ਸਾਮਰਾਜੀ ਦੇਸ਼ ਬਣ ਗਿਆ ਅਤੇ ਇਸ ਲਈ ਉਸ ਵਾਸਤੇ ਸਮਾਜਿਕ ਸਾਮਰਾਜ ਦਾ ਸ਼ਬਦ ਵਰਤਿਆ ਜਾਣ ਲੱਗਾ। ਇਥੋਂ ਤੱਕ ਕਿ ਸੰਸਾਰ ਵਿੱਚ ਉਸਦਾ ਰੋਲ ਅਮਰੀਕਾ ਤੋਂ ਵੀ ਵੱਧ ਮਾੜਾ ਕਰਾਰ ਦੇ ਦਿੱਤਾ। ਇਸ ਕਰਕੇ ਅਮਰੀਕਾ ਨਾਲ ਤਾਂ ਸਬੰਧ ਸੁਧਾਰਣ ਲਈ ਕਦਮ ਪੁੱਟੇ ਗਏ ਪਰ ਰੂਸ ਨਾਲ ਉਸੇ ਤਰ੍ਹਾਂ ਵਿਰੋਧ ਬਣਿਆ ਰਿਹਾ।

ਰੂਸ ਅਤੇ ਚੀਨ ਤਾਂ ਆਪੋ ਆਪਣੇ ਰਾਹ ਚਲਦੇ ਰਹੇ ਪਰ ਦੋ ਵੱਡੇ ਕਮਿਊਨਿਸਟ ਦੇਸ਼ਾਂ ਦੇ ਵਿਰੋਧ ਨੇ ਸਾਰੇ ਸੰਸਾਰ ਦੀਆਂ ਕਮਿਊਨਿਸਟ ਪਾਰਟੀਆਂ ਉਤੇ ਮਾਰੂ ਸੱਟ ਮਾਰੀ। ਪਾਰਟੀਆਂ ਰੂਸ ਅਤੇ ਚੀਨ ਪੱਖੀ ਦੋ ਦੋ ਧੜਿਆਂ ਵਿੱਚ ਵੰਡੀਆਂ ਗਈਆਂ ਜਿਵੇਂ ਭਾਰਤ ਵਿੱਚ ਸੀ.ਪੀ.ਆਈ. ਅਤੇ ਸੀ.ਪੀ.ਐੱਮ. ਬਣ ਗਈਆਂ। ਦੁਨੀਆਂ ਭਰ ਦੇ ਮਜਦੂਰਾਂ ਨੂੰ ਇੱਕ ਹੋਣ ਦਾ ਨਾਹਰਾ ਦੇਣ ਵਾਲੇ ਖ਼ੁਦ ਦੋ ਹੋ ਗਏ।

***

# ਅਗਾਂਹ ਵੱਲ ਲੰਮੀ ਛਾਲ

ਅਗਾਂਹ ਵੱਲ ਲੰਮੀ ਛਾਲ ਮਾਓ ਜ਼ੇ-ਤੁੰਗ ਦੀ ਬਹੁਤ ਮਹੱਤਵਕਾਂਸ਼ੀ ਯੋਜਨਾ ਸੀ ਜਿਸ ਵਿੱਚ ਚੀਨ ਦੇ ਵਿਕਾਸ ਲਈ ਇੱਕ ਵੱਖਰਾ ਰਸਤਾ ਲਾਗੂ ਕਰ ਕੇ, ਇਸ ਦੀਆਂ ਲੋੜਾਂ ਅਤੇ ਥੋੜਾਂ ਨੂੰ ਤੇਜੀ ਨਾਲ ਪੂਰਾ ਕਰ ਕੇ, ਲੋਕਾਂ ਦੀ ਜੀਵਨ ਪੱਧਰ ਉੱਚਾ ਚੁੱਕਣਾ ਸੀ। ਬਹੁਤ ਸਾਰੇ ਕਾਰਣਾਂ ਕਰ ਕੇ ਇਹ ਚਿਤਵੇ ਸਿੱਟੇ ਹਾਸਲ ਨਾ ਕਰ ਸਕੀ ਜਿਸ ਕਰਕੇ ਇਹ ਮਾਓ ਉੱਤੇ ਵੱਡੀ ਇਲਜ਼ਾਮਤਰਾਸ਼ੀ ਦਾ ਮੌਕਾ ਬਣ ਗਈ। ਚਾਹੇ ਇਸ ਨੂੰ ਵਿਉਂਤਣ ਅਤੇ ਲਾਗੂ ਕਰਨ ਵਿੱਚ ਵੱਡਾ ਦੋਸ਼ ਪ੍ਰੈਕਟੀਕਲ ਚੀਜਾਂ ਦਾ ਖਿਆਲ ਨਾ ਰੱਖੇ ਜਾਣ ਦਾ ਸੀ ਪਰ ਇਸ ਦੀ ਅਸਫਲਤਾ ਪਿੱਛੇ ਖਰਾਬ ਮੌਸਮ ਅਤੇ ਸੋਕੇ ਵਰਗੀਆਂ ਕੁਦਰਤੀ ਵਿਪਤਾਵਾਂ ਦਾ ਵੀ ਵੱਡਾ ਰੋਲ ਸੀ। ਮਾਓ ਦੀ ਅਗਵਾਈ ਅਤੇ ਹੱਲਾਸ਼ੇਰੀ ਨਾਲ ਸਮਾਜਵਾਦ ਵੱਲ ਛਾਲ ਮਾਰਨ ਲਈ ਚੀਨ ਦੀ ਦੌੜ ਤਾਂ ਇਨਕਲਾਬ ਤੋਂ ਜਲਦੀ ਬਾਅਦ ਸ਼ੁਰੂ ਹੋ ਗਈ ਸੀ ਜੋ 1953 ਵਿੱਚ ਖੇਤੀ ਦੇ ਸਮੂਹੀਕਰਨ ਨਾਲ ਹੋਰ ਤੇਜ ਕਰ ਦਿੱਤੀ ਗਈ ਸੀ ਪਰ ਛਾਲ ਲਈ ਜ਼ਮੀਨ ਤੋਂ ਪੈਰ 1958 ਦੇ ਅੱਧ ਵਿੱਚ ਚੁੱਕੇ ਗਏ ਜਿਸ ਨੇ ਡਿੱਗਣ ਸਮੇਂ ਚੀਨ ਦੇ ਗੋਡੇ ਭੰਨ ਦਿੱਤੇ। 1958 ਦੇ ਸ਼ੁਰੂ ਵਿੱਚ ਮਾਓ ਨੇ ਨਾਅਰਾ ਦਿੱਤਾ, "ਸਾਰਾ ਜੋਰ ਲਗਾ ਦਿਓ, ਉੱਚੇ ਨਿਸ਼ਾਨੇ ਰੱਖੋ, ਅਤੇ ਵਧੇਰੀ ਸ਼ਕਤੀ ਨਾਲ, ਵੱਧ ਤੇਜੀ ਨਾਲ ਅਤੇ ਵੱਧ ਅੱਛੇ ਢੰਗ ਨਾਲ ਚੰਗੇਰੇ ਆਰਥਿਕ ਸਿੱਟੇ ਕਢਦੇ ਹੋਏ ਸਮਾਜਵਾਦ ਦੀ ਉਸਾਰੀ ਕਰੋ।" ਮਾਓ ਰੂਸੀ ਮਾਹਿਰਾਂ ਦੀ ਯੋਜਨਾਬੰਦੀ ਜਾਂ ਪਾਰਟੀ ਵਿਚਲੇ ਯੋਜਨਾਕਾਰਾਂ ਦੀ ਬਜਾਏ ਲੋਕਾਂ ਦੀ ਪਹਿਲਕਦਮੀ ਉੱਤੇ ਵੱਧ ਯਕੀਨ ਕਰਦਾ ਸੀ। ਉਸ ਦਾ ਵਿਸ਼ਵਾਸ਼ ਸੀ ਕਿ ਜੇ ਲੋਕ ਇੱਕ ਨਿਸ਼ਾਨੇ ਨੂੰ ਲੈ ਕੇ ਹੱਲਾ ਬੋਲ ਦੇਣ ਤਾਂ ਪੈਦਾਵਾਰ ਵਿੱਚ ਸਾਰੇ ਅੜਿੱਕੇ ਦੂਰ ਕੀਤੇ ਜਾ ਸਕਦੇ ਹਨ। ਚੀਨ ਦੀਆਂ ਸਮੱਸਿਆਵਾਂ ਨੂੰ ਜਲਦੀ ਹੱਲ ਕਰਨ ਅਤੇ ਉੱਚ ਪੱਧਰੀ ਸਮਾਜਵਾਦ ਸਥਾਪਿਤ ਕਰਨ ਲਈ ਮਾਓ ਦਾ ਉਤਾਵਲਾਪਣ ਵੀ ਇਸ ਮੁਹਿੰਮ ਨੂੰ ਸ਼ੁਰੂ ਕਰਨ ਲਈ ਜਿੰਮੇਂਵਾਰ ਸੀ।

ਮਾਓ ਸਨਅਤੀਕਰਨ ਦੇ ਉਸ ਸੋਵੀਅਤ ਮਾਡਲ ਨੂੰ ਰੱਦ ਕਰਨਾ ਚਾਹੁੰਦਾ ਸੀ ਜਿਸ ਤਹਿਤ ਖੇਤੀ ਸੈਕਟਰ ਵਿਚੋਂ ਵਾਫ਼ਰ ਨੂੰ ਨਿਚੋੜ ਕੇ ਵੱਡੇ ਪੈਮਾਨੇ ਦੀ

ਸਨਅਤ ਵਿੱਚ ਲਗਾਇਆ ਜਾਂਦਾ ਸੀ। ਇਸ ਨਾਲ ਕਿਸਾਨੀ ਨੂੰ ਬਹੁਤ ਮੁਸ਼ਕਿਲਾਂ ਝੱਲਣੀਆਂ ਪੈਂਦੀਆਂ ਸਨ। ਚੀਨ ਦੀਆਂ ਹਾਲਤਾਂ ਵੱਖਰੀਆਂ ਸਨ, ਖੇਤੀਯੋਗ ਭੂਮੀ ਦੇ ਮੁਕਾਬਲੇ ਆਬਾਦੀ ਬਹੁਤ ਜਿਆਦਾ ਸੀ ਜਿਸ ਕਰਕੇ ਖੇਤੀ ਵਿਚੋਂ ਵਾਧੂ ਪੈਦਾਵਾਰ ਸਨਅਤੀਕਰਨ ਲਈ ਨਹੀਂ ਵਰਤੀ ਜਾ ਸਕਦੀ ਸੀ। ਆਬਾਦੀ ਵਾਧੂ ਹੋਣ ਕਰਕੇ ਹੀ ਚੀਨ ਨੂੰ ਸਨਅਤੀਕਰਨ ਦੇ ਅਜਿਹੇ ਰਾਹ ਦੀ ਲੋੜ ਸੀ ਜਿਸ ਵਿੱਚ ਮਸ਼ੀਨਰੀ ਦੀ ਬਜਾਏ ਮਨੁੱਖ ਸ਼ਕਤੀ ਦੀ ਵਰਤੋਂ ਵੱਧ ਹੋ ਸਕੇ। ਮਾਓ ਨੇ ਜਿਵੇਂ ਚੀਨ ਵਿੱਚ ਇਨਕਲਾਬ ਲਈ ਕਿਸਾਨੀ ਨੂੰ ਅੱਗੇ ਰੱਖਿਆ ਸੀ, ਉਵੇਂ ਵਿਕਾਸ ਲਈ ਵੀ ਉਸ ਦੀ ਮੁੱਖ ਟੇਕ ਪੇਂਡੂ ਖੇਤਰ ਅਤੇ ਕਿਸਾਨੀ ਉੱਤੇ ਹੀ ਸੀ। ਉੱਚ ਸਿੱਖਿਆ ਪ੍ਰਾਪਤ ਸ਼ਹਿਰੀ ਮਾਹਿਰਾਂ ਦੀ ਬਜਾਏ ਮਾਓ ਦਾ ਭਰੋਸਾ ਆਮ ਲੋਕਾਂ ਉੱਤੇ ਵੱਧ ਸੀ ਇਸ ਲਈ ਉਹ ਮਾਹਿਰਾਂ ਦੀਆਂ ਸਲਾਹਾਂ ਨੂੰ ਅਕਸਰ ਰੱਦ ਕਰ ਦਿੰਦਾ ਸੀ ਅਤੇ ਉਨ੍ਹਾਂ ਮਾਹਿਰਾਂ ਨੂੰ ਲੋਕਾਂ ਤੋਂ ਸਿੱਖਣ ਦੀਆਂ ਹਦਾਇਤਾਂ ਜਾਰੀ ਕਰ ਦਿੰਦਾ ਸੀ। ਸਿਧਾਂਤਕ ਤੌਰ 'ਤੇ ਇਹ ਗੱਲ ਠੀਕ ਹੋ ਸਕਦੀ ਹੈ ਪਰ ਅਮਲ ਵਿੱਚ ਮਾਹਿਰਾਂ ਦੀ ਲੋੜ ਨੂੰ ਰੱਦ ਨਹੀਂ ਕੀਤਾ ਜਾ ਸਕਦਾ। 'ਅਗਾਂਹ ਵੱਲ ਲੰਮੀ ਛਾਲ' ਮੁਹਿੰਮ ਦੌਰਾਨ ਵੀ ਇਹੀ ਕੁਝ ਵਾਪਰਿਆ ਜਦ ਮਾਹਿਰਾਨਾਂ ਢੰਗ ਨਾਲ ਯੋਜਨਾਬੰਦੀ ਕਰਨ ਦੀ ਬਜਾਏ ਭੀੜ ਦੇ ਕੱਚਘਰੜ ਫੈਸਲਿਆਂ ਨੂੰ ਲਾਗੂ ਕੀਤਾ ਗਿਆ ਅਤੇ ਮੁਹਿੰਮ ਦੌਰਾਨ ਪੈਦਾਵਾਰ ਦਾ ਵੱਡਾ ਨੁਕਸਾਨ ਹੋਇਆ।

ਸੋ 1958 ਦੇ ਅੱਧ ਵਿੱਚ 'ਅਗਾਂਹ ਵੱਲ ਲੰਮੀ ਛਾਲ' ਦਾ ਆਗ਼ਾਜ਼ ਕਰ ਦਿੱਤਾ ਗਿਆ। ਸਾਂਝੇ ਫਾਰਮਾਂ ਤੋਂ ਅੱਗੇ ਪਿੰਡਾਂ ਦੇ ਵੱਡੇ ਵੱਡੇ ਕਮਿਊਨ ਬਣਾਏ ਗਏ। ਹਰ ਤਰ੍ਹਾਂ ਦੀ ਨਿੱਜੀ ਜਾਇਦਾਦ ਖਤਮ ਕਰ ਦਿੱਤੀ ਗਈ। ਇਹ ਕਮਿਊਨ ਸਿਰਫ ਖੇਤੀ ਪੈਦਾਵਾਰ ਲਈ ਨਹੀਂ ਸਨ ਸਗੋਂ ਛੋਟੀਆਂ ਅਤੇ ਦਰਮਿਆਨੀਆਂ ਸਨਅਤਾਂ ਲਾ ਕੇ ਰੋਜ਼ਾਨਾ ਲੋੜ ਦੀ ਹਰ ਵਸਤੂ ਵੀ ਕਮਿਊਨ ਦੇ ਵਿੱਚ ਹੀ ਪੈਦਾ ਕਰਨ ਦਾ ਨਿਸ਼ਾਨਾ ਰੱਖਿਆ ਗਿਆ। ਟੁੱਥ-ਬਰੁੱਸ਼ਾਂ ਤੋਂ ਲੈ ਕੇ ਰੱਸੇ ਰੱਸੀਆਂ, ਕੱਪ ਪਲੇਟਾਂ ਤੱਕ ਸਥਾਨਕ ਤੌਰ 'ਤੇ ਤਿਆਰ ਕੀਤੇ ਜਾਣੇ ਸਨ। ਇਸ ਨਾਲ ਸਨਅਤ ਲਈ ਸ਼ਹਿਰਾਂ ਤੋਂ ਨਿਰਭਰਤਾ ਘਟਾਉਣੀ, ਪਿੰਡ ਅਤੇ ਸ਼ਹਿਰ ਦਾ ਫਰਕ ਘੱਟ ਕਰਨਾ, ਪੇਂਡੂ ਜਨਤਾ ਦਾ ਜੀਵਨ ਪੱਧਰ ਉੱਚਾ ਚੁੱਕਣਾ ਅਤੇ ਪੇਂਡੂ ਲੋਕਾਂ ਨੂੰ ਵੱਧ ਰੋਜ਼ਗਾਰ ਦੇ ਮੌਕੇ ਮੁਹਈਆ ਕਰਨੇ ਸਨ। ਇਸ ਨਾਲ ਹੀ ਇਨ੍ਹਾਂ ਕਮਿਊਨਾਂ ਵਿੱਚ ਸਾਰੀਆਂ ਸਿਹਤ ਅਤੇ ਸਿੱਖਿਆ ਸਬੰਧੀ ਸਹੂਲਤਾਂ ਪ੍ਰਦਾਨ ਕਰਨੀਆਂ ਸਨ। ਇਸ ਵਰਤਾਰੇ ਨੂੰ ਸੋਸ਼ਲਿਜ਼ਮ ਤੋਂ ਕਮਿਊਨਿਜ਼ਮ ਵੱਲ ਤਬਦੀਲੀ ਵਜੋਂ ਪੇਸ਼ ਕੀਤਾ ਗਿਆ।

ਖੇਤੀ ਵਿੱਚ ਕਮਿਊਨ ਬਨਾਉਣ ਅਤੇ ਸਥਾਨਕ ਪੱਧਰ 'ਤੇ ਸਨਅਤ ਨੂੰ ਉਤਸ਼ਾਹਿਤ ਕਰਨ ਦੇ ਨਾਲ ਹੀ ਮਾਓ ਨੇ ਐਲਾਨ ਕਰ ਦਿੱਤਾ ਕਿ 15 ਸਾਲ ਵਿੱਚ ਚੀਨ ਸਟੀਲ ਦੀ ਪੈਦਾਵਾਰ ਵਿੱਚ ਇੰਗਲੈਂਡ ਤੋਂ ਅੱਗੇ ਲੰਘ ਜਾਵੇਗਾ। ਇਸ ਦੇ ਲਈ

ਉਸ ਨੇ ਸੱਦਾ ਦਿੱਤਾ ਕਿ ਚੀਨੀ ਲੋਕ ਆਪਣੇ ਘਰਾਂ ਦੇ ਪਿਛਵਾੜੇ ਭੱਠੀਆਂ ਬਣਾ ਕੇ ਉਨ੍ਹਾਂ ਵਿੱਚ ਸਟੀਲ ਬਨਾਉਣਗੇ। ਇਥੇ ਮਾਓ ਬੁਰੀ ਤਰ੍ਹਾਂ ਫੇਲ੍ਹ ਹੋਇਆ। ਇਨ੍ਹਾਂ ਘਰੇਲੂ ਭੱਠੀਆਂ ਵਿੱਚ ਬਣਿਆ ਸਟੀਲ ਕਿਸੇ ਵੀ ਕੰਮ ਦਾ ਨਹੀਂ ਸੀ ਜਦ ਕਿ ਭੱਠੀਆਂ ਵਿੱਚ ਬਾਲਣ ਅਤੇ ਮਨੁੱਖਾਂ ਦੀ ਅਥਾਹ ਸਮਾਂ ਸ਼ਕਤੀ ਨਸ਼ਟ ਹੋਈ। ਲੋਕਾਂ ਨੇ ਸਟੀਲ ਪੈਦਾਵਾਰ ਦਿਖਾਉਣ ਲਈ ਖੇਤੀ ਦੇ ਸੰਦ ਅਤੇ ਲੋਹੇ ਦੀਆਂ ਹੋਰ ਘਰੇਲੂ ਚੀਜ਼ਾਂ ਵੀ ਭੱਠੀਆਂ ਵਿੱਚ ਪਿਘਲਾ ਕੇ ਖਤਮ ਕਰ ਦਿੱਤੀਆਂ। ਦੂਸਰਾ ਕਮਿਊਨਾਂ ਨੂੰ ਸਵੈ-ਨਿਰਭਰ ਕਰਨ ਦੇ ਚੱਕਰ ਵਿੱਚ ਉਹ ਵਸਤਾਂ ਵੀ ਬਨਾਉਣ ਦੀ ਕੋਸ਼ਿਸ਼ ਕੀਤੀ ਗਈ ਜਿਨ੍ਹਾਂ ਲਈ ਉਥੇ ਹਾਲਤਾਂ ਅਨੁਕੂਲ ਨਹੀਂ ਸਨ। ਜਨਤਾ ਵੱਡੀ ਗਿਣਤੀ ਵਿੱਚ ਇਨ੍ਹਾਂ ਕੰਮਾਂ ਵਿੱਚ ਰੁਝ ਗਈ ਜਿਸ ਕਰਕੇ ਫਸਲ ਸਾਂਭਣ ਦਾ ਬਹੁਤ ਨੁਕਸਾਨ ਹੋਇਆ। 1958 ਵਿੱਚ ਫਸਲ ਭਰਪੂਰ ਹੋਈ ਸੀ ਪਰ ਗੈਰਯੋਜਨਾਬੰਦੀ ਕਰਕੇ ਉਸ ਨੂੰ ਕੱਟਣ ਅਤੇ ਸਾਂਭਣ ਵੱਲ ਪੂਰਾ ਧਿਆਨ ਨਾ ਦਿੱਤਾ ਜਾ ਸਕਿਆ ਸਿੱਟੇ ਵਜੋਂ ਬਹੁਤ ਸਾਰੀ ਫਸਲ ਖੇਤਾਂ ਵਿੱਚ ਹੀ ਬਰਬਾਦ ਹੋ ਗਈ। ਮਾਹਿਰਾਂ ਅਤੇ ਯੋਜਨਾਕਾਰਾਂ ਨੂੰ ਰੱਦ ਕਰ ਕੇ ਸਭ ਕੁਝ ਲੋਕਾਂ ਉੱਤੇ ਛੱਡ ਦੇਣ ਨਾਲ ਆਪ ਮੁਹਾਰਤਾ ਪੈਦਾ ਹੋ ਗਈ ਅਤੇ ਸਾਲ ਕੁ ਦੇ ਜੋਸ਼ ਬਾਅਦ ਇਸ ਦੇ ਮਾੜੇ ਸਿੱਟੇ ਸਾਹਮਣੇ ਆਉਣ ਲੱਗ ਪਏ।

ਇਹ ਨਹੀਂ ਕਿ ਸਮੱਸਿਆਵਾਂ ਨੂੰ ਹੱਲ ਕਰਨ ਦੀਆਂ ਕੋਸ਼ਿਸ਼ਾਂ ਨਹੀਂ ਕੀਤੀਆਂ ਗਈਆਂ। ਜਿਸ ਤਰ੍ਹਾਂ ਮਸ਼ੀਨੀਕਰਨ ਤੋਂ ਬਗੈਰ ਮਨੁੱਖੀ ਸ਼ਕਤੀ ਨਾਲ ਹੀ ਵੱਡੀ ਪੱਧਰ 'ਤੇ ਖੇਤੀ ਅਤੇ ਸਨਅਤੀ ਪੈਦਾਵਾਰ ਕਰਨ ਦੀ ਮੁਹਿੰਮ ਨਾਲ ਔਰਤਾਂ ਨੂੰ ਵੀ ਵੱਡੀ ਪੱਧਰ 'ਤੇ ਪੈਦਾਵਾਰੀ ਕੰਮ ਵਿੱਚ ਖਿੱਚਣ ਦੀ ਲੋੜ ਪਈ ਅਤੇ ਉਹ ਹਰ ਤਰ੍ਹਾਂ ਦੇ ਕੰਮ ਕਰਨ ਲੱਗੀਆਂ। ਇਨ੍ਹਾਂ ਔਰਤਾਂ ਨੂੰ 'ਲੋਹ-ਔਰਤਾਂ' ਕਹਿ ਕੇ ਵਡਿਆਇਆ ਗਿਆ। ਪਰ ਜਿਵੇਂ ਕਿ ਅਕਸਰ ਹੁੰਦਾ ਹੈ ਇਸ ਨਾਲ ਉਨ੍ਹਾਂ ਉੱਤੇ ਦੂਹਰਾ ਬੋਝ ਪੈ ਗਿਆ, ਪੈਦਾਵਾਰੀ ਕੰਮ ਦੇ ਨਾਲ ਨਾਲ ਉਨ੍ਹਾਂ ਨੂੰ ਖਾਣਾ ਬਨਾਉਣਾ, ਘਰ ਸੰਭਾਲਣਾ ਅਤੇ ਬੱਚਿਆਂ ਦੀ ਸਾਂਭ ਸੰਭਾਲ ਵੀ ਕਰਨੀ ਪੈਂਦੀ ਸੀ। ਇਸ ਦੂਹਰੇ ਬੋਝ ਖਿਲਾਫ਼ ਡਿੰਗ ਲਿੰਗ ਨਾਂ ਦੀ ਔਰਤ ਕਾਰਜਕਰਤਾ ਨੇ ਜੋਰਦਾਰ ਆਵਾਜ ਉਠਾਈ। ਇਸ ਮਸਲੇ ਦੇ ਹੱਲ ਲਈ ਸਾਂਝੀਆਂ ਰਸੋਈਆਂ ਬਣਾਈਆਂ ਗਈਆਂ ਜਿੱਥੇ ਸਾਰੇ ਭੋਜਨ ਖਾ ਸਕਣ ਪਰ ਇਹ ਕਿਸਾਨਾਂ ਵਿੱਚ ਪ੍ਰਚਲਿਤ ਨਾ ਹੋਈਆਂ। ਕਿਉਂਕਿ ਭੋਜਨ ਦੀ ਕੁਆਲਿਟੀ ਮਾੜੀ ਹੁੰਦੀ ਸੀ ਅਤੇ ਲੋਕਾਂ ਨੂੰ ਇਹ ਖਾਣਾ ਖਾਣ ਲਈ ਬਹੁਤ ਦੂਰ ਆਉਣਾ ਪੈਂਦਾ ਸੀ।

ਕੁੱਲ ਮਿਲਾ ਕੇ ਸਾਲ ਕੁ ਬਾਅਦ ਹੀ ਇਸ ਗੈਰਯੋਜਨਾਬੰਦੀ ਅਤੇ ਸਮੇਂ ਤੋਂ ਅੱਗੇ ਲੰਘਣ ਦੀ ਅੰਤਰਮੁਖੀ ਕੋਸ਼ਿਸ਼ ਦੇ ਮਾੜੇ ਨਤੀਜੇ ਸਾਹਮਣੇ ਆਉਣ ਲੱਗ ਪਏ। ਫਸਲ ਦਾ ਵੱਡਾ ਹਿੱਸਾ ਸੰਭਾਲਣ ਖੁਣੋਂ ਹੀ ਬਰਬਾਦ ਹੋ ਗਿਆ, ਜਦ ਕਿ ਕਿਸਾਨ

ਘਰੇਲੂ ਭੱਠੀਆਂ ਵਿੱਚ ਬੇਕਾਰ ਕਿਸਮ ਦਾ ਲੋਹਾ ਢਾਲਣ ਵਿੱਚ ਲੱਗੇ ਰਹੇ। ਪੇਂਡੂ ਖੇਤਰ ਵਿੱਚ ਭੁੱਖਮਰੀ ਫੈਲਣ ਲੱਗੀ, ਪਰ ਸਥਾਨਕ ਆਗੂ ਇਸ ਬਾਰੇ ਸਹੀ ਸੂਚਨਾ ਨਹੀਂ ਦੇ ਰਹੇ ਸਨ ਕਿਉਂਕਿ ਉਹ ਫਸਲ ਅਤੇ ਕਮਿਊਨਾਂ ਦੀ ਸਫਲਤਾ ਬਾਰੇ ਵਧਾ ਚੜ੍ਹਾ ਕੇ ਰਿਪੋਰਟਾਂ ਭੇਜਦੇ ਰਹੇ ਸਨ। ਆਖਰ ਮਾਓ ਤੱਕ ਵੀ ਇਸ ਤਬਾਹੀ ਦੀਆਂ ਖ਼ਬਰਾਂ ਪਹੁੰਚਣ ਲੱਗੀਆਂ। ਸੋ ਮਾਓ ਨੇ ਖ਼ੁਦ ਦੌਰਾ ਕਰ ਕੇ ਇਸ ਦੀ ਸਚਾਈ ਜਾਣਨ ਦਾ ਫੈਸਲਾ ਕੀਤਾ ਪਰ ਇਸ ਦੌਰੇ ਲਈ ਉਸ ਨੇ ਆਪਣਾ ਜੱਦੀ ਪਿੰਡ ਸ਼ਾਓਸ਼ਾਨ ਹੀ ਚੁਣਿਆ। ਉਥੇ ਹਾਲਤਾਂ ਐਨੀਆਂ ਮਾੜੀਆਂ ਨਹੀਂ ਸਨ, ਕੁਝ ਮਾਓ ਦਾ ਜੱਦੀ ਪਿੰਡ ਹੋਣ ਕਰ ਕੇ ਅਧਿਕਾਰੀਆਂ ਵੱਲੋਂ ਵੱਧ ਧਿਆਨ ਰੱਖਿਆ ਜਾਂਦਾ ਸੀ। ਸੋ ਮਾਓ ਨੂੰ ਤਬਾਹੀ ਦੀ ਅਸਲ ਤਸਵੀਰ ਤਾਂ ਦੇਖਣ ਨੂੰ ਨਾ ਮਿਲੀ ਪਰ ਇਸ ਮੁਹਿੰਮ ਦੀ ਅਸਫਲਤਾ ਅਤੇ ਇਸ ਕਾਰਣ ਹੋਏ ਨੁਕਸਾਨ ਦੀ ਕੁਝ ਜਾਣਕਾਰੀ ਜਰੂਰ ਮਿਲ ਗਈ। ਸੋ ਮਾਓ ਨੇ ਫੈਸਲਾ ਕੀਤਾ ਕਿ ਪਾਰਟੀ ਦਾ ਅਗਲਾ ਪਲੈਨਮ ਵਿਕਾਸ ਦੀ ਨੀਤੀ ਬਾਰੇ ਚਰਚਾ ਕਰਨ ਨੂੰ ਸਮਰਪਿਤ ਰਹੇਗਾ। ਉਦੋਂ ਤੱਕ ਪਾਰਟੀ ਦੇ ਹੋਰ ਆਗੂ ਵੀ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਜਾ ਆਏ ਸਨ ਅਤੇ ਉਹ ਸਥਿਤੀ ਦੀ ਗੰਭੀਰਤਾ ਤੋਂ ਜਾਣੂ ਹੋ ਚੁੱਕੇ ਸਨ। ਸੋ ਸੁਭਾਵਿਕ ਹੀ ਸੀ ਕਿ ਪਲੈਨਮ ਦੀ ਮੀਟਿੰਗ ਵਿੱਚ ਕੌਮੀ ਆਰਥਿਕਤਾ ਨੂੰ ਲੀਹ 'ਤੇ ਲਿਆਉਣ ਲਈ ਕਦਮ ਪੁੱਟੇ ਜਾਂਦੇ ਪਰ ਇਸ ਮੀਟਿੰਗ ਵਿੱਚ ਹੁਣ ਤੱਕ ਨੇੜਲੇ ਸਾਥੀ ਰਹੇ ਵੱਡੇ ਆਗੂਆਂ : ਮਾਓ ਜ਼ੇ-ਤੁੰਗ ਅਤੇ ਪੈਂਗ ਤੇ-ਹੂ ਈ ਵਿਚਕਾਰ ਟੱਕਰ ਸ਼ੁਰੂ ਹੋ ਗਈ। ਪੈਂਗ ਤੇ-ਹੂਈ ਦਾ ਕਮਿਊਨਿਸਟ ਵਜੋਂ ਰਿਕਾਰਡ ਬਹੁਤ ਸ਼ਾਨਦਾਰ ਰਿਹਾ ਸੀ, ਕੋਰੀਆ ਦੀ ਜੰਗ ਦੌਰਾਨ ਉਸ ਨੇ ਫੌਜ ਦੇ ਮੁਖੀ ਵਜੋਂ ਸ਼ਾਨਦਾਰ ਕਾਰਗੁਜ਼ਾਰੀ ਦਿਖਾਈ ਸੀ ਅਤੇ ਇਸ ਮੀਟਿੰਗ ਦੇ ਵਕਤ ਉਹ ਚੀਨ ਦਾ ਰੱਖਿਆ ਮੰਤਰੀ ਸੀ। ਉਸ ਨੇ ਇਸ ਲੰਮੀ ਛਾਲ ਵਾਲੀ ਨੀਤੀ ਨੂੰ ਪੂਰੀ ਤਰ੍ਹਾਂ ਰੱਦ ਕਰਨ ਦੀ ਮੰਗ ਕੀਤੀ ਅਤੇ ਮਾਓ 'ਤੇ ਇਲਜ਼ਾਮ ਲਾਇਆ ਕਿ ਉਹ 'ਮੱਧਵਰਗੀ ਸਨਕੀਪੁਣੇ' (petty bourgeois fanaticism) ਦਾ ਸ਼ਿਕਾਰ ਹੋ ਗਿਆ ਹੈ। ਲੂਸ਼ਾਨ ਦੇ ਪਹਾੜੀ ਸਥਾਨ 'ਤੇ ਦੋ ਹਫ਼ਤੇ ਚਲਦੀ ਰਹੀ ਇਸ ਮੀਟਿੰਗ ਵਿੱਚ ਮਾਓ ਵੱਖ ਵੱਖ ਬੁਲਾਰਿਆਂ ਤੋਂ ਸ਼ਾਂਤੀ ਨਾਲ ਆਪਣੀ ਆਲੋਚਨਾ ਸੁਣਦਾ ਰਿਹਾ। ਆਖਰ 23 ਜੁਲਾਈ ਨੂੰ ਉਹ ਇਸ ਦਾ ਜਵਾਬ ਦੇਣ ਲਈ ਖੜ੍ਹਾ ਹੋਇਆ। ਆਪਣੇ ਭਾਸ਼ਨ ਵਿੱਚ ਉਸ ਨੇ ਚਾਹੇ ਘਰਾਂ ਦੇ ਪਿਛਵਾੜੇ ਸਟੀਲ ਬਨਾਉਣ ਵਾਲੀ ਮੁਹਿੰਮ ਨੂੰ 'ਵੱਡੀ ਬਰਬਾਦੀ' ਮੰਨਿਆ ਪਰ ਕਮਿਊਨ ਬਨਾਉਣ ਅਤੇ 'ਲੰਮੀ ਛਾਲ' ਮੁਹਿੰਮ ਦੀ ਆਮ ਲੀਹ ਨੂੰ ਦਰੁਸਤ ਠਹਿਰਾਇਆ। ਉਸ ਨੇ ਕਿਹਾ ਕਿ ਸਮੱਸਿਆਵਾਂ ਦੇ ਵਧ ਜਾਣ ਦਾ ਕਾਰਣ ਹੇਠੋਂ ਝੂਠੀਆਂ ਰਿਪੋਰਟਾਂ ਮਿਲਣੀਆਂ ਅਤੇ ਸਥਾਨਕ ਪੱਧਰ 'ਤੇ ਇਸ ਨੂੰ ਸਹੀ ਢੰਗ ਨਾਲ ਲਾਗੂ ਨਾ ਕਰਨਾ ਹੈ ਫਿਰ ਵੀ ਉਸ ਨੇ ਦੇਸ਼ ਵਿੱਚ ਹੋਈ ਇਸ ਗੜਬੜ ਦਾ ਮੁੱਖ ਜਿੰਮੇਵਾਰ ਖ਼ੁਦ ਨੂੰ ਮੰਨਿਆ ਅਤੇ

ਕਿਹਾ ਕਿ ਹਰ ਕਿਸੇ ਤੋਂ ਗਲਤੀਆਂ ਹੁੰਦੀਆਂ ਹਨ।

ਮੀਟਿੰਗ ਵਿੱਚ ਇਸ ਨੀਤੀ ਨੂੰ ਖਤਮ ਕਰਨ ਦੀ ਰਾਏ ਭਾਰੂ ਸੀ ਪਰ ਮਾਓ ਨੇ ਕਮਿਊਨਿਜ਼ਮ ਵੱਲ ਵਧਣ ਲਈ ਲੋਕਾਂ ਦਾ ਉਤਸ਼ਾਹ ਇਸੇ ਤਰ੍ਹਾਂ ਬਣਾਈ ਜਾਣ ਲਈ ਕਿਹਾ। ਉਸ ਨੇ ਕਮਿਊਨ ਬਨਾਉਣ ਦੀ ਲਹਿਰ ਨੂੰ ਦਬਾਉਣ ਦੇ ਖਿਲਾਫ਼ ਪਾਰਟੀ ਨੂੰ ਚਿਤਾਵਨੀ ਦਿੱਤੀ, "ਮੈਂ ਪਿੰਡਾਂ ਵਿੱਚ ਜਾਵਾਂਗਾ ਅਤੇ ਕਿਸਾਨਾਂ ਨੂੰ ਇਹ ਸਰਕਾਰ ਉਲਟਾਉਣ ਲਈ ਕਹਾਂਗਾ। ਜੇ ਮੁਕਤੀ ਫੌਜ ਮੇਰੇ ਪਿੱਛੇ ਨਹੀਂ ਚੱਲੇਗੀ ਤਾਂ ਮੈਂ ਨਵੀਂ ਲਾਲ ਫੌਜ ਲੱਭ ਲਵਾਂਗਾ ਅਤੇ ਇੱਕ ਹੋਰ ਮੁਕਤੀ ਫੌਜ ਬਣਾਵਾਂਗਾ। ਪਰ ਮੈਨੂੰ ਲਗਦਾ ਹੈ ਕਿ ਮੁਕਤੀ ਫੌਜ ਮੇਰਾ ਸਾਥ ਦੇਵੇਗੀ।" ਯਾਨੀ ਮਾਓ ਆਪਣੀ ਪਾਰਟੀ ਦੇ ਖਿਲਾਫ਼ ਕਿਸਾਨਾਂ ਨੂੰ ਜਥੇਬੰਦ ਕਰਨ ਦੀ ਗੱਲ ਕਰ ਰਿਹਾ ਸੀ। ਵੱਡੀ ਸਿਆਸੀ ਅਤੇ ਸਮਾਜਿਕ ਉਥਲ ਪੁਥਲ ਸ਼ੁਰੂ ਹੋ ਜਾਣ ਦੇ ਡਰ ਤੋਂ ਮੀਟਿੰਗ ਵਿੱਚ ਸ਼ਾਮਲ ਆਗੂ ਮਾਓ ਦੀ ਲਾਈਨ 'ਤੇ ਆਉਣ ਲੱਗੇ। ਪੈਂਗ ਨੂੰ ਅਹੁਦੇ ਤੋਂ ਲਾਹ ਦਿੱਤਾ ਗਿਆ ਅਤੇ ਉਸ ਦੀ ਜਗ੍ਹਾ ਮਾਓ ਪੱਖੀ ਲਿਨ ਪਿਆਓ[9] ਚੀਨੀ ਫੌਜ ਦਾ ਮੁਖੀ ਬਣਾ ਦਿੱਤਾ ਗਿਆ।

ਚਾਹੇ ਮਾਓ ਪਾਰਟੀ ਮੀਟਿੰਗ ਵਿੱਚ ਜੇਤੂ ਹੋ ਕੇ ਨਿਕਲਿਆ ਪਰ ਜ਼ਮੀਨੀ ਹਕੀਕਤਾਂ ਨੇ ਉਸ ਦੀ ਲਾਈਨ ਨੂੰ ਪਿਛਾਂਹ ਧੱਕ ਦਿੱਤਾ। ਮਾੜੇ ਮੌਸਮ ਕਾਰਣ ਅਗਲੀ ਫਸਲ ਠੀਕ ਨਾ ਹੋਈ ਅਤੇ ਪਹਿਲਾਂ ਹੀ ਪੈਦਾ ਹੋ ਚੁੱਕੀ ਹੋਈ ਅਨਾਜ ਦੀ ਥੁੜ ਬਹੁਤ ਗੰਭੀਰ ਹੋ ਗਈ। ਅਸਲ ਵਿੱਚ ਕਾਲ ਪੈ ਗਿਆ ਅਤੇ ਭੁੱਖਮਰੀ ਨਾਲ ਲੋਕ ਧੜਾਧੜ ਮਰਨ ਲੱਗੇ। ਇਸ ਕਾਲ ਵਿੱਚ ਅਸਲ ਵਿੱਚ ਕਿੰਨੇ ਲੋਕ ਮਰੇ ਇਸ ਦੀ ਸਹੀ ਜਾਣਕਾਰੀ ਤਾਂ ਨਹੀਂ ਹੈ ਪਰ ਇਹ ਗਿਣਤੀ ਬਹੁਤ ਵੱਡੀ (ਲੱਖਾਂ ਵਿੱਚ) ਸੀ। (ਪੱਛਮੀ ਪ੍ਰੈਸ ਵੱਲੋਂ ਤਾਂ ਇਸ ਕਾਲ ਨੂੰ ਅਗਾਂਹ ਵੱਲ ਲੰਮੀ ਛਾਲ ਦਾ ਹੀ ਨਤੀਜਾ ਮੰਨਿਆ ਜਾਂਦਾ ਹੈ ਅਤੇ ਮੌਤਾਂ ਦੀ ਗਿਣਤੀ ਨੂੰ ਬਹੁਤ ਵਧਾ ਕੇ ਪੇਸ਼ ਕੀਤਾ ਜਾਂਦਾ ਹੈ ਜਦ ਕਿ ਇਸ ਪਿੱਛੇ ਲੰਮੀ ਛਾਲ ਦੀ ਗੈਰਯੋਜਨਾਬੰਦੀ ਦੇ ਨਾਲੋਂ ਮੌਸਮ ਦੀ ਮਾਰ ਦਾ ਵੱਧ ਯੋਗਦਾਨ ਸੀ ਅਤੇ ਚੀਨ ਵਿੱਚ ਇਨਕਲਾਬ ਤੋਂ ਪਹਿਲਾਂ ਅਜਿਹੇ ਕਾਲ ਪੈਣੇ ਅਤੇ ਲੱਖਾਂ ਦੀ ਗਿਣਤੀ ਵਿੱਚ ਮੌਤਾਂ ਹੋਣੀਆਂ ਆਮ ਵਰਤਾਰਾ ਸੀ।)

ਮਾਓ ਨੂੰ ਵੀ ਹੁਣ ਸਥਿਤੀ ਦੀ ਗੰਭੀਰਤਾ ਦਾ ਅਹਿਸਾਸ ਹੋ ਗਿਆ ਸੀ 1960 ਦੇ ਸ਼ੁਰੂ ਵਿੱਚ ਉਸ ਨੇ ਚੀਨੀ ਲੋਕ ਗਣਰਾਜ ਦੇ ਚੇਅਰਮੈਨ ਦੇ ਪਦ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਦੀ ਜਗ੍ਹਾ 'ਤੇ ਚੀਨ ਦੀ ਸਰਕਾਰ ਦਾ ਮੁਖੀ ਲਿਊ ਸ਼ਾਓ-ਚੀ ਬਣ ਗਿਆ। ਚੀਨੀ ਕਮਿਊਨਿਸਟ ਪਾਰਟੀ ਦੇ ਚੇਅਰਮੈਨ ਦਾ ਅਹੁਦਾ ਰਸਮੀ ਤੌਰ ਉੱਤੇ ਉਨ੍ਹਾਂ ਕੋਲ ਬਣਿਆ ਰਿਹਾ ਪਰ ਇਸ ਦੇ ਅਮਲੀ ਕਾਰਜ ਹੁਣ ਲਿਊ ਸ਼ਾਓ ਚੀ ਦੀ ਅਗਵਾਈ ਵਿੱਚ ਹੁੰਦੇ ਸਨ। ਪਾਰਟੀ ਅਤੇ ਰਾਜ ਉੱਤੇ ਮਾਓ ਦੀ ਸੱਤਾ ਨਹੀਂ ਰਹੀ ਸੀ ਪਰ ਲਿਨ ਪਿਆਓ ਦੀ ਅਗਵਾਈ ਵਾਲੀ ਫੌਜ ਮਾਓ ਦੇ ਪ੍ਰਭਾਵ ਹੇਠ

ਸੀ।



ਮਾਓ ਦੇ ਪਾਸੇ ਹਟਦਿਆਂ ਹੀ ਲਿਊ ਸ਼ਾਓ ਚੀ ਅਤੇ ਡੈਂਗ ਜ਼ਿਆਓ ਪਿੰਗ ਦੀ ਅਗਵਾਈ ਵਿੱਚ ਚੀਨੀ ਕਮਿਊਨਿਸਟ ਪਾਰਟੀ ਨੇ ਸਥਿਤੀ ਨੂੰ ਸੰਭਾਲਣ ਲਈ ਤੁਰੰਤ ਨਵੀਆਂ ਨੀਤੀਆਂ ਲਾਗੂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕੇਂਦਰੀ ਯੋਜਨਾਬੰਦੀ ਅਤੇ ਸਖਤ ਰਾਸ਼ਨਿੰਗ ਪ੍ਰਣਾਲੀ  ਲਾਗੂ ਕੀਤੀ ਗਈ। ਪੇਂਡੂ ਖੇਤਰ ਵਿੱਚ ਚੱਲ ਰਹੇ ਅਤਿ ਖੱਬੇਪਣ ਨੂੰ ਮੋੜਾ ਦੇਣ ਲਈ ਸ਼ਹਿਰੀ ਵਿਚੋਂ ਪਾਰਟੀ ਨਾਲ ਸਬੰਧਿਤ ਮਾਹਿਰ, ਵਿਦਿਆਰਥੀ ਅਤੇ ਫੌਜੀ ਭੇਜੇ ਗਏ ਜਿਨ੍ਹਾਂ ਨੇ ਉਥੇ ਫੈਲੀ ਅਰਾਜਕਤਾ ਨੂੰ ਮੋੜਾ ਦੇਣਾ ਸੀ। ਕਮਿਊਨ ਖਤਮ ਨਹੀਂ ਕੀਤੇ ਗਏ ਪਰ ਉਨ੍ਹਾਂ ਦਾ ਆਕਾਰ ਛੋਟਾ ਕੀਤਾ ਗਿਆ ਅਤੇ ਕਾਰਜ ਘਟਾਏ ਗਏ ਤਾਂ ਜੋ ਉਨ੍ਹਾਂ ਦਾ ਸੰਚਾਲਣ ਸੁਚਾਰੂ ਢੰਗ ਨਾਲ ਹੋ ਸਕੇ। ਇਸ ਲਹਿਰ ਦੌਰਾਨ ਖਤਮ ਕੀਤੇ ਗਏ ਪਰਿਵਾਰਾਂ ਦੇ ਨਿੱਜੀ ਜ਼ਮੀਨੀ ਟੁਕੜੇ ਉਨ੍ਹਾਂ ਨੂੰ ਵਾਪਸ ਕੀਤੇ ਗਏ, ਮੰਡੀਆਂ ਨੂੰ ਬਹਾਲ ਕਰ ਕੇ ਪ੍ਰਾਈਵੇਟ ਪੈਦਾਵਾਰ ਨੂੰ ਉਤਸ਼ਾਹਿਤ ਕੀਤਾ ਗਿਆ। ਇਸ ਨਾਲ ਇੱਕ ਵਾਰ ਫਿਰ ਅਮੀਰੀ ਗਰੀਬੀ ਦਾ ਪਾੜਾ ਪੈਣ ਲੱਗਾ ਪਰ ਫੌਰੀ ਮਸਲਾ ਸਭ ਲਈ ਭੋਜਨ ਪੈਦਾ ਕਰਨ ਦਾ ਸੀ ਜਿਸ ਵਿੱਚ ਸਫਲਤਾ ਮਿਲ ਰਹੀ ਸੀ। ਮਾਓ ਨੇ ਇਸ ਨੂੰ ਪੂੰਜੀਵਾਦ ਦੀ ਬਹਾਲੀ ਕਿਹਾ ਪਰ ਉਸ ਵਕਤ ਪਾਰਟੀ ਨੂੰ ਇਹੀ ਨੀਤੀ ਲਾਗੂ ਕਰਨ ਦੀ ਲੋੜ ਮਹਿਸੂਸ ਹੋ ਰਹੀ ਸੀ।

ਖੁਰਾਕ ਦੀ ਕਮੀ ਨੂੰ ਨਜਿੱਠਣ ਤੋਂ ਬਾਅਦ ਸਨਅਤੀ ਪੈਦਾਵਾਰ ਵਧਾਉਣ ਵੱਲ ਮੁੜਿਆ ਗਿਆ। ਫੈਕਟਰੀਆਂ ਵਿੱਚ ਅਨੁਸਾਸ਼ਨ ਬਹਾਲ ਕੀਤਾ ਗਿਆ, ਪ੍ਰਬੰਧ ਲਈ ਜਮਹੂਰੀ ਤਜਰਬੇ ਛੱਡ ਕੇ ਦੁਬਾਰਾ ਮੈਨੇਜਰ ਲਾਏ ਗਏ। ਇਸ ਦੇ ਨਾਲ ਹੀ ਹੋਰ ਅਹੁਦੇਦਾਰੀਆਂ ਬਹਾਲ ਕੀਤੀਆਂ ਗਈਆਂ। ਸ਼ਹਿਰੀ ਆਰਥਿਕਤਾ ਨੂੰ ਪਹਿਲ ਦਿੱਤੀ ਗਈ ਖੇਤੀ ਵਸਤਾਂ ਦੀਆਂ ਕੀਮਤਾਂ ਘੱਟ ਰੱਖੀਆਂ ਗਈਆਂ ਯਾਨੀ ਕਿ ਸਨਅਤੀਕਰਨ ਵਾਸਤੇ ਖੇਤੀ ਸੈਕਟਰ ਨੂੰ ਨਿਚੋੜਣ ਦਾ ਰਾਹ ਚੁਣਿਆ ਗਿਆ। ਸ਼ਹਿਰੀ ਮੈਨੇਜਰ ਅਤੇ ਟੈਕਨੋਕ੍ਰੇਟ ਵਰਗ ਮਹੱਤਤਾ ਹਾਸਲ ਕਰ ਗਿਆ। ਬੁੱਧੀਜੀਵੀਆਂ ਦੀ ਮਾਨਤਾ ਬਹਾਲ ਕੀਤੀ ਗਈ।

ਚਾਹੇ ਇਸ ਨਾਲ ਆਰਥਿਕਤਾ ਵਿੱਚ ਸੁਧਾਰ ਹੋ ਗਿਆ ਪਰ ਵੱਖ ਵੱਖ ਵਰਗਾਂ ਅਤੇ ਵਿਅਕਤੀਆਂ ਵਿਚਕਾਰ ਵਖਰੇਵੇਂ ਵਧਣ ਲੱਗੇ। ਧਨ ਦੌਲਤ ਵਿੱਚ ਫਰਕ ਨਾ ਹੋਣ ਦੇ ਬਾਵਜੂਦ ਵਿਅਕਤੀਆਂ ਦੀ ਤਾਕਤ ਅਤੇ ਮਹੱਤਤਾ ਵਿੱਚ ਅੰਤਰ ਪੈਦਾ ਹੋ ਗਏ। ਮਾਓ ਚਾਹੇ ਸਰਕਾਰੀ ਸੱਤਾ ਦੇ ਕੇਂਦਰ ਤੋਂ ਪਾਸੇ ਸੀ ਪਰ ਉਹ ਇਸ ਨੂੰ ਚੁੱਪਚਾਪ ਨਹੀਂ ਦੇਖ ਰਿਹਾ ਸੀ। ਉਸ ਨੇ ਪਾਰਟੀ ਵਿੱਚ ਪੈਦਾ ਹੋ ਰਹੇ 'ਸੋਧਵਾਦ' ਅਤੇ 'ਨਵੇਂ ਸਰਮਾਏਦਾਰੀ ਤੱਤਾਂ' ਦਾ ਵਿਰੋਧ ਕਰਦੇ ਹੋਏ ਇਨ੍ਹਾਂ ਦੀ ਨਿਸ਼ਾਨਦੇਹੀ ਕੀਤੀ।

ਉਸ ਨੇ ਕਿਹਾ ਕਿ 'ਅਫ਼ਸਰਸ਼ਾਹ ਜਮਾਤ' ਨਵੀਂ ਸਰਮਾਏਦਾਰੀ ਹੈ ਅਤੇ ਇਹ ਆਮ ਜਨਤਾ ਨੂੰ ਦਬਾ ਕੇ ਰੱਖ ਰਹੀ ਹੈ। ਉਸ ਦਾ ਇਸ਼ਾਰਾ ਸਪਸ਼ਟ ਸੀ ਕਿ ਪਾਰਟੀ ਉੱਤੇ ਨਵੀਂ ਸਰਮਾਏਦਾਰੀ ਜਮਾਤ ਦਾ ਕਬਜਾ ਹੋ ਗਿਆ, ਸੱਚੇ ਸਮਾਜਵਾਦ ਲਈ ਪਾਰਟੀ ਨੂੰ ਇਸ ਅਫ਼ਸਰਸ਼ਾਹ, ਸਰਮਾਏਦਾਰੀ ਜਮਾਤ ਤੋਂ ਮੁਕਤ ਕਰਵਾਉਣਾ ਹੋਵੇਗਾ।

ਪਾਰਟੀ ਚਾਹੇ ਮਾਓ ਦੇ ਅਨੁਸਾਰ ਨਹੀਂ ਚੱਲ ਰਹੀ ਸੀ ਪਰ ਪਾਰਟੀ ਕਾਡਰ ਵਿੱਚ ਮਾਓ ਦਾ ਸਤਿਕਾਰ ਉਸੇ ਤਰ੍ਹਾਂ ਬਣਿਆ ਹੋਇਆ ਸੀ। ਸਗੋਂ ਇਨ੍ਹਾਂ ਸਾਲਾਂ ਵਿੱਚ ਉਸ ਦਾ ਪ੍ਰਭਾਵ ਵਧ ਰਿਹਾ ਸੀ। ਜਦ ਉਹ ਪਾਰਟੀ ਨੀਤੀਆਂ ਦੀ ਆਲੋਚਨਾ ਕਰਦਾ ਅਤੇ ਇਨ੍ਹਾਂ ਨੀਤੀਆਂ ਦੇ ਸਿੱਟੇ ਵਜੋਂ ਪੈਦਾ ਹੋ ਰਹੇ ਨਵੇਂ ਵਿਸ਼ਿਸ਼ਟ ਵਰਗ ਬਾਰੇ ਸੁਚੇਤ ਕਰਦਾ ਸੀ ਤਾਂ ਆਮ ਜਨਤਾ ਉਸ ਨਾਲ ਸਹਿਮਤ ਹੁੰਦੀ ਸੀ, ਵਿਸ਼ੇਸ਼ ਕਰ ਕਿਸਾਨੀ, ਫੌਜ ਅਤੇ ਵਿਦਿਆਰਥੀਆਂ ਤੋਂ ਉਸ ਨੂੰ ਜੋਰਦਾਰ ਹੁੰਗਾਰਾ ਮਿਲਦਾ ਸੀ। ਫੌਜ ਦਾ ਮੁਖੀ ਲਿਨ ਪਿਆਓ ਪਾਰਟੀ ਦੀਆਂ ਸੱਜੇ ਪੱਖੀ ਨੀਤੀਆਂ ਦਾ ਆਲੋਚਕ ਅਤੇ ਮਾਓ ਦਾ ਖਾਸ ਹਮਾਇਤੀ ਸੀ। ਉਸ ਨੇ 'ਲਾਲ ਕਿਤਾਬ' ਵਜੋਂ ਮਸ਼ਹੂਰ ਹੋਈ ਮਾਓ ਦੀਆਂ ਟੂਕਾਂ ਦੀ ਪੁਸਤਕ ਦਾ ਪਹਿਲਾ ਐਡੀਸ਼ਨ ਤਿਆਰ ਕੀਤਾ ਅਤੇ ਇਸ ਨੂੰ ਫੌਜ ਵਿੱਚ ਲਾਜ਼ਮੀ ਕੀਤਾ। ਇਸ ਤਰ੍ਹਾਂ 1960 ਤੋਂ 1965 ਤੱਕ ਦੇ ਪੰਜ ਕੁ ਸਾਲ, ਮਾਓ ਜ਼ੇ-ਤੁੰਗ ਚਾਹੇ ਸਰਕਾਰ ਅਤੇ ਪਾਰਟੀ ਤੋਂ ਪਾਸੇ ਰਿਹਾ ਪਰ ਉਸ ਦਾ ਪ੍ਰਭਾਵ ਸਗੋਂ ਵਧਦਾ ਗਿਆ।

***

# ਸਭਿਆਚਾਰਕ ਇਨਕਲਾਬ

ਸਭਿਆਚਾਰਕ ਇਨਕਲਾਬ ਮਾਓ ਜ਼ੇ-ਤੁੰਗ ਦੇ ਜੀਵਨ ਦਾ ਬਹੁਤ ਹੀ ਮਹੱਤਵਪੂਰਨ, ਸਭ ਤੋਂ ਵੱਧ ਵਿਵਾਦਪੂਰਨ ਅਤੇ ਵਿਚਾਰਨਯੋਗ ਪੱਖ ਹੈ। ਚਾਹੇ ਇਸ ਦਾ ਨਾਮ ਸਭਿਆਚਾਰਕ ਇਨਕਲਾਬ (ਪੂਰਾ ਨਾਮ *ਮਹਾਨ ਪ੍ਰੋਲਤਾਰੀ ਸਭਿਆਚਾਰਕ ਇਨਕਲਾਬ*) ਸੀ ਪਰ ਇਸ ਨੇ ਸਭਿਆਚਾਰਕ ਤਬਦੀਲੀਆਂ ਤੱਕ ਸੀਮਿਤ ਨਾ ਰਹਿੰਦਿਆਂ, ਚੀਨ ਦੇ ਸਮੁੱਚੇ ਜੀਵਨ ਨੂੰ ਆਪਣੇ ਕਲਾਵੇ ਵਿੱਚ ਲੈਂਦਿਆਂ ਇਸ ਦੀ ਰਾਜਨੀਤੀ ਅਤੇ ਆਰਥਿਕਤਾ ਨੂੰ ਵੀ ਬੁਨਿਆਦੀ ਤੌਰ 'ਤੇ ਪ੍ਰਭਾਵਿਤ ਕੀਤਾ। ਇਸ ਦਾ ਸਹੀ ਵਿਸ਼ਲੇਸ਼ਣ ਕਰਨਾ ਕੋਈ ਸੌਖਾ ਕਾਰਜ ਨਹੀਂ ਕਿਉਂਕਿ ਇਹ ਮਾਓ ਦੇ ਜੀਵਨ ਕਾਲ ਵਿੱਚ ਵਾਪਰੀ ਕੋਈ ਆਮ ਰਾਜਨੀਤਕ ਘਟਨਾ ਨਹੀਂ ਸੀ ਸਗੋਂ ਇਸ ਰਾਹੀਂ ਵਿਅਕਤੀ ਦੇ ਨਿੱਜ ਅਤੇ ਸਮੂਹ ਵਿਚਲੇ ਦਵੰਦ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹੋਏ ਨਵਾਂ ਮਨੁੱਖ ਸਿਰਜਣ ਦਾ ਇੱਕ ਅਜਿਹਾ ਵਿਸ਼ਾਲ ਤਜ਼ਰਬਾ ਕੀਤਾ ਗਿਆ ਸੀ ਜਿਸ ਵਿੱਚ ਕਰੋੜਾਂ ਲੋਕਾਂ ਨੇ ਭਾਗ ਲਿਆ। ਮੇਰੀ ਨਜ਼ਰ ਵਿੱਚ ਇਹ ਤਜ਼ਰਬਾ ਸਫਲ ਨਹੀਂ ਸੀ ਪਰ ਹਰ ਅਸਫਲ ਤਜਰਬਾ ਵੀ ਮਨੁੱਖ ਦੇ ਸੋਚਣ ਵਿਚਾਰਣ ਲਈ ਬਹੁਤ ਕੁਝ ਨਵਾਂ ਦੇ ਜਾਂਦਾ ਹੈ। ਮਨੁੱਖ ਦੀ ਵਧੀਆ ਸਮਾਜ ਸਿਰਜਣ ਦੀ ਕੋਸ਼ਿਸ਼ ਅਤੇ ਸਮਾਜ ਵੱਲੋਂ ਵਧੀਆ ਮਨੁੱਖ ਬਨਾਉਣ ਦੀ ਕੋਸ਼ਿਸ਼ ਸਦੀਆਂ ਤੋਂ ਚਲਦੀ ਆ ਰਹੀ ਹੈ ਅਤੇ ਅੱਗੇ ਲਈ ਵੀ ਚਲਦੀ ਰਹਿਣੀ ਹੈ। ਇਸ ਪ੍ਰਸੰਗ ਵਿੱਚ ਚੀਨ ਦੇ ਸਭਿਆਚਾਰਕ ਇਨਕਲਾਬ ਨੂੰ ਜਾਣਨਾ ਅਤੇ ਮੁਲਅੰਕਣ ਕਰਨਾ ਬਹੁਤ ਜ਼ਰੂਰੀ ਹੈ ਕਿ ਕੀ ਇਉਂ ਨਵਾਂ ਮਨੁੱਖ ਸਿਰਜਿਆ ਜਾ ਸਕਦਾ ਹੈ? ਕੀ ਇਹ ਮਾਰਕਸਵਾਦ ਵੱਲੋਂ ਬਿਆਨੀ ਸਮਾਜ ਦੀ ਇਤਿਹਾਸਕ ਤੋਰ ਦੇ ਅਨੁਸਾਰ ਸੀ? ਜੇ ਨਹੀਂ ਤਾਂ ਹੋਰ ਕਿਹੜਾ ਰਾਹ ਬਣਦਾ ਹੈ? ਮਨੁੱਖ ਦੀਆਂ ਚੇਤਨ ਕੋਸ਼ਿਸ਼ਾਂ ਅਤੇ ਤਕਨੀਕੀ ਵਿਕਾਸ ਨਾਲ ਪੈਦਾ ਹੋਈਆਂ ਸਮਾਜਿਕ ਸ਼ਕਤੀਆਂ ਦਾ ਆਪਸੀ ਰਿਸ਼ਤਾ ਅਤੇ ਸੰਤੁਲਨ ਕੀ ਬਣਦਾ ਹੈ? ਮਾਓ ਦੇ ਜੀਵਨ ਦੀਆਂ ਘਟਨਾਵਾਂ ਆਮ ਪਾਠਕ ਲਈ ਦਿਲਚਸਪੀ ਦਾ ਵਿਸ਼ਾ ਹਨ, ਰਾਜਨੀਤਕ ਇਨਕਲਾਬ ਕਰਨ ਲਈ ਉਸ ਵੱਲੋਂ ਵਰਤੇ ਗਏ ਯੁੱਧਨੀਤਕ ਦਾਅਪੇਚ ਇਨਕਲਾਬੀ ਕਾਰਕੁੰਨਾਂ ਲਈ ਸਿੱਖਣ ਸਿਖਾਉਣ ਦੀਆਂ ਗੱਲਾਂ ਹਨ, ਪਰ ਸਭਿਆਚਾਰਕ ਇਨਕਲਾਬ

ਬਾਰੇ ਜੋ ਜਾਣਕਾਰੀ ਅੱਗੇ ਦਿੱਤੀ ਜਾ ਰਹੀ ਹੈ ਇਸ ਨੂੰ ਪੜ੍ਹਨਾ, ਵਿਚਾਰਨਾ ਅਤੇ ਸਹੀ ਸਿੱਟੇ ਕੱਢਣੇ ਨਿਆਂਪੂਰਕ ਸਮਾਜ ਦੀ ਸਥਾਪਤੀ ਲਈ ਯਤਨਸ਼ੀਲ ਹਰ ਵਿਅਕਤੀ ਲਈ ਮਹੱਤਵਪੂਰਨ ਹੈ।

ਸਭਿਆਚਾਰਕ ਇਨਕਲਾਬ ਬਾਰੇ ਦੋ ਬਿਲਕੁਲ ਉਲਟ ਵਿਚਾਰ ਮਿਲਦੇ ਹਨ - ਮਾਓ ਨੂੰ ਦਰੁਸਤ ਮੰਨਣ ਵਾਲੇ ਚੀਨ ਦੇ ਸਭਿਆਚਾਰਕ ਇਨਕਲਾਬ ਨੂੰ ਸਹੀ ਸਮਾਜਵਾਦੀ ਸਮਾਜ ਉਸਾਰਨ ਲਈ ਬਹੁਤ ਹੀ ਮਹੱਤਵਪੂਰਨ ਰਾਹ ਦਰਸਾਵਾ ਮੰਨਦੇ ਹਨ; ਜਦ ਕਿ ਉਲਟ ਵਿਚਾਰ ਵਾਲੇ ਇਸ ਨੂੰ ਗਲਤ ਧਾਰਨਾਵਾਂ ਤਹਿਤ ਕੀਤੀ ਭਿਆਨਕ ਉਥਲ ਪੁਥਲ ਸਮਝਦੇ ਹਨ ਜਿਸ ਨੇ ਚੀਨੀ ਕਮਿਊਨਿਸਟ ਪਾਰਟੀ ਅਤੇ ਚੀਨੀ ਆਰਥਿਕਤਾ ਦਾ ਵੱਡਾ ਨੁਕਸਾਨ ਕੀਤਾ। ਇਸ ਬਾਰੇ ਕੋਈ ਸਿੱਟਾ ਕੱਢਣ ਤੋਂ ਪਹਿਲਾਂ ਜਾਣਿਆ ਜਾਵੇ ਕਿ ਚੀਨ ਦਾ ਇਹ ਸਭਿਆਚਾਰਕ ਇਨਕਲਾਬ ਸੀ ਕੀ ਅਤੇ ਇਸ ਦੌਰਾਨ ਕੀ ਕੁਝ ਵਾਪਰਿਆ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਲੰਮੀ ਛਾਲ ਦੀ ਅਸਫਲਤਾ ਤੋਂ ਬਾਅਦ ਮਾਓ ਚਾਹੇ ਪਾਰਟੀ ਦੇ ਚੇਅਰਮੈਨ ਦੇ ਅਹੁਦੇ 'ਤੇ ਸੀ ਪਰ ਪਾਰਟੀ ਅਤੇ ਦੇਸ਼ ਦੀ ਵਿਵਸਥਾ ਨੂੰ ਲਿਊ ਸ਼ਾਓ ਚੀ, ਡੈਂਗ ਜ਼ਿਆਓ ਪਿੰਗ ਅਤੇ ਉਨ੍ਹਾਂ ਦੇ ਸਾਥੀ ਚਲਾ ਰਹੇ ਸਨ। ਮਾਓ ਦੇ ਨਿਰੀਖਣ ਅਨੁਸਾਰ ਪਾਰਟੀ ਦੇ ਅਧਿਕਾਰੀ ਇੱਕ ਵੱਖਰਾ ਵਰਗ ਬਣ ਗਏ ਸਨ ਅਤੇ ਆਮ ਲੋਕ ਉਨ੍ਹਾਂ ਦੇ ਅਧੀਨ ਸਨ। ਇਹ ਕੁਝ ਸੋਵੀਅਤ ਰੂਸ ਵਿੱਚ ਵੀ ਵਾਪਰ ਚੁੱਕਾ ਸੀ ਜਿੱਥੇ ਪਾਰਟੀ ਅਫ਼ਸਰਸ਼ਾਹੀ ਕੋਲ ਅਥਾਹ ਤਾਕਤ (ਅਤੇ ਸਹੂਲਤਾਂ) ਸਨ ਜਦ ਕਿ ਆਮ ਲੋਕਾਂ ਦੀ ਰਾਜਨੀਤੀ ਅਤੇ ਆਰਥਿਕ ਮਾਮਲਿਆਂ ਵਿੱਚ ਕੋਈ ਵੁਕੱਤ ਨਹੀਂ ਸੀ। ਮਾਓ ਨੇ ਇਸ ਵਰਤਾਰੇ ਨੂੰ ਸਰਮਾਏਦਾਰੀ ਦੀ ਮੁੜ ਬਹਾਲੀ ਦੇ ਖਤਰੇ ਵਜੋਂ ਲਿਆ ਅਤੇ ਕਿਹਾ ਕਿ ਇਨਕਲਾਬ ਤੋਂ ਬਾਅਦ ਜਮਾਤਾਂ ਅਤੇ ਜਮਾਤੀ ਘੋਲ ਖਤਮ ਨਹੀਂ ਹੋ ਜਾਂਦਾ ਸਗੋਂ ਇਹ ਨਵੇਂ ਨਵੇਂ ਰੂਪਾਂ ਵਿੱਚ ਜਾਰੀ ਰਹਿੰਦਾ ਹੈ। ਸਰਮਾਏਦਾਰੀ ਰੁਚੀਆਂ ਪਾਰਟੀ ਦੇ ਅੰਦਰ ਪ੍ਰਗਟ ਹੋ ਕੇ ਇਸ ਨੂੰ ਸਰਮਾਏਦਾਰਾ ਰਾਹ 'ਤੇ ਚਲਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਮਾਓ ਨੇ ਸਟਾਲਿਨ ਦੀ ਵੀ ਇਸ ਲਈ ਆਲੋਚਨਾ ਕੀਤੀ ਕਿ ਉਸ ਨੇ ਇਹ ਮੰਨ ਲਿਆ ਕਿ ਸੋਵੀਅਤ ਰੂਸ ਵਿੱਚ ਜਮਾਤਾਂ ਦੀ ਹੋਂਦ ਖਤਮ ਹੋ ਗਈ ਹੈ।

ਸਭਿਆਚਾਰਕ ਇਨਕਲਾਬ ਦੀ ਸ਼ੁਰੂਆਤ ਇੱਕ ਨਾਟਕ 'ਹਾਈ ਰੂਈ ਅਹੁਦੇ ਤੋਂ ਬਰਖ਼ਾਸਤ' ਦੁਆਲੇ ਛੇੜੀ ਗਈ ਬਹਿਸ ਤੋਂ ਮੰਨੀ ਜਾਂਦੀ ਹੈ। ਇਹ ਨਾਟਕ ਬੀਜ਼ਿੰਗ ਦੇ ਡਿਪਟੀ ਮੇਅਰ ਅਤੇ ਇਤਿਹਾਸਕਾਰ ਵੂ ਹਾਨ ਦੁਆਰਾ 1959 ਵਿੱਚ ਲਿਖਿਆ ਗਿਆ ਸੀ। ਇਸ ਨਾਟਕ ਵਿੱਚ ਇੱਕ ਇਮਾਨਦਾਰ ਅਧਿਕਾਰੀ ਹਾਈ ਰੂਈ ਨੂੰ ਇੱਕ ਮੂਰਖ ਬਾਦਸ਼ਾਹ ਵੱਲੋਂ ਬਰਖ਼ਾਸਤ ਕਰ ਦਿੱਤਾ ਜਾਂਦਾ ਹੈ। ਉਸ ਵੇਲੇ ਤਾਂ ਨਾਟਕ ਦੀ

ਪ੍ਰਸੰਸਾ ਹੀ ਕੀਤੀ ਗਈ ਪਰ 1965 ਵਿੱਚ ਮਾਓ ਦੀ ਪਤਨੀ ਚਿਆਂਗ ਚਿੰਗ ਦੇ ਪ੍ਰੇਰਣ 'ਤੇ ਯਾਓ ਵੈਨ-ਯੂਆਨ ਨਾਮ ਦੇ ਸਾਹਿਤਕ ਆਲੋਚਕ ਨੇ ਇਸ ਨਾਟਕ ਬਾਰੇ ਇੱਕ ਆਲੋਚਨਾਤਮਿਕ ਲੇਖ ਲਿਖਿਆ। ਇਸ ਵਿੱਚ ਯਾਓ ਨੇ ਦੋਸ਼ ਲਾਇਆ ਕਿ ਅਸਲ ਵਿੱਚ ਇਸ ਨਾਟਕ ਰਾਹੀਂ ਮਾਓ ਜ਼ੇ-ਤੁੰਗ 'ਤੇ ਹਮਲਾ ਕੀਤਾ ਗਿਆ ਹੈ, ਨਾਟਕ ਵਿੱਚ ਟੇਢੇ ਢੰਗ ਰਾਹੀਂ ਮਾਓ ਨੂੰ ਮੂਰਖ ਬਾਦਸ਼ਾਹ ਅਤੇ ਪੈਂਗ ਤੇ-ਹੁਈ ਨੂੰ ਇਮਾਨਦਾਰ ਅਧਿਕਾਰੀ ਦਰਸਾਇਆ ਗਿਆ ਹੈ।

ਇਸ ਆਰਟੀਕਲ ਨੇ ਬੀਜ਼ਿੰਗ ਦੇ ਮੇਅਰ ਪੈਂਗ ਜ਼ੈੱਨ ਨੂੰ ਕਸੂਤੀ ਸਥਿਤੀ ਵਿੱਚ ਫਸਾ ਦਿੱਤਾ। ਉਹ ਸਭਿਆਚਾਰਕ ਤਬਦੀਲੀ ਦੇ ਮੁੱਦੇ 'ਤੇ ਬਣਾਏ ਗਏ 5 ਮੈਂਬਰੀ ਗਰੁੱਪ ਦਾ ਮੁਖੀ ਸੀ ਅਤੇ ਦੂਜੇ ਪਾਸੇ ਨਾਟਕ ਲਿਖਣ ਵਾਲਾ ਵੂ ਹਾਨ ਉਸ ਦਾ ਡਿਪਟੀ ਸੀ। ਸੋ ਪੈਂਗ ਜ਼ੈੱਨ ਨੇ ਕੋਸ਼ਿਸ਼ ਕੀਤੀ ਕਿ ਮਾਮਲੇ ਨੂੰ ਦਬਾ ਦਿੱਤਾ ਜਾਵੇ। ਉਸ ਨੇ ਮੁੱਖ ਅਖ਼ਬਾਰਾਂ ਵਿੱਚ ਇਹ ਆਰਟੀਕਲ ਛਪਣ ਤੋਂ ਰੁਕਵਾ ਦਿੱਤਾ ਅਤੇ ਹਦਾਇਤ ਦਿੱਤੀ ਕਿ ਨਾਟਕ ਬਾਰੇ ਉਸਾਰੂ ਅਕਾਦਮਿਕ ਬਹਿਸ ਹੀ ਕੀਤੀ ਜਾਵੇ, ਨਾਟਕ ਨੂੰ ਐਵੇਂ ਸਿਆਸੀ ਰੰਗਤ ਨਾ ਦਿੱਤੀ ਜਾਵੇ। ਪਰ ਵਿਵਾਦ ਵਧਦਾ ਗਿਆ ਅਤੇ ਪੋਲਿਟ ਬਿਓਰੋ ਮੀਟਿੰਗ ਵਿੱਚ ਮਾਓ ਦੇ ਸਮਰਥਕਾਂ ਨੇ ਪੈਂਗ ਜ਼ੈੱਨ ਦੀਆਂ ਹਦਾਇਤਾਂ ਨੂੰ ਉਸ ਦੇ ਸੋਧਵਾਦੀ ਹੋਣ ਦੇ ਸਬੂਤ ਵਜੋਂ ਪੇਸ਼ ਕੀਤਾ। ਆਖਰ ਪੋਲਿਟ ਬਿਓਰੋ ਨੇ ਪੈਂਗ ਜ਼ੈੱਨ ਅਤੇ ਉਸ ਦੇ ਸਾਥੀਆਂ ਦੀ ਨਿੰਦਾ ਦਾ ਮਤਾ ਪਾਸ ਕਰ ਦਿੱਤਾ ਅਤੇ ਸਭਿਆਚਾਰ ਬਾਰੇ ਉਸ ਦਾ ਪੰਜ ਮੈਂਬਰੀ ਗਰੁੱਪ ਭੰਗ ਕਰਕੇ ਮਾਓ ਦੇ ਵਿਚਾਰਾਂ ਵਾਲਾ ਸਭਿਆਚਾਰਕ ਇਨਕਲਾਬ ਗਰੁੱਪ ਕਾਇਮ ਕਰ ਦਿੱਤਾ। 16 ਮਈ 1966 ਨੂੰ ਪੋਲਿਟ ਬਿਓਰੋ ਦੀ ਵਧਵੀਂ ਮੀਟਿੰਗ ਵਿੱਚ ਮਾਓ ਦੀ ਨਿਗਰਾਨੀ ਹੇਠ ਤਿਆਰ ਹੋਏ ਦਸਤਾਵੇਜ਼ ਨੂੰ ਪਾਸ ਕੀਤਾ ਗਿਆ ਜਿਸ ਵਿੱਚ ਦਰਜ ਸੀ –

*ਸਰਮਾਏਦਾਰੀ ਦੇ ਜਿਹੜੇ ਨੁਮਾਇੰਦੇ ਪਾਰਟੀ, ਸਰਕਾਰ, ਫੌਜ ਅਤੇ ਸਭਿਆਚਾਰਕ ਖੇਤਰ ਅੰਦਰ ਘੁਸ ਆਏ ਹਨ, ਉਹ ਉਲਟ ਇਨਕਲਾਬੀ ਸੋਧਵਾਦੀਆਂ ਦੇ ਗਰੁੱਪ ਵਜੋਂ ਵਿਚਰ ਰਹੇ ਹਨ। ਇੱਕ ਵਾਰ ਹਾਲਤਾਂ ਉਨ੍ਹਾਂ ਦੇ ਅਨੁਕੂਲ ਹੋ ਗਈਆਂ ਤਾਂ ਉਹ ਰਾਜਸੀ ਤਾਕਤ ਉੱਤੇ ਕਾਬਜ ਹੋ ਜਾਣਗੇ ਅਤੇ ਪ੍ਰੋਲਤਾਰੀ ਦੀ ਤਾਨਾਸ਼ਾਹੀ ਨੂੰ ਸਰਮਾਏਦਾਰੀ ਦੀ ਤਾਨਾਸ਼ਾਹੀ ਵਿੱਚ ਬਦਲ ਦੇਣਗੇ। ਉਨ੍ਹਾਂ ਵਿਚੋਂ ਕੁਝ ਅਸੀਂ ਪਹਿਚਾਣ ਲਏ ਹਨ ਜਦ ਕਿ ਕੁਝ ਸਾਥੋਂ ਨਹੀਂ ਪਹਿਚਾਣੇ ਗਏ ਹਨ। ਕੁਝ ਉੱਤੇ ਸਾਡੇ ਵੱਲੋਂ ਅਜੇ ਵੀ ਭਰੋਸਾ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਸਾਡੇ ਵਾਰਸਾਂ ਵਜੋਂ ਤਿਆਰ ਕੀਤਾ ਜਾ ਰਿਹਾ ਹੈ। ਉਦਾਹਰਣ ਵਜੋਂ ਖਰੁਸ਼ਚੋਵ ਦੀ ਕਿਸਮ ਦੇ ਵਿਅਕਤੀ ਸਾਡੇ ਕੁੱਛੜ ਬੈਠੇ ਹਨ।*

ਇਸ ਨੇ ਸਭਿਆਚਾਰਕ ਇਨਕਲਾਬ ਲਈ ਆਧਾਰ ਨੀਤੀ ਤੈਅ ਕਰ ਦਿੱਤੀ।

ਇਸ ਅਨੁਸਾਰ ਕਮਿਊਨਿਸਟ ਉਦੇਸ਼ ਦੇ ਵਿਰੋਧੀ ਖ਼ੁਦ ਪਾਰਟੀ ਦੇ ਅੰਦਰ ਮੌਜੂਦ ਹਨ, ਉਹ ਅਜਿਹੇ ਜਮਾਤੀ ਦੁਸ਼ਮਣ ਹਨ ਜੋ ਲਾਲ ਝੰਡੇ ਦਾ ਵਿਰੋਧ ਲਾਲ ਝੰਡੇ ਨਾਲ ਹੀ ਕਰਦੇ ਹਨ। ਅਜਿਹੇ ਲੋਕਾਂ ਨੂੰ ਮਾਓ ਵਿਚਾਰਧਾਰਾ ਦੀ ਦੂਰਬੀਨ ਅਤੇ ਖ਼ੁਰਦਬੀਨ ਨਾਲ ਹੀ ਦੇਖਿਆ ਜਾ ਸਕਦਾ ਹੈ। ਪਾਰਟੀ ਦੀ ਆਗੂ ਟੀਮ ਆਮ ਰੂਪ ਵਿੱਚ ਇਸ ਨਿਰਣੇ ਨਾਲ ਸਹਿਮਤ ਸੀ ਚਾਹੇ ਕੁਝ ਆਗੂ ਮੈਂਬਰਾਂ ਦੇ ਮਨਾਂ ਵਿੱਚ ਇਸ ਮੁਹਿੰਮ ਦੀ ਦਿਸ਼ਾ ਬਾਰੇ ਸ਼ੰਕੇ ਉਤਪੰਨ ਹੋ ਰਹੇ ਸਨ। ਪੈਂਗ ਜ਼ੈੱਨ ਵਰਗੇ ਆਗੂਆਂ ਉੱਤੇ ਦੋਸ਼ ਲੱਗਣ ਨਾਲ ਚੀਨ ਦਾ ਬੁੱਧੀਜੀਵੀ ਵਰਗ ਸਤਰਕ ਹੋ ਗਿਆ ਕਿ ਹੁਣ ਕੀ ਵਾਪਰੇਗਾ।

ਇਸ ਤੋਂ ਕੁਝ ਦਿਨ ਬਾਅਦ 25 ਮਈ ਨੂੰ ਬੀਜ਼ਿੰਗ ਯੂਨੀਵਰਸਿਟੀ ਦੀ ਫਿਲਾਸਫ਼ੀ ਦੀ ਲੈਕਚਰਾਰ ਨੀ ਯੂਆਨਜ਼ੀ ਨੇ ਇੱਕ ਵੱਡੇ ਅੱਖਰਾਂ ਵਾਲਾ ਪੋਸਟਰ ਲਿਖਿਆ ਅਤੇ ਯੂਨੀਵਰਸਿਟੀ ਦੇ ਸੂਚਨਾ ਬੋਰਡ ’ਤੇ ਲਗਾ ਦਿੱਤਾ। ਇਸ ਪੋਸਟਰ ਵਿੱਚ ਯੂਨੀਵਰਸਿਟੀ ਅਧਿਕਾਰੀਆਂ ’ਤੇ ਹਮਲਾ ਕੀਤਾ ਗਿਆ ਸੀ ਕਿ ਉਹ ਸੋਧਵਾਦ ਨੂੰ ਬਚਾਉਣ ਲਈ ਇਨਕਲਾਬੀ ਵਿਚਾਰਾਂ ਉੱਤੇ ਰੋਕਾਂ ਲਗਾ ਰਹੇ ਹਨ। ਮਾਓ ਨੇ ਇਸ ਨੂੰ ‘ਪਹਿਲਾ ਮਾਰਕਸਵਾਦੀ-ਲੈਨਿਨਵਾਦੀ ਵੱਡ-ਅੱਖਰੀ ਪੋਸਟਰ’ ਕਹਿ ਕੇ ਇਸਦੀ ਪ੍ਰਸ਼ੰਸਾ ਕੀਤੀ। ਮਾਓ ਦੀ ਇਸ ਮਾਨਤਾ ਨਾਲ ਚੀਨ ਦੇ ਸਕੂਲਾਂ ਕਾਲਜਾਂ ਵਿੱਚ ਵਿਦਿਅਕ ਅਧਿਕਾਰੀਆਂ ਖਿਲਾਫ਼ ਲਹਿਰ ਫੈਲ ਗਈ। ਜੂਨ ਵਿੱਚ ਦੇਸ਼ ਦੇ ਸਕੂਲਾਂ ਕਾਲਜਾਂ ਵਿੱਚ ਪੜ੍ਹਾਈ ਠੱਪ ਹੋ ਗਈ ਅਤੇ ਨੌਜਵਾਨ ਵਿਦਿਆਰਥੀ ਮਾਓ ਦੇ ਚਿਤਰ ਹੱਥਾਂ ਵਿੱਚ ਲੈ ਕੇ ਢੋਲ ਵਜਾਉਂਦੇ, ਸੋਧਵਾਦ ਖਿਲਾਫ਼ ਨਾਅਰੇ ਲਾਉਂਦੇ ਸੜਕਾਂ ’ਤੇ ਘੁੰਮਣ ਲੱਗੇ। ਲਿਊ ਸ਼ਾਓ ਚੀ ਅਤੇ ਡੈਂਗ ਜ਼ਿਆਓ ਪਿੰਗ ਨੇ ਸਥਿਤੀ ਨੂੰ ਕੰਟਰੋਲ ਕਰਨ ਲਈ ਵਿਦਿਆਰਥੀਆਂ ਨੂੰ ਵਿਚਾਰਧਾਰਕ ਤੌਰ ’ਤੇ ਸਮਝਾਉਣ ਵਾਸਤੇ ਵਿਦਿਅਕ ਅਦਾਰਿਆਂ ਵਿੱਚ ‘ਕਾਰਜ ਟੀਮਾਂ’ ਭੇਜਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਇਹ ਦਲੀਲ ਦਿੰਦਿਆਂ ਕਿ ਪਾਰਟੀ ਕਮੇਟੀਆਂ ਉੱਤੇ ਹਮਲੇ ਖ਼ੁਦ ਚੇਅਰਮੈਨ ਮਾਓ ਉੱਤੇ ਹਮਲੇ ਹਨ ਸੋ ਪਾਰਟੀ ਮੈਂਬਰਸ਼ਿਪ ਨੂੰ ਪਾਰਟੀ ਮਰਿਆਦਾ ਵਿੱਚ ਰਹਿਣ ਅਤੇ ਬਾਗੀਆਂ ਨੂੰ ਨਿਖੇੜ ਕੇ ਕੁਚਲ ਦੇਣ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਦੇ ਅੰਦਰੂਨੀ ਮਸਲੇ ਖੁਲ੍ਹਮ-ਖੁੱਲੀ ਜਨਤਕ ਬਹਿਸ ਵਿੱਚ ਨਹੀਂ ਲਿਆਉਣੇ ਚਾਹੀਦੇ। ਉਨ੍ਹਾਂ ਦੀ ਇਸ ਮੁਹਿੰਮ ਦਾ ਕਾਫੀ ਅਸਰ ਪਿਆ ਅਤੇ ਵੱਡੀ ਗਿਣਤੀ ਲਿਊ ਸ਼ਾਓ ਚੀ ਅਤੇ ਉਸ ਵੱਲੋਂ ਭੇਜੀਆਂ ਕਾਰਜ ਟੀਮਾਂ ਨਾਲ ਸਹਿਮਤ ਹੋਣ ਲੱਗੀ। ਇਸ ਦਾ ਇੱਕ ਕਾਰਣ ਇਹ ਵੀ ਸੀ ਕਿ ਓਹਨਾਂ ਦਿਨਾਂ ਵਿੱਚ ਮਾਓ ਬੀਜ਼ਿੰਗ ਤੋਂ ਬਾਹਰ ਸੀ ਅਤੇ ਮਾਓ ਦੀ ਵੱਡੀ ਹੋ ਚੁੱਕੀ ਉਮਰ ਅਤੇ ਮਾੜੀ ਸਿਹਤ ਦੀਆਂ ਗੱਲਾਂ ਫੈਲਾਈਆਂ ਜਾ ਰਹੀਆਂ ਸਨ। ਇਸ ਦਾ ਜਵਾਬ ਦੇਣ ਲਈ ਮਾਓ ਨੇ 16 ਜੁਲਾਈ ਨੂੰ 72 ਸਾਲ ਦੀ ਉਮਰ ਵਿੱਚ ਆਪਣੇ 5000 ਸਮਰਥਕਾਂ ਨਾਲ ਯਾਂਗਸੀ ਦਰਿਆ ਤੈਰ ਕੇ ਪਾਰ

ਕੀਤਾ। ਬਾਗੀਆਂ ਵੱਲੋਂ ਇਸ ਨੂੰ ਪੂਰੀ ਪਬਲੀਸਿਟੀ ਦਿੱਤੀ ਗਈ ਕਿਉਂਕਿ ਇਸ ਦਾ ਮਕਸਦ ਮਾਓ ਵੱਲੋਂ ਇਹ ਦਿਖਾਉਣਾ ਸੀ ਕਿ ਉਹ 72 ਸਾਲ ਦੀ ਉਮਰ ਦੇ ਬਾਵਜੂਦ ਸਰੀਰਕ ਤੌਰ 'ਤੇ ਪੂਰੀ ਤਰ੍ਹਾਂ ਕਾਇਮ ਹੈ ਅਤੇ ਨਵੇਂ ਇਨਕਲਾਬੀ ਘੋਲ ਦੀ ਅਗਵਾਈ ਕਰਨ ਦੇ ਸਮਰੱਥ ਹੈ। 24 ਜੁਲਾਈ ਨੂੰ ਮਾਓ ਨੇ ਲਿਊ ਸ਼ਾਓ ਚੀ ਵੱਲੋਂ ਭੇਜੀਆਂ ਕਾਰਜ-ਟੀਮਾਂ ਨੂੰ ਰੱਦ ਕਰਦੇ ਹੋਏ ਇਨ੍ਹਾਂ ਵਾਪਸ ਬਲਾਉਣ ਲਈ ਕਿਹਾ। ਕੁਝ ਦਿਨ ਬਾਅਦ ਇੱਕ ਵੱਡੀ ਰੈਲੀ ਵਿੱਚ ਕਾਰਜ ਟੀਮਾਂ ਨੂੰ ਖਤਮ ਕਰਨ ਦਾ ਫੈਸਲਾ ਸੁਣਾਇਆ ਗਿਆ ਅਤੇ ਲੋਕਾਂ ਨੂੰ ਬਗ਼ੈਰ ਕਿਸੇ ਡਰ ਤੋਂ ਸਭਿਆਚਾਰਕ ਇਨਕਲਾਬ ਅੱਗੇ ਵਧਾਉਣ ਦਾ ਸੱਦਾ ਦਿੱਤਾ।

### ਹੈੱਡ-ਕੁਆਰਟਰ ਉਡਾ ਦਿਓ

5 ਅਗਸਤ ਨੂੰ ਮਾਓ ਜ਼ੇ-ਤੁੰਗ ਨੇ ਵੱਡ-ਅੱਖਰੀ ਪੋਸਟਰ ਲਿਖਿਆ 'ਹੈੱਡਕੁਆਰਟਰ ਉਡਾ ਦਿਓ' ਜਿਸ ਦਾ ਭਾਵ ਅਰਥ ਸੀ ਕਿ ਪਾਰਟੀ ਉੱਚ ਅਦਾਰੇ, ਜੋ ਮਾਓ ਅਨੁਸਾਰ ਸਰਮਾਏਦਾਰੀ ਰਾਹ 'ਤੇ ਚੱਲ ਰਹੇ ਹਨ, ਉਨ੍ਹਾਂ 'ਤੇ ਹੱਲਾ ਬੋਲ ਦਿਓ। ਇਸੇ ਦੌਰਾਨ ਪਾਰਟੀ ਦੀ ਕੇਂਦਰੀ ਕਮੇਟੀ ਦੀ ਮੀਟਿੰਗ ਹੋਈ ਜਿਸ ਵਿੱਚ ਮਾਓ ਨੇ ਜੋਰਦਾਰ ਢੰਗ ਨਾਲ ਕਿਹਾ ਕਿ ਪਾਰਟੀ ਲੀਡਰਸ਼ਿਪ ਇਨਕਲਾਬੀ ਸਿਧਾਂਤ ਤੋਂ ਥਿੜਕ ਗਈ ਹੈ।

8 ਅਗਸਤ 1966 ਨੂੰ ਪਾਰਟੀ ਦੀ ਕੇਂਦਰੀ ਕਮੇਟੀ ਵੱਲੋਂ 16 ਨੁਕਤਿਆਂ ਵਾਲਾ ਦਸਤਾਵੇਜ਼ ਪਾਸ ਕੀਤਾ ਗਿਆ ਜਿਸ ਦਾ ਨਾਮ ਸੀ 'ਮਹਾਨ ਪ੍ਰੋਲਤਾਰੀ ਸਭਿਆਚਾਰਕ ਇਨਕਲਾਬ ਬਾਰੇ ਫੈਸਲਾ'। ਇਸ ਫੈਸਲੇ ਮੁਤਾਬਿਕ ਚੀਨ ਦਾ ਸਮਾਜਵਾਦੀ ਇਨਕਲਾਬ ਇੱਕ ਨਵੇਂ ਪੜਾਅ – ਮਹਾਨ ਪ੍ਰੋਲਤਾਰੀ ਸਭਿਆਚਾਰਕ ਇਨਕਲਾਬ – ਵਿੱਚ ਦਾਖਲ ਹੋ ਗਿਆ ਹੈ। ਇਸ ਵਿੱਚ ਇਨਕਲਾਬੀ ਪਾਰਟੀ ਕਾਡਰ ਨੂੰ ਆਖਿਆ ਗਿਆ ਕਿ ਉਹ ਦਲੇਰੀ ਦਾ ਸਬੂਤ ਦੇਣ, ਜਨਤਾ ਨੂੰ ਉਭਾਰਨ, ਸਭ ਕੁਝ ਆਪ ਕਰਨ ਦੀ ਬਜਾਏ ਜਨਤਾ ਨੂੰ ਲਹਿਰ ਵਿਚੋਂ ਸਿਖਲਾਈ ਪ੍ਰਾਪਤ ਕਰਨ ਦੇਣ। ਇਸ ਦੇ ਪਹਿਲੇ ਨੁਕਤੇ ਵਿੱਚ ਦਰਜ ਕੀਤਾ ਗਿਆ ਸੀ –'ਭਾਂਵੇਂ ਸਰਮਾਏਦਾਰੀ ਨੂੰ ਲਾਹ ਦਿੱਤਾ ਗਿਆ ਹੈ, ਪਰ ਇਹ ਅਜੇ ਵੀ ਪੁਰਾਂਣੇ ਸਭਿਆਚਾਰ, ਪੁਰਾਣੇ ਵਿਚਾਰਾਂ, ਰੀਤਾਂ, ਆਦਤਾਂ ਨਾਲ ਜਨਤਾ ਨੂੰ ਭ੍ਰਿਸ਼ਟ ਕਰਨ ਅਤੇ ਉਨ੍ਹਾਂ ਦੀ ਸੋਚ 'ਤੇ ਕਬਜਾ ਕਰ ਕੇ ਵਾਪਸ ਆਪਣੀ ਚੌਧਰ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਮਜਦੂਰ ਵਰਗ ਨੂੰ ਇਸ ਦੇ ਬਿਲਕੁਲ ਉਲਟ ਕਰਨਾ ਚਾਹੀਦਾ ਹੈ, ਸਮਾਜ ਦੀ ਸੋਚ ਬਦਲਣ ਲਈ ਸਰਮਾਏਦਾਰੀ ਦੀ ਹਰ ਚੁਣੌਤੀ ਨੂੰ ਸਾਹਮਣੇ ਤੋਂ ਟੱਕਰਨਾ ਪੈਣਾ ਹੈ। ਇਸ ਵਕਤ ਸਾਡਾ ਨਿਸ਼ਾਨਾ, ਸੱਤਾ ਵਿੱਚ ਬੈਠੇ ਪੂੰਜੀਪਤੀ ਮਾਰਗੀਆਂ ਖਿਲਾਫ਼

ਸੰਘਰਸ਼ ਕਰ ਕੇ ਉਨ੍ਹਾਂ ਨੂੰ ਕੁਚਲਣਾ, ਸਰਮਾਏਦਾਰੀ ਅਤੇ ਹੋਰ ਲੋਟੂ ਜਮਾਤਾਂ ਦੀ ਵਿਚਾਰਧਾਰਾ ਦੀ ਆਲੋਚਨਾ ਕਰਕੇ ਰੱਦ ਕਰਨਾ ਅਤੇ ਸਿੱਖਿਆ, ਸਾਹਿਤ ਅਤੇ ਉਸਾਰ ਦੇ ਉਨ੍ਹਾਂ ਹੋਰ ਰੂਪਾਂ ਨੂੰ ਬਦਲਣਾ ਹੈ ਜੋ ਸਮਾਜਵਾਦੀ ਆਰਥਿਕ ਆਧਾਰ ਨਾਲ ਮੇਲ ਨਹੀਂ ਖਾਂਦੇ; ਤਾਂ ਜੋ ਸਮਾਜਵਾਦੀ ਪ੍ਰਬੰਧ ਨੂੰ ਵਿਕਸਿਤ ਅਤੇ ਮਜਬੂਤ ਕੀਤਾ ਜਾ ਸਕੇ।'

ਇਸ ਫੈਸਲੇ ਵਿੱਚ ਦਰਜ 16 ਨੁਕਤਿਆਂ ਦੇ ਵੱਡੇ ਅਸਰ ਪਏ। ਜਿਹੜੀ ਲਹਿਰ ਪਹਿਲਾਂ ਕੇਵਲ ਵਿਦਿਆਰਥੀਆਂ ਦੇ ਇੱਕ ਹਿੱਸੇ ਤੱਕ ਸੀਮਿਤ ਸੀ, ਇਸ ਫੈਸਲੇ ਨੇ ਉਸ ਨੂੰ ਇੱਕ ਦੇਸ਼ ਵਿਆਪੀ ਮੁਹਿੰਮ ਵਿੱਚ ਬਦਲ ਦਿੱਤਾ, ਜਿਸ ਨੇ ਕਾਮਿਆਂ, ਕਿਸਾਨਾਂ, ਫੌਜੀਆਂ ਅਤੇ ਪਾਰਟੀ ਦੇ ਹੇਠਲੇ ਕਾਡਰ ਨੂੰ ਅਧਿਕਾਰਤ ਸੱਤਾ ਕੇਂਦਰਾਂ ਨੂੰ ਚੁਣੌਤੀ ਦੇਣ ਅਤੇ ਸਮਾਜਿਕ ਉਸਾਰ ਨੂੰ ਤਬਦੀਲ ਕਰਨ ਦੇ ਰਾਹ ਪਾ ਦਿੱਤਾ। ਇਸ ਸਭਿਆਚਾਰਕ ਇਨਕਲਾਬ ਨੂੰ ਅਮਲ ਵਿੱਚ ਲਿਆਉਣ ਲਈ ਰੈੱਡ ਗਾਰਡਜ਼ ਦੇ ਰੂਪ ਵਿੱਚ ਲੱਖਾਂ ਕਾਰਕੁੰਨ ਸਰਗਰਮ ਹੋ ਗਏ। 18 ਅਗਸਤ 1966 ਨੂੰ ਬੀਜ਼ਿੰਗ ਦੇ ਮਸ਼ਹੂਰ ਤਿਆਨਮਿਨ ਚੌਂਕ ਵਿੱਚ ਦਸ ਲੱਖ ਰੈੱਡ ਗਾਰਡਜ਼ ਦੀ ਵਿਸ਼ਾਲ ਰੈਲੀ ਹੋਈ ਜਿਸ ਵਿੱਚ ਮਾਓ ਜ਼ੇ-ਤੁੰਗ ਖ਼ੁਦ ਵੀ ਆਪਣੀ ਬਾਂਹ ਉੱਤੇ ਰੈੱਡ ਗਾਰਡਜ਼ ਦੀ ਨਿਸ਼ਾਨੀ, ਲਾਲ ਪੱਟੀ ਬੰਨ੍ਹ ਕੇ ਸ਼ਾਮਲ ਹੋਇਆ। ਅਗਲੇ ਤਿੰਨ ਕੁ ਮਹੀਨਿਆਂ ਦੌਰਾਨ ਅਜਿਹੀਆਂ ਕਈ ਹੋਰ ਵੱਡੀਆਂ ਰੈਲੀਆਂ ਹੋਈਆਂ ਜਿਨ੍ਹਾਂ ਵਿੱਚ ਕੁੱਲ ਮਿਲਾ ਕੇ ਇੱਕ ਕਰੋੜ ਤੋਂ ਉਪਰ ਲੋਕਾਂ ਨੇ ਸਭਿਆਚਾਰਕ ਇਨਕਲਾਬ ਪ੍ਰਤੀ ਸਮਰਥਨ ਜਾਹਰ ਕੀਤਾ। ਇਨ੍ਹਾਂ ਰੈਲੀਆਂ ਵਿੱਚ ਸਟੇਜ ਆਮ ਕਰਕੇ ਲਿਨ ਪਿਆਓ ਦੇ ਹੱਥ ਹੁੰਦੀ ਜੋ ਗਰਜ ਗਰਜ ਕੇ 'ਚਾਰ ਪੁਰਾਣਿਆਂ' ਦਾ ਨਾਸ਼ ਕਰਨ ਲਈ ਕਹਿੰਦਾ। ਇਹ 'ਚਾਰ ਪੁਰਾਣੇ' ਸਨ – ਪੁਰਾਣਾ ਸਭਿਆਚਾਰ, ਪੁਰਾਣੀਆਂ ਰੀਤਾਂ, ਪੁਰਾਣੀਆਂ ਆਦਤਾਂ ਅਤੇ ਪੁਰਾਣੇ ਵਿਚਾਰ। ਪੁਰਾਣਿਆਂ ਦਾ ਨਾਸ਼ ਕਿਵੇਂ ਕੀਤਾ ਜਾਵੇ ਅਤੇ ਉਨ੍ਹਾਂ ਦੀ ਥਾਂ ਨਵਾਂ ਕੀ ਲਿਆਂਦਾ ਜਾਵੇ ਇਸ ਬਾਰੇ ਸਭਿਆਚਾਰਕ ਇਨਕਲਾਬ ਦੇ ਆਗੂਆਂ ਵੱਲੋਂ ਕੋਈ ਹਦਾਇਤਾਂ ਨਹੀਂ ਸਨ। ਮਾਓ ਦਾ ਕਹਿਣਾ ਸੀ ਕਿ ਇਸ ਬਾਰੇ ਲੋਕ ਖ਼ੁਦ ਹੀ ਤੈਅ ਕਰਨਗੇ, ਉਹ ਲਹਿਰ ਵਿਚੋਂ ਖ਼ੁਦ ਹੀ ਸਿੱਖਣਗੇ। ਪਾਰਟੀ ਦੇ ਆਗੂਆਂ ਦੀ ਅਥਾਰਿਟੀ ਇਹ ਕਹਿ ਕੇ ਪਹਿਲਾਂ ਹੀ ਖਤਮ ਕਰ ਦਿੱਤੀ ਗਈ ਸੀ ਕਿ ਉਹ ਮਜ਼ਦੂਰ ਜਮਾਤ ਦੇ ਨੁਮਾਇੰਦੇ ਨਾ ਰਹਿ ਕੇ ਲੋਕਾਂ ਉੱਤੇ ਹਾਕਮ ਬਣ ਗਏ ਹਨ। ਅਜਿਹੀ ਹਾਲਤ ਵਿੱਚ ਅਰਾਜਕਤਾ ਅਤੇ ਆਪਮੁਹਾਰਤਾ ਫੈਲਣੀ ਸੁਭਾਵਿਕ ਹੀ ਸੀ। ਜਿੱਥੇ ਕੁਝ ਨਾਂਹ-ਪੱਖੀ ਅਤੇ ਪਿਛਾਂਹਖਿੱਚੂ ਰਸਮਾਂ ਰਿਵਾਜਾਂ ਅਤੇ ਸੰਸਥਾਵਾਂ ਉਪਰ ਹੱਲਾ ਬੋਲਿਆ ਗਿਆ ਜੋ ਜਾਇਜ਼ ਸੀ, ਉਥੇ ਦੂਜੇ ਪਾਸੇ ਮਾਓ ਦੀ ਹੱਲਾਸ਼ੇਰੀ ਨਾਲ ਚਾਂਭਲੀ ਮੁੰਡ੍ਹੀਰ ਨੇ ਪੁਰਾਤਨ ਇਤਿਹਾਸਕ ਸਮਾਰਕਾਂ, ਕਲਾਕ੍ਰਿਤਾਂ, ਅਜਾਇਬ ਘਰਾਂ ਵਿੱਚ ਪਈਆਂ ਵਸਤੂਆਂ,

ਪੁਰਾਤਨ ਹੱਥਲਿਖਤਾਂ, ਪੁਸਤਕਾਂ, ਧਾਰਮਿਕ ਮੱਠਾਂ ਨੂੰ ਵੀ ਨਸ਼ਟ ਕਰਨਾ ਸ਼ੁਰੂ ਕਰ ਦਿੱਤਾ ਸੀ। ਉਹ ਥੋੜ੍ਹਾ ਜਿਹਾ ਉੱਚਾ ਰਹਿਣ ਸਹਿਣ ਰੱਖਣ ਵਾਲੇ ਲੋਕਾਂ ਦੇ ਘਰਾਂ ਵਿੱਚ ਵੜ ਜਾਂਦੇ, ਉਨ੍ਹਾਂ ਨੂੰ ਘਰ ਵਿਚਲੀ ਜਿਹੜੀ ਵੀ ਚੀਜ ਲਗਦੀ ਕਿ ਇਹ ਬੁਰਜੂਆ ਸੁਹਜ ਸੁਆਦਾਂ ਵਾਲੀ ਹੈ ਉਹ ਚੁੱਕ ਕੇ ਨਸ਼ਟ ਕਰ ਦਿੰਦੇ ਅਤੇ ਪਰਿਵਾਰ ਦੀ ਅਜਿਹੇ ਬੁਰਜੂਆ ਸੁਹਜ ਸੁਆਦ ਲਈ ਝਾੜਝੰਬ ਕਰਦੇ। ਰੈੱਡ ਗਾਰਡਜ਼ ਜਨਤਕ ਸਭਾਵਾਂ ਕਰਦੇ, ਜਿਹੜੇ ਲੋਕ ਉਨ੍ਹਾਂ ਨੂੰ ਲਗਦੇ ਕਿ ਇਹ ਪੂੰਜੀਪਤੀ ਮਾਰਗੀ ਹਨ, ਸੋਧਵਾਦੀ ਹਨ। ਉਨ੍ਹਾਂ ਦੇ ਦੋਸ਼ ਸੁਣਾਏ ਜਾਂਦੇ, ਜ਼ਲੀਲ ਕੀਤਾ ਜਾਂਦਾ, ਸਵੈ-ਪੜਚੋਲ ਲਿਖਵਾਈ ਜਾਂਦੀ ਅਤੇ ਸਜਾਵਾਂ ਸੁਣਾਈਆਂ ਜਾਂਦੀਆਂ। ਪ੍ਰੋਫੈਸਰਾਂ, ਅਧਿਆਪਕਾਂ ਅਤੇ ਹੋਰ ਬੁੱਧੀਜੀਵੀਆਂ ਨੂੰ ਲੋਕਾਂ ਕੋਲੋਂ ਸਿੱਖਣ ਅਤੇ ਸਰੀਰਕ ਮਿਹਨਤ ਕਰਨ ਲਈ ਖੇਤਾਂ, ਕਾਰਖਾਨਿਆਂ ਆਦਿ ਵਿੱਚ ਭੇਜ ਦਿੱਤਾ ਜਾਂਦਾ।

ਸਭਿਆਚਾਰਕ ਇਨਕਲਾਬ ਦੌਰਾਨ ਕਿਹੋ ਜਿਹਾ ਮਾਹੌਲ ਬਣ ਗਿਆ ਸੀ, ਇੱਕ ਮਾਓਵਾਦੀ ਰਸਾਲੇ ਵਿੱਚ ਇਸ ਦਾ ਚਿੱਤਰ ਇਸ ਤਰ੍ਹਾਂ ਨਾਲ ਪੇਸ਼ ਕੀਤਾ ਗਿਆ ਹੈ - *ਨਵੰਬਰ ਅਤੇ ਦਸੰਬਰ 1966 ਵਿੱਚ ਸ਼ੰਘਾਈ ਦਾ ਸਾਰਾ ਸ਼ਹਿਰ ਅਤਿਅੰਤ ਤਿੱਖੀ ਅਤੇ ਗਰਮੋ ਗਰਮ ਬਹਿਸ ਦਾ ਅਖਾੜਾ ਬਣਿਆ ਰਿਹਾ ਜਿਸ ਦਾ ਕੇਂਦਰੀ ਨੁਕਤਾ ਇਹ ਸੀ ਕਿ ਕੀ ਸ਼ੰਘਾਈ ਦਾ ਮੇਅਰ ਸਾਓ ਤੂ-ਚੀ ਅਤੇ ਸ਼ੰਘਾਈ ਪਾਰਟੀ ਕਮੇਟੀ ਦਾ ਪ੍ਰਥਮ ਸਕੱਤਰ ਮਾਓ ਵਿਚਾਰਧਾਰਾ 'ਤੇ ਚੱਲਣ ਵਾਲੇ ਖਰੇ ਇਨਕਲਾਬੀ ਹਨ ਜਾਂ ਸੋਧਵਾਦੀ ਅਤੇ ਉਲਟ ਇਨਕਲਾਬੀ? ਕੋਈ ਦਸ ਲੱਖ ਤੋਂ ਵੱਧ ਲੋਕ ਬਹਿਸ ਵਿੱਚ ਬੁਰੀ ਤਰ੍ਹਾਂ ਸਰਗਰਮ ਸਨ। ਬਹਿਸ ਵਿੱਚ ਉਲਝੀਆਂ ਵੱਡੀਆਂ ਵੱਡੀਆਂ ਭੀੜਾਂ ਸੜਕਾਂ 'ਤੇ ਜਮ੍ਹਾਂ ਹੋ ਕੇ ਆਵਾਜਾਈ ਠੱਪ ਕਰ ਦਿੰਦੀਆਂ। ਬੱਸਾਂ ਦੀਆਂ ਸਵਾਰੀਆਂ ਵਿਚਕਾਰ ਕਈ ਵਾਰ ਬਹਿਸ ਐਨੀ ਭਖ ਜਾਂਦੀ ਕਿ ਡਰਾਈਵਰ, ਕੰਡਕਟਰ ਵੀ ਬੱਸ ਰੋਕ ਕੇ ਬਹਿਸ ਵਿੱਚ ਗਲਤਾਨ ਹੋ ਜਾਂਦੇ। ਫੈਕਟਰੀਓਂ ਬਾਹਰ ਆਉਂਦਿਆਂ ਹੀ ਮਜ਼ਦੂਰ ਆਪਸ ਵਿੱਚ ਉਲਝ ਪੈਂਦੇ। ਗਲੀਆਂ ਮੁਹੱਲਿਆਂ ਵਿਚੋਂ ਬਹਿਸ ਪਰਿਵਾਰਾਂ ਵਿੱਚ ਜਾ ਵੜੀ। ਪਿਓ ਪੁੱਤਰ ਇੱਕ ਦੂਜੇ ਖਿਲਾਫ਼ ਮੋਰਚਾ ਮੱਲ ਲੈਂਦੇ। ਘੰਟਿਆਂ ਬੱਧੀ ਭਖ-ਭਖਾਈ ਤੋਂ ਬਾਅਦ ਪਤੀ ਪਤਨੀ ਆਪੋ ਵਿਚ ਦੀ ਮੂੰਹ ਮੋਟਾ ਕਰ ਲੈਂਦੇ ਅਤੇ ਕਿੰਨਾ ਕਿੰਨਾ ਚਿਰ ਇੱਕ ਦੂਜੇ ਨੂੰ ਨਾ ਬੁਲਾਉਂਦੇ। ਘੋਲ ਦੇ ਸਿਖਰ ਵਾਲੇ ਦੋ ਦਿਨ ਸਾਰਾ ਸ਼ਹਿਰ ਰਾਤ ਭਰ ਜਾਗਦਾ ਰਿਹਾ। ਹਫੜਾ ਦਫੜੀ ਮੱਚੀ ਹੋਈ ਸੀ, ਆਵਾਜਾਈ ਠੱਪ ਹੋ ਗਈ, ਬੰਦਰਗਾਹ ਆਰਜੀ ਤੌਰ 'ਤੇ ਬੰਦ ਹੋ ਗਈ ਅਤੇ ਬਿਜਲੀ ਬੁਝ ਗਈ।* ਜ਼ਿਕਰਯੋਗ ਹੈ ਕਿ ਇਹ ਦ੍ਰਿਸ਼ ਸਭਿਆਚਾਰਕ ਇਨਕਲਾਬ ਦੇ ਕਿਸੇ ਵਿਰੋਧੀ ਵੱਲੋਂ ਨਹੀਂ ਸਗੋਂ ਉਸ ਦੇ ਪੱਖ ਵਿੱਚ ਖੜ੍ਹਨ ਵਾਲੇ ਰਸਾਲੇ ਵੱਲੋਂ ਪੇਸ਼ ਕੀਤਾ ਗਿਆ ਹੈ। ਇਸ ਤੋਂ ਹਾਲਾਤ ਦੀ ਗੰਭੀਰਤਾ (ਜਾਂ ਕਹਿ ਲਵੋ ਇਨਕਲਾਬੀ ਸਥਿਤੀ) ਦੀ ਝਲਕ ਦੇਖੀ ਜਾ ਸਕਦੀ ਹੈ।

ਅਜਿਹੀਆਂ ਸਥਿਤੀਆਂ ਵਿੱਚ ਦੇਖਿਆ ਗਿਆ ਹੈ ਕਿ ਇੱਕ ਭੀੜ ਦੀ ਮਾਨਸਿਕਤਾ ਹਾਵੀ ਹੋ ਜਾਂਦੀ ਹੈ ਅਤੇ ਸਿਆਣੀਆਂ ਅਵਾਜ਼ਾਂ ਦਬ ਜਾਂਦੀਆਂ ਹਨ। ਚਾਹੇ ਕਿੰਨਾ ਕਿਹਾ ਜਾਵੇ ਕਿ ਜਨਤਕ ਇਕੱਠਾਂ ਵਿੱਚ ਪਹਿਲਾਂ ਬਹਿਸ ਚਲਾਈ ਜਾਵੇ, ਫਿਰ ਫੈਸਲੇ ਲਏ ਜਾਣ ਪਰ ਅਮਲ ਵਿੱਚ 'ਚੱਕ ਲੋ' 'ਚੱਕ ਲੋ' ਕਰਨ ਵਾਲੇ ਭਾਰੂ ਹੋ ਜਾਂਦੇ ਹਨ। ਅਜਿਹੇ ਮੌਕਿਆਂ 'ਤੇ ਨਿੱਜੀ ਕਿੜਾਂ ਤਾਂ ਕੱਢੀਆਂ ਹੀ ਜਾਂਦੀਆਂ ਹਨ, ਸਮਾਜਿਕ ਹਿਤਾਂ ਦੀ ਬਜਾਏ ਨਿੱਜੀ ਵਿਸ਼ਵਾਸ ਅਤੇ ਨਿੱਜੀ ਪਸੰਦਾਂ ਵੀ ਟਕਰਾਅ ਦਾ ਕਾਰਣ ਬਣ ਜਾਂਦੀਆਂ ਹਨ। ਜੇ ਮਾਰਕਸਵਾਦੀ ਵਿਚਾਰ ਪ੍ਰਣਾਲੀ ਅਨੁਸਾਰ ਵੀ ਕਹਿਣਾ ਹੋਵੇ ਤਾਂ ਅਨੁਸ਼ਾਸ਼ਨ ਅਤੇ ਜਨਤਕ ਪਹਿਲਕਦਮੀ, ਦੋਹਵਾਂ ਦਾ ਵਿਰੋਧ ਵਿਕਾਸੀ ਰਿਸ਼ਤਾ ਹੋਣਾ ਚਾਹੀਦਾ ਹੈ, ਪਰ ਇਥੇ ਤਾਂ ਸਿਰਫ 'ਜਨਤਕ ਪਹਿਲਕਦਮੀ' ਹੀ ਸੀ। ਚਾਹੇ ਸਭਿਆਚਾਰਕ ਇਨਕਲਾਬ ਸ਼ੁਰੂ ਕਰਨ ਵੇਲੇ ਕਿਹਾ ਗਿਆ ਸੀ ਕਿ ਵਿਚਾਰਧਾਰਕ ਵਿਰੋਧ ਹੱਲ ਕਰਨ ਲਈ ਹਥਿਆਰਾਂ ਦੀ ਬਜਾਏ ਦਲੀਲਾਂ ਦੀ ਵਰਤੋਂ ਕਰਨੀ ਹੈ ਪਰ ਜਿਹੋ ਜਿਹਾ ਮਾਹੌਲ ਬਣ ਗਿਆ ਸੀ ਉਸ ਵਿੱਚ ਭੀੜਾਂ ਹਿੰਸਕ ਹੋਣ ਲੱਗੀਆਂ। ਖਾਸ ਕਰ ਜਦ ਸਭਿਆਚਾਰਕ ਇਨਕਲਾਬ ਦਾ ਘੇਰਾ ਫੌਜ ਤੱਕ ਫੈਲਾ ਦਿੱਤਾ ਗਿਆ ਤਾਂ ਰੈੱਡ ਗਾਰਡਜ਼ ਨੇ ਫੌਜ ਦੇ ਹਥਿਆਰ ਵਰਤਣੇ ਸ਼ੁਰੂ ਕਰ ਦਿੱਤੇ।

ਇੱਕ ਹੋਰ ਮਸਲਾ ਆਪਸ ਵਿੱਚ ਵਿਰੋਧੀ ਦੋਵੇਂ ਪੱਖਾਂ ਵੱਲੋਂ ਮਾਓ ਦਾ ਨਾਮ ਵਰਤਣ ਅਤੇ ਲਾਲ ਝੰਡੇ ਦਾ ਵਿਰੋਧ ਲਾਲ ਝੰਡੇ ਨਾਲ ਕਰਨ ਦਾ ਸੀ। ਜਿਸ ਤਰ੍ਹਾਂ ਸ਼ੰਘਾਈ ਵਿੱਚ ਸਭਿਆਚਾਰਕ ਇਨਕਲਾਬ ਦੇ ਸਮਰਥਕਾਂ ਨੇ ' ਸ਼ੰਘਾਈ ਮਜ਼ਦੂਰਾਂ ਦੇ ਇਨਕਲਾਬੀ ਬਾਗੀ' ਜਥੇਬੰਦੀ ਕਾਇਮ ਕੀਤੀ ਤਾਂ ਇਸ ਦੇ ਮੁਕਾਬਲੇ ਲਿਊ ਸ਼ਾਓ ਚੀ ਦੇ ਪੱਖੀ ਮਜ਼ਦੂਰਾਂ ਨੇ ਜੋ ਜਥੇਬੰਦੀ ਖੜ੍ਹੀ ਕੀਤੀ, ਉਸ ਦਾ ਨਾਮ ਰੱਖਿਆ, 'ਮਾਓ ਵਿਚਾਰਧਾਰਾ ਦੀ ਰਾਖੀ ਲਈ ਸ਼ੰਘਾਈ ਮਜ਼ਦੂਰਾਂ ਦੇ ਸੁਰਖ ਰਾਖੇ'। ਵਰਣਨਯੋਗ ਹੈ ਕਿ ਪਹਿਲੀ ਜਥੇਬੰਦੀ ਵਿੱਚ ਪੰਜ ਲੱਖ ਅਤੇ ਦੂਸਰੀ ਵਿੱਚ ਦਸ ਲੱਖ ਮਜ਼ਦੂਰ ਸ਼ਾਮਲ ਸਨ। ਇਸ ਤਰ੍ਹਾਂ ਲੋਕਾਂ ਵਿੱਚ ਭੰਬਲਭੂਸਾ ਵਧਣ ਲੱਗਾ ਕਿ ਕੌਣ ਠੀਕ ਹੈ ਅਤੇ ਕੌਣ ਗਲਤ? ਯਾਨੀ ਪੂਰੀ ਤਰ੍ਹਾਂ ਗੜਬੜਚੌਥ ਦੀ ਹਾਲਤ ਬਣ ਗਈ। ਭੀੜਾਂ ਦੇ ਹੱਥ ਵਿੱਚ ਹਥਿਆਰ ਆ ਜਾਣ ਨਾਲ ਚੀਨ ਵਿੱਚ ਘਰੇਲੂ ਜੰਗ ਵਰਗੀ ਹਾਲਤ ਬਣ ਗਈ। ਵੂਹਾਨ ਇਸ ਦੀ ਉਘੜਵੀਂ ਉਦਾਹਰਣ ਸੀ ਜਿੱਥੇ ਆਪਸੀ ਲੜਾਈ ਵਿੱਚ ਅਨੇਕਾਂ ਲੋਕ ਮਾਰੇ ਗਏ।

ਅਸਲ ਵਿੱਚ ਪੂੰਜੀਪਤੀ ਮਾਰਗੀ ਜਾਂ ਸੋਧਵਾਦੀ ਕਹੇ ਜਾਣ ਵਾਲੇ ਲੋਕਾਂ ਖਿਲਾਫ਼ ਲੜੀ ਜਾਣ ਵਾਲੀ ਲੜਾਈ ਹੁਣ ਸੱਤਾ ਲਈ ਲੜਾਈ ਬਣ ਗਈ ਜਿਸ ਵਿੱਚ ਖੱਬੇ ਅਤਿਵਾਦੀ ਗਰੁੱਪ ਦਾ ਹੱਥ ਉੱਤੇ ਸੀ। ਇਸ ਧਿਰ ਦਾ ਆਗੂ ਲਿਨ ਪਿਆਓ ਸੀ ਜੋ ਫੌਜ ਦਾ ਮੁਖੀ ਸੀ ਅਤੇ ਮਾਓ ਦਾ ਜਾਨਸ਼ੀਨ ਮੰਨਿਆ ਜਾਂਦਾ ਸੀ। ਇਸ ਅਤਿ ਖੱਬੇ

ਗਰੁੱਪ ਨੇ ਵਿਦੇਸ਼ੀ ਦੂਤਾਂਵਾਸਾਂ ਉੱਤੇ ਵੀ ਹਮਲੇ ਸ਼ੁਰੂ ਕਰ ਦਿੱਤੇ। ਬਰਤਾਨੀਆ ਦੇ ਦੂਤਾਵਾਸ ਨੂੰ ਅੱਗ ਲਾ ਦਿੱਤੀ ਗਈ ਅਤੇ ਉਸ ਦੇ ਅਮਲੇ ਨੂੰ ਬੜੀ ਮੁਸ਼ਕਿਲ ਨਾਲ ਬਚਾਇਆ ਜਾ ਸਕਿਆ। ਇਨ੍ਹਾਂ ਘਟਨਾਵਾਂ ਨਾਲ ਸਾਰੀ ਦੁਨੀਆਂ ਵਿੱਚ ਚੀਨ ਦਾ ਅਕਸ ਖਰਾਬ ਹੋਣ ਲੱਗਾ। ਸਭਿਆਚਾਰਕ ਇਨਕਲਾਬ ਦੇ ਇਹ ਲਾਲ ਰਾਖੇ ਜਿਸ ਨੂੰ ਦਿਲ ਕਰਦਾ ਸੋਧਵਾਦੀ ਕਹਿ ਕੇ ਚੁੱਕ ਲੈਂਦੇ, ਕੁੱਟਮਾਰ ਕਰਕੇ ਉਨ੍ਹਾਂ ਦੇ ਕਥਿਤ ਜੁਰਮ ਦਾ ਇਕਬਾਲ ਕਰਵਾਉਂਦੇ ਅਤੇ ਸਜਾਵਾਂ ਸੁਣਾਉਂਦੇ। ਡੈਂਗ ਜ਼ਿਆਓ ਪਿੰਗ ਦਾ ਮੁੰਡਾ ਡੈਂਗ ਪੂ-ਫੈਂਗ ਅਜਿਹੇ ਵਰਤਾਅ ਦਾ ਸਾਹਮਣਾ ਨਾ ਕਰ ਸਕਿਆ ਤਾਂ ਇੱਕ ਚਾਰ ਮੰਜ਼ਿਲਾ ਇਮਾਰਤ (ਜਿੱਥੇ ਉਸ ਨੂੰ ਘੇਰ ਕੇ ਰੱਖਿਆ ਹੋਇਆ ਸੀ), ਦੀ ਬਾਰੀ ਵਿਚੋਂ ਛਾਲ ਮਾਰ ਗਿਆ ਜਿਸ ਨਾਲ ਉਹ ਉਮਰ ਭਰ ਲਈ ਅਪਾਹਿਜ ਹੋ ਗਿਆ। ਲਿਨ ਪਿਆਓ ਵੱਲੋਂ ਮਾਓ ਦੀਆਂ ਟੂਕਾਂ ਦੀ 'ਲਾਲ ਕਿਤਾਬ' ਤਿਆਰ ਕੀਤੀ ਗਈ ਸੀ ਅਤੇ ਇਨ੍ਹਾਂ ਵੱਲੋਂ ਸਭਿਆਚਾਰਕ ਇਨਕਲਾਬ ਦੌਰਾਨ ਜੋਰ ਸ਼ੋਰ ਨਾਲ ਇਹ ਪ੍ਰਚਾਰਿਆ ਗਿਆ ਕਿ ਹੋਰ ਕੁਝ ਪੜ੍ਹਨ ਦੀ ਲੋੜ ਨਹੀਂ ਸਿਰਫ ਲਾਲ ਕਿਤਾਬ ਵਿਚਲੀਆਂ ਮਾਓ ਦੀਆਂ ਟੂਕਾਂ ਨੂੰ ਪੜ੍ਹਨਾ, ਯਾਦ ਕਰਨਾ ਅਤੇ ਲਾਗੂ ਕਰਨਾ ਹੀ ਕਾਫੀ ਹੈ।

ਦੋ ਸਾਲ ਇਸੇ ਤਰ੍ਹਾਂ ਚਲਦਾ ਰਿਹਾ ਜਿਸ ਨਾਲ ਚੀਨ ਦੀ ਆਰਥਿਕਤਾ ਬੁਰੀ ਤਰ੍ਹਾਂ ਗੜਬੜਾ ਗਈ। 1968 ਦੀਆਂ ਗਰਮੀਆਂ ਵਿੱਚ ਇਸ ਵਧ ਚੁੱਕੀ ਗੜਬੜ ਨੂੰ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਹੋਈਆਂ। ਫੌਜ ਉਤੋਂ ਰੈੱਡ ਗਾਰਡਜ਼ ਦਾ ਪ੍ਰਭੁਤਵ ਖਤਮ ਕਰ ਦਿੱਤਾ ਗਿਆ ਅਤੇ ਜਿੱਥੇ ਰੈੱਡ ਗਾਰਡਜ਼ ਦੁਆਰਾ ਜਿਆਦਾ ਗੜਬੜ ਕੀਤੀ ਜਾ ਰਹੀ ਸੀ ਉਸ ਨੂੰ ਠੱਲ੍ਹ ਪਾਉਣ ਲਈ ਉਥੇ ਫੌਜ ਦੇ ਯੂਨਿਟ ਭੇਜੇ ਗਏ। ਦੂਸਰੇ ਪਾਸੇ ਸਤੰਬਰ 1968 ਵਿੱਚ ਹੋਈ ਕੇਂਦਰੀ ਕਮੇਟੀ ਦੀ ਮੀਟਿੰਗ ਵਿੱਚ ਲਿਊ ਸ਼ਾਓ ਚੀ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਅਤੇ ਮਾਓ ਦੀ ਲਾਈਨ ਦੇ ਹੋਰ ਵਿਰੋਧੀਆਂ ਨੂੰ ਪੇਂਡੂ ਖੇਤਰਾਂ ਵਿੱਚ ਸਰੀਰਕ ਮੁਸ਼ੱਕਤ ਲਈ ਭੇਜ ਦਿੱਤਾ ਗਿਆ। ਇਸ ਦੇ ਨਾਲ ਦਸੰਬਰ 1968 ਵਿੱਚ 'ਪਿੰਡਾਂ ਨੂੰ ਜਾਣ ਦੀ ਲਹਿਰ' ਸ਼ੁਰੂ ਕਰ ਦਿੱਤੀ ਗਈ ਜਿਸ ਤਹਿਤ ਸ਼ਹਿਰਾਂ ਦੇ ਨੌਜਵਾਨ ਬੁੱਧੀਜੀਵੀਆਂ ਨੂੰ ਪੇਂਡੂ ਖੇਤਰ ਵਿੱਚ ਜਾਣ ਲਈ ਕਿਹਾ ਗਿਆ ਕਿ ਉਹ ਉਥੇ ਜਾ ਕੇ ਕਿਸਾਨਾਂ ਨਾਲ ਸਿੱਖਣ ਸਿਖਾਉਣ ਦੇ ਅਮਲ ਵਿੱਚ ਪੈ ਕੇ ਸਭਿਆਚਾਰਕ ਇਨਕਲਾਬ ਨੂੰ ਅੱਗੇ ਵਧਾਉਣ। (ਇਥੇ ਨੌਜਵਾਨ ਬੁੱਧੀਜੀਵੀਆਂ ਤੋਂ ਭਾਵ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਤੋਂ ਸੀ) ਇਸ ਲਹਿਰ ਦਾ ਲੁਕਵਾਂ ਮਕਸਦ ਨੌਜਵਾਨਾਂ ਨੂੰ ਪਿੰਡਾਂ ਵੱਲ ਭੇਜ ਕੇ ਸ਼ਹਿਰਾਂ ਵਿਚਲੀ ਗੜਬੜ ਨੂੰ ਖਤਮ ਕਰਨਾ ਵੀ ਸੀ।

ਅਪ੍ਰੈਲ 1969 ਵਿੱਚ ਪਾਰਟੀ ਦੀ ਨੌਵੀਂ ਕਾਂਗਰਸ ਹੋਈ ਜਿਸ ਵਿੱਚ ਮਾਓਵਾਦ ਨੂੰ ਪਾਰਟੀ ਦੀ ਕੇਂਦਰੀ ਵਿਚਾਰਧਾਰਾ ਵਜੋਂ ਪੂਰੀ ਤਰ੍ਹਾਂ ਸਥਾਪਿਤ ਕੀਤਾ ਗਿਆ।

ਕਾਂਗਰਸ ਵਿੱਚ ਲਿਨ ਪਿਆਓ ਪੂਰੀ ਤਰ੍ਹਾਂ ਉਭਰ ਕੇ ਸਾਹਮਣੇ ਆ ਗਿਆ, ਉਸ ਨੇ ਕਾਂਗਰਸ ਵਿੱਚ ਮੁੱਖ ਭਾਸ਼ਣ ਦਿੱਤਾ ਅਤੇ ਉਸ ਨੂੰ ਬਕਾਇਦਾ ਤੌਰ 'ਤੇ ਮਾਓ ਦਾ ਜਾਨਸ਼ੀਨ ਐਲਾਨਿਆ ਗਿਆ। ਪਰ ਅਗਲੇ ਕੁਝ ਮਹੀਨਿਆਂ ਦੌਰਾਨ ਲਿਨ ਪਿਆਓ ਅਤੇ ਉਸ ਦੇ ਹਮਾਇਤੀ ਸਾਰੀ ਤਾਕਤ ਆਪਣੇ ਹੱਥਾਂ ਵਿੱਚ ਕਰਨ ਦੀ ਕੋਸ਼ਿਸ਼ ਕਰਨ ਲੱਗੇ। ਇਸ ਧੜੇ ਵੱਲੋਂ ਚੀਨ ਦੇ ਪ੍ਰਧਾਨ ਦੀ ਪੋਸਟ ਬਹਾਲ ਕਰਨ ਦੀ ਮੰਗ ਕੀਤੀ ਗਈ ਤਾਂ ਜੋ ਲਿਨ ਪਿਆਓ ਉਸ ਪੋਸਟ 'ਤੇ ਆ ਕੇ ਚੀਨ ਦੀ ਸੱਤਾ ਉੱਤੇ ਕਾਬਜ ਹੋ ਸਕੇ, ਪਰ ਮਾਓ ਨੇ ਇਹ ਤਜਵੀਜ਼ ਰੱਦ ਕਰ ਦਿੱਤੀ। ਅਸਲ ਵਿੱਚ ਲਿਨ ਪਿਆਓ ਦੇ ਕੁਝ ਫੈਸਲਿਆਂ ਤੋਂ ਮਾਓ ਨੂੰ ਅਹਿਸਾਸ ਹੋਣ ਲੱਗ ਪਿਆ ਸੀ ਕਿ ਉਹ ਉਸ ਦੇ ਜਿਉਂਦੇ ਜੀਅ ਹੀ ਚੀਨ ਦੀ ਸੱਤਾ ਉੱਤੇ ਕੰਟਰੋਲ ਕਰਨਾ ਚਾਹੁੰਦਾ ਹੈ। ਚਿਆਂਗ ਚਿੰਗ ਵਰਗੇ ਸਭਿਆਚਾਰਕ ਇਨਕਲਾਬ ਦੇ ਹੋਰ ਆਗੂ ਵੀ ਲਿਨ ਪਿਆਓ ਅਤੇ ਫੌਜ ਦੇ ਵਧ ਰਹੇ ਕੰਟਰੋਲ ਤੋਂ ਖੁਸ਼ ਨਹੀਂ ਸਨ। ਇਸ ਲਈ ਮਾਓ ਵੱਲੋਂ ਪੋਲਿਟ ਬਿਊਰੋ ਦੀ ਮੀਟਿੰਗ ਵਿੱਚ ਉਸ ਦੇ ਸਮਰਥਕਾਂ ਦੀ ਖਿਚਾਈ ਕੀਤੀ ਗਈ। ਇਸ ਸਥਿਤੀ ਵਿੱਚ ਲਿਨ ਪਿਆਓ ਦੇ ਸਮਰਥਕਾਂ ਨੇ ਤਾਕਤ ਰਾਹੀਂ ਸੱਤਾ ਹਥਿਆਉਣ ਦੀ ਸਾਜਿਸ਼ ਰਚੀ। ਇਸ ਤਹਿਤ ਹਵਾਈ ਫੌਜ ਵੱਲੋਂ ਬੰਬਾਰੀ ਕਰਕੇ ਦੋ ਪ੍ਰਮੁੱਖ ਮਾਓਵਾਦੀ ਆਗੂਆਂ ਜ਼ਾਂਗ ਚੁਨ-ਕਿਆਓ ਅਤੇ ਯਾਓ ਵੈਨ-ਯੂਆਨ ਨੂੰ ਖਤਮ ਕਰਨਾ ਸੀ ਅਤੇ ਲੋੜ ਪੈਣ 'ਤੇ ਮਾਓ ਨੂੰ ਵੀ ਕਤਲ ਕੀਤਾ ਜਾ ਸਕਦਾ ਸੀ। ਫਿਰ ਇਨ੍ਹਾਂ ਕਤਲਾਂ ਦੇ ਦੋਸ਼ ਵਿਰੋਧੀਆਂ ਉੱਤੇ ਮੜ੍ਹ ਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਸੁੱਟ ਦੇਣਾ ਸੀ ਅਤੇ ਇਸ ਤਰ੍ਹਾਂ ਸੱਤਾ ਉੱਤੇ ਖ਼ੁਦ ਕਾਬਜ ਹੋ ਜਾਣਾ ਸੀ। ਇਸ ਸਾਜਿਸ਼ ਦਾ ਮੁੱਖ ਸੂਤਰਧਾਰ ਲਿਨ ਪਿਆਓ ਦਾ ਲੜਕਾ ਲਿਨ ਲੀ-ਗੁਆਓ ਸੀ ਜੋ ਹਵਾਈ ਫੌਜ ਵਿੱਚ ਸੀਨੀਅਰ ਅਫ਼ਸਰ ਸੀ। ਪਰ ਇਹ ਸਾਜਿਸ਼ ਲੀਕ ਹੋ ਗਈ ਜਿਸ ਦੇ ਸਿੱਟੇ ਦੇਖਦੇ ਹੋਏ ਲਿਨ ਪਿਆਓ ਨੇ ਹਵਾਈ ਜਹਾਜ ਰਾਹੀਂ ਪਰਿਵਾਰ ਸਮੇਤ ਸੋਵੀਅਤ ਯੂਨੀਅਨ ਦੌੜ ਜਾਣ ਦਾ ਰਾਹ ਚੁਣਿਆ। ਪਰ ਇਹ ਹਵਾਈ ਜਹਾਜ 13 ਸਤੰਬਰ 1971 ਨੂੰ ਮੰਗੋਲੀਆ ਕੋਲ ਹਾਦਸੇ ਦਾ ਸ਼ਿਕਾਰ ਹੋ ਗਿਆ ਅਤੇ ਲਿਨ ਪਿਆਓ ਸਮੇਤ ਸਾਰਾ ਪਰਿਵਾਰ ਮਾਰਿਆ ਗਿਆ। ਉਂਜ ਇਸ ਕਹਾਣੀ ਬਾਰੇ ਸ਼ੰਕੇ ਪ੍ਰਗਟ ਕੀਤੇ ਜਾਂਦੇ ਹਨ ਕਿ ਲਿਨ ਪਿਆਓ ਤਾਂ ਸੋਵੀਅਤ ਯੂਨੀਅਨ ਦਾ ਕੱਟੜ ਵਿਰੋਧੀ ਸੀ ਫਿਰ ਉਸ ਨੇ ਸ਼ਰਨ ਲੈਣ ਲਈ ਰੂਸ ਦੀ ਹੀ ਚੋਣ ਕਿਉਂ ਕੀਤੀ। ਖੈਰ ਇਸ ਦੁਰਘਟਨਾ ਨਾਲ ਚੀਨ ਦਾ ਅਤਿ ਖੱਬਾ ਦੌਰ ਸਮਾਪਤ ਹੋ ਗਿਆ।

ਲਿਨ ਪਿਆਓ ਦੀ ਮੌਤ ਨਾਲ ਮਾਓ ਤੋਂ ਅਗਲੀ ਸਿਆਸੀ ਲੀਡਰਸ਼ਿਪ ਦਾ ਖਲਾਅ ਪੈਦਾ ਹੋ ਗਿਆ। ਨਵੀਂ ਲੀਡਰਸ਼ਿਪ ਉਭਾਰਨ ਲਈ ਮਾਓ ਨੇ ਸ਼ੰਘਾਈ ਦੇ 38 ਸਾਲਾ ਨੌਜਵਾਨ ਵਾਂਗ ਹੌਂਗਵੈਨ ਨੂੰ ਬੀਜ਼ਿੰਗ ਲਿਆ ਕੇ ਪਾਰਟੀ ਦਾ ਉਪ-ਚੇਅਰਮੈਨ

ਬਣਾਇਆ। ਦੂਜੇ ਪਾਸੇ ਮਾਓ ਦੀ ਪਤਨੀ ਚਿਆਂਗ ਚਿੰਗ ਦਾ ਗਰਮ ਖਿਆਲੀ ਕਾਮਰੇਡਾਂ ਵਿੱਚ ਬਹੁਤ ਪ੍ਰਭਾਵ ਸੀ। ਉਸ ਨੇ ਵਾਂਗ ਹੌਂਗਵੈਨ ਨੂੰ ਆਪਣੇ ਨਾਲ ਮਿਲਾ ਲਿਆ ਅਤੇ ਜ਼ਾਂਗ ਚੁਨ ਕਿਆਓ ਅਤੇ ਯਾਓ ਵੈਨ-ਯੂਆਨ ਨਾਲ ਰਲ ਕੇ ਇਨ੍ਹਾਂ ਚਾਰਾਂ ਦਾ ਤਕੜਾ ਗਰੁੱਪ ਬਣ ਗਿਆ ਜਿਸ ਨੂੰ ਬਾਅਦ ਵਿੱਚ 'ਗੈਂਗ ਆਫ਼ ਫੋਰ' ਦਾ ਨਾਮ ਦਿੱਤਾ ਗਿਆ। ਇਸ ਗਰੁੱਪ ਵੱਲੋਂ 1973 ਵਿੱਚ 'ਲਿਨ ਪਿਆਓ ਨੂੰ ਰੱਦ ਕਰੋ, ਕਨਫਿਊਸ਼ੀਅਸ਼ ਨੂੰ ਰੱਦ ਕਰੋ' ਮੁਹਿੰਮ ਚਲਾਈ ਗਈ, ਜੋ ਪੁਰਾਣੇ ਸਭਿਆਚਾਰ ਦੀ ਰਹਿੰਦ ਖੂੰਹਦ ਨੂੰ ਖਤਮ ਕਰਨ ਦੇ ਨਾਲ ਨਾਲ ਪਾਰਟੀ ਵਿੱਚ ਆਪਣੀ ਧਿਰ ਅਤੇ ਵਿਚਾਰਧਾਰਾ ਨੂੰ ਮਜਬੂਤ ਕਰਨ ਵੱਲ ਸੇਧਿਤ ਸੀ।

ਸਭਿਆਚਾਰਕ ਇਨਕਲਾਬ ਦੇ ਇਨ੍ਹਾਂ 7-8 ਸਾਲਾਂ ਦੌਰਾਨ ਚੱਲੀ ਗੜਬੜ, ਸੱਤਾ ਸੰਘਰਸ਼ ਅਤੇ ਉੱਚ ਸਿੱਖਿਆ ਨੂੰ ਬ੍ਰੇਕਾਂ ਲੱਗਣ ਕਾਰਣ ਅਦਾਰਿਆਂ ਵਿੱਚ ਯੋਗ ਪ੍ਰਬੰਧਕਾਂ ਅਤੇ ਮਾਹਿਰਾਂ ਦੀ ਅਤੇ ਪਾਰਟੀ ਇਕਾਈਆਂ ਵਿੱਚ ਤਜਰਬੇਕਾਰ ਅਤੇ ਸੰਤੁਲਿਤ ਪਹੁੰਚ ਰੱਖਣ ਵਾਲੇ ਆਗੂਆਂ ਦੀ ਘਾਟ ਮਹਿਸੂਸ ਹੋ ਰਹੀ ਸੀ। ਪਾਰਟੀ ਵਿੱਚ ਸਭਿਆਚਾਰਕ ਇਨਕਲਾਬ ਦੌਰਾਨ ਖੱਬੇ ਪੱਖੀਆਂ ਦਾ ਬੋਲਬਾਲਾ ਰਿਹਾ ਸੀ ਜੋ ਵਿਚਾਰਧਾਰਕ ਸ਼ੁਧਤਾ ਦੇ ਹੀ ਦੀਵਾਨੇ ਸਨ ਅਤੇ ਆਰਥਿਕ ਪੱਖ ਨੂੰ ਬਹੁਤਾ ਮਹੱਤਵ ਨਹੀਂ ਦਿੰਦੇ ਸਨ। ਇਸ ਸਥਿਤੀ ਨੂੰ ਸੰਭਾਲਣ ਲਈ ਡੈਂਗ ਜ਼ਿਆਓ ਪਿੰਗ ਵਰਗੇ ਖੂੰਜੇ ਲਾਏ ਆਗੂਆਂ ਨੂੰ ਮੁੜ ਬਹਾਲ ਕੀਤਾ ਗਿਆ। ਜ਼ਿਕਰਯੋਗ ਹੈ ਕਿ ਡੈਂਗ ਜ਼ਿਆਓ ਪਿੰਗ ਸਭਿਆਚਾਰਕ ਇਨਕਲਾਬ ਦੌਰਾਨ ਕਰੜੀ ਨਿੰਦਾ ਦਾ ਸ਼ਿਕਾਰ ਹੋਇਆ ਸੀ ਅਤੇ ਉਸ ਨੂੰ ਟ੍ਰੈਕਟਰਾਂ ਦੇ ਇੱਕ ਕਾਰਖਾਨੇ ਵਿੱਚ ਟੈਕਨੀਸ਼ੀਅਨ ਵਜੋਂ ਕੰਮ ਕਰਨ ਭੇਜ ਦਿੱਤਾ ਗਿਆ ਸੀ। ਇੱਕ ਹੋਰ ਚੋਟੀ ਦਾ ਆਗੂ ਚਾਓ ਐਨ-ਲਾਈ ਅਕਸਰ ਆਪਣੀ ਸੰਤੁਲਿਤ ਪਹੁੰਚ 'ਤੇ ਕਾਇਮ ਰਹਿੰਦਾ ਸੀ, ਉਹ ਮਾਓ ਵਿਚਾਰਧਾਰਾ ਦਾ ਵੀ ਪੈਰੋਕਾਰ ਸੀ ਅਤੇ ਇਨਕਲਾਬੀ ਜੋਸ਼ ਕਾਰਣ ਪੈਦਾ ਹੁੰਦੀਆਂ ਗੜਬੜਾਂ ਨੂੰ ਕੰਟਰੋਲ ਵਿੱਚ ਰੱਖਣ ਲਈ ਵੀ ਕੰਮ ਕਰਦਾ ਰਹਿੰਦਾ ਸੀ। ਸੋ ਉਸ ਨੇ ਚੀਨ ਦੀ ਆਰਥਿਕਤਾ ਨੂੰ ਠੀਕ ਕਰਨ ਲਈ ਕਦਮ ਚੁੱਕੇ, ਡੈਂਗ ਨੂੰ ਵੀ ਉਸ ਦੀਆਂ ਕੋਸ਼ਿਸ਼ਾਂ ਨਾਲ ਹੀ ਵਾਪਸ ਲਿਆਂਦਾ ਗਿਆ ਸੀ, ਪਰ 1973 ਵਿੱਚ ਕੈਂਸਰ ਕਾਰਣ ਉਸ ਦੀ ਸਿਹਤ ਖਰਾਬ ਹੋਣ ਲੱਗ ਪਈ। ਇਸ ਹਾਲਤ ਵਿੱਚ ਡੈਂਗ ਜ਼ਿਆਓ ਪਿੰਗ ਉਸ ਦੀ ਥਾਂ ਲੈਣ ਲਈ ਸੱਤਾ ਦੇ ਕੇਂਦਰ ਵਿੱਚ ਵਾਪਸ ਆ ਗਿਆ ਅਤੇ ਮਾਓ ਦੀ ਮਨਜ਼ੂਰੀ ਨਾਲ ਉਹ ਪਾਰਟੀ ਦਾ ਉਪ-ਚੇਅਰਮੈਨ ਬਣ ਗਿਆ।

ਡੈਂਗ ਦੀ ਇਸ ਤੇਜੀ ਨਾਲ ਚੜ੍ਹਤ ਤੋਂ ਚਿਆਂਗ ਚਿੰਗ ਅਤੇ ਉਸ ਦੇ ਗਰਮ ਖਿਆਲੀ ਸਾਥੀ ਔਖੇ ਹੋ ਗਏ ਕਿਉਂਕਿ ਉਹ ਆਪਣੇ ਆਪ ਨੂੰ ਮਾਓ ਜ਼ੇ-ਤੁੰਗ ਦੇ ਅਸਲ ਵਾਰਿਸ ਸਮਝਦੇ ਸਨ ਜਦ ਕਿ ਡੈਂਗ ਆਰਥਿਕਵਾਦੀ ਗਿਣਿਆ ਜਾਂਦਾ ਸੀ।

ਮਾਓ ਨੂੰ ਪਤਾ ਸੀ ਕਿ ਚੀਨ ਨੂੰ ਹੁਣ ਲੋੜ ਆਰਥਿਕਤਾ ਨੂੰ ਸੈੱਟ ਕਰਨ ਦੀ ਹੈ ਸੋ ਉਸ ਨੇ ਪਾਰਟੀ ਅੰਦਰ ਕੁਝ ਸਮੇਂ ਲਈ ਦੋਵਾਂ ਧੜਿਆਂ ਵਿਚਕਾਰ ਸੰਤੁਲਨ ਬਣਾਈ ਰੱਖਿਆ। ਪਰ 1975 ਦੇ ਅਖੀਰ ਤੱਕ ਮਾਓ ਨੂੰ ਮਹਿਸੂਸ ਹੋਣ ਲੱਗਾ ਕਿ ਸਭਿਆਚਾਰਕ ਇਨਕਲਾਬ ਦੌਰਾਨ ਵਿਚਾਰਧਾਰਕ ਤੌਰ 'ਤੇ ਜੋ ਕੁਝ ਹਾਸਲ ਕੀਤਾ ਗਿਆ ਹੈ ਡੈਂਗ ਦੀਆਂ ਆਰਥਿਕ ਨੀਤੀਆਂ ਉਸ ਨੂੰ ਖੋਰ ਦੇਣਗੀਆਂ। ਸੋ ਨਵੰਬਰ 75 ਵਿੱਚ ਮਾਓ ਨੇ ਡੈਂਗ ਜ਼ਿਆਓ ਪਿੰਗ ਨੂੰ ਸਵੈ-ਪੜਚੋਲ ਕਰਨ ਲਈ ਕਿਹਾ। ਸੁਭਾਵਿਕ ਹੀ ਸੀ ਕਿ ਮਾਓ ਦੇ ਇਸ ਕਦਮ ਦੀ ਚਿਆਂਗ ਚਿੰਗ ਦੀ ਅਗਵਾਈ ਵਾਲੇ ਗਰਮਖਿਆਲੀ ਗਰੁੱਪ ਨੇ ਖ਼ੂਬ ਪ੍ਰਸ਼ੰਸਾ ਕੀਤੀ। ਜਨਵਰੀ 1976 ਵਿੱਚ ਚਾਓ ਐਨ-ਲਾਈ ਦਾ ਦਿਹਾਂਤ ਹੋਣ ਨਾਲ ਡੈਂਗ ਦਾ ਪੱਖ ਹੋਰ ਕਮਜ਼ੋਰ ਹੋ ਗਿਆ ਜਦ ਕਿ ਪਾਰਟੀ ਵਿੱਚ ਮਾਓ ਦੀ ਪਤਨੀ ਚਿਆਂਗ ਚਿੰਗ ਦਾ ਪ੍ਰਭਾਵ ਵਧ ਗਿਆ। ਇਸ ਨਾਲ ਡੈਂਗ ਨੂੰ ਇੱਕ ਵਾਰ ਫਿਰ ਖੂੰਜੇ ਲਾ ਦਿੱਤਾ ਗਿਆ। ਪਰ ਮਾਓ ਦੇ ਦਿਹਾਂਤ ਬਾਅਦ ਚਾਰਾਂ ਦੇ ਗਰੁੱਪ ਨੂੰ ਪਛਾੜ ਕੇ ਉਹ ਮੁੜ ਸੱਤਾ ਹਾਸਲ ਕਰਨ ਵਿੱਚ ਸਫਲ ਹੋ ਗਿਆ। ਸੱਤਾ ਦੀ ਇਸ ਤਬਦੀਲੀ ਨਾਲ ਸਭਿਆਚਾਰਕ ਇਨਕਲਾਬ ਨਾ ਸਿਰਫ ਪੂਰੀ ਤਰ੍ਹਾਂ ਸਮਾਪਤ ਕਰ ਦਿੱਤਾ ਗਿਆ ਸਗੋਂ ਇਸ ਨੂੰ ਚੀਨ ਲਈ ਨੁਕਸਾਨਦਾਇਕ ਵੀ ਐਲਾਨਿਆ ਗਿਆ।

**ਸਭਿਆਚਾਰਕ ਇਨਕਲਾਬ ਨਾਲ ਚੀਨ ਦੇ ਜਨਜੀਵਨ ਉੱਤੇ ਪਏ ਅਸਰ -**

ਚੀਨ ਦਾ ਸਭਿਆਚਾਰਕ ਇਨਕਲਾਬ ਚਾਹੇ ਰਸਮੀ ਤੌਰ 'ਤੇ 1966 ਤੋਂ 1969 ਤੀਕ ਮੰਨਿਆ ਜਾਂਦਾ ਹੈ ਪਰ ਵੱਖ ਵੱਖ ਰੂਪਾਂ ਵਿੱਚ ਇਹ, ਮਾਓ ਦੇ ਦਿਹਾਂਤ ਤੱਕ, ਪੂਰਾ ਇੱਕ ਦਹਾਕਾ ਚਲਦਾ ਰਿਹਾ। ਇਸ ਨੇ ਚੀਨੀ ਜਨਜੀਵਨ ਦੇ ਸਾਰੇ ਪੱਖਾਂ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ। ਚਾਹੇ ਕੁਝ ਲੋਕਾਂ ਵੱਲੋਂ ਇਸ ਨੂੰ ਕੇਵਲ ਤਬਾਹੀ ਦਾ ਦੌਰ ਹੀ ਮੰਨਿਆ ਜਾਂਦਾ ਹੈ ਪਰ ਸੰਤੁਲਿਤ ਮੁਲਅੰਕਣ ਵਿੱਚ ਇਸ ਦੇ ਦੋਹਵੇਂ ਪੱਖ ਸਾਹਮਣੇ ਆਉਂਦੇ ਹਨ। ਜਿਵੇਂ ਸਿੱਖਿਆ ਦੇ ਖੇਤਰ ਵਿੱਚ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਨਾਲ ਉੱਚ ਪੱਧਰੀ ਸਿੱਖਿਆ ਦਾ ਬਹੁਤ ਨੁਕਸਾਨ ਹੋਇਆ। 1968 ਵਿੱਚ ਜਦ 'ਪਿੰਡਾਂ ਨੂੰ ਚੱਲੋ' ਮੁਹਿੰਮ ਚਲਾਈ ਗਈ ਤਾਂ ਡੇਢ ਕਰੋੜ ਤੋਂ ਉਪਰ ਗਿਣਤੀ ਵਿੱਚ ਸ਼ਹਿਰੀ ਨੌਜਵਾਨ, ਕਿਸਾਨਾਂ ਕੋਲੋਂ ਸਿੱਖਣ ਅਤੇ ਸਰੀਰਕ ਮਿਹਨਤ ਦਾ ਅਨੁਭਵ ਲੈਣ ਲਈ ਪੇਂਡੂ ਖੇਤਰਾਂ ਵਿੱਚ ਗਏ। ਇਨ੍ਹਾਂ ਵਿਚੋਂ ਬਹੁਤੇ ਚਾਹੇ ਖ਼ੁਦ ਸਵੈ ਇੱਛਾ ਨਾਲ ਗਏ ਸਨ ਪਰ ਬਾਅਦ ਵਿੱਚ ਉਨ੍ਹਾਂ ਨੂੰ ਜਾਪਣ ਲੱਗਾ ਕਿ ਉਨ੍ਹਾਂ ਕੋਲੋਂ ਉੱਚ ਸਿੱਖਿਆ ਹਾਸਲ ਕਰਨ ਦੇ ਮੌਕੇ ਖੋਹੇ ਗਏ ਸਨ। 1970 ਤੱਕ ਤਾਂ ਸਾਰੇ ਕਾਲਜ ਅਤੇ ਯੂਨੀਵਰਸਿਟੀਆਂ ਬੰਦ ਵਾਂਗ ਹੀ ਰਹੇ, ਅਗਲੇ 2-3 ਸਾਲਾਂ ਦੌਰਾਨ ਇਨ੍ਹਾਂ ਵਿੱਚ ਹੌਲੀ ਹੌਲੀ ਸਿੱਖਿਆ ਦੀ ਬਕਾਇਦਾ ਸ਼ੁਰੂਆਤ

ਹੋਈ। ਇਸ ਤੋਂ ਇਲਾਵਾ 1966 ਵਿੱਚ ਇਨ੍ਹਾਂ ਵਿੱਚ ਦਾਖਲੇ ਦੇ ਇਮਤਿਹਾਨ ਬੰਦ ਕਰ ਦਿੱਤੇ ਗਏ ਸਨ ਅਤੇ ਕਾਲਜ ਖੁੱਲ੍ਹਣ ਬਾਅਦ ਇਨ੍ਹਾਂ ਵਿੱਚ ਵਿਦਿਆਰਥੀਆਂ ਦਾ ਦਾਖਲਾ ਕਾਰਖਾਨਿਆਂ, ਕਿਸਾਨਾਂ ਅਤੇ ਫੌਜੀਆਂ ਦੀਆਂ ਜਥੇਬੰਦੀਆਂ ਵੱਲੋਂ ਸਿਫਾਰਸ਼ ਕੀਤੀਆਂ ਜਾਂਦੀਆਂ ਸੂਚੀਆਂ ਅਨੁਸਾਰ ਹੀ ਹੁੰਦਾ ਸੀ। ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਢੰਗ ਨਾਲ ਯੋਗ ਅਤੇ ਬੁੱਧੀਮਾਨ ਵਿਦਿਆਰਥੀ ਕਿੰਨੇ ਕੁ ਆਉਂਦੇ ਹੋਣਗੇ। ਦਾਖਲਾ ਟੈਸਟ 1977 ਵਿੱਚ ਦੁਬਾਰਾ ਸ਼ੁਰੂ ਕੀਤਾ ਗਿਆ। ਇਸ ਤਰ੍ਹਾਂ ਇੱਕ ਦਹਾਕਾ ਬਹੁਤ ਸਾਰੇ ਬੌਧਿਕ ਤੌਰ 'ਤੇ ਕਾਬਲ ਨੌਜਵਾਨ ਉੱਚ ਸਿੱਖਿਆ ਲੈਣ ਤੋਂ ਵਾਂਝੇ ਰਹਿ ਗਏ ਜਿਸ ਨੂੰ ਪੱਛਮ ਵਿੱਚ (ਅਤੇ ਮੌਜੂਦਾ ਚੀਨ ਵਿੱਚ ਵੀ) ਗੁਆਚੀ ਪੀੜ੍ਹੀ (Lost Generation) ਕਿਹਾ ਜਾਂਦਾ ਹੈ। ਬਹੁਤ ਸਾਰੇ ਮਾਹਿਰ ਪ੍ਰੋਫੈਸਰ, ਵਿਗਿਆਨੀ ਅਤੇ ਸਿੱਖਿਆ ਸ਼ਾਸ਼ਤਰੀ ਸਭਿਆਚਾਰਕ ਇਨਕਲਾਬ ਦੇ ਰੈੱਡ ਗਾਰਡਾਂ ਦੇ ਅੜਿੱਕੇ ਚੜ੍ਹ ਗਏ ਜਿਨ੍ਹਾਂ ਵਿਚੋਂ ਬਹੁਤ ਸਾਰੇ ਸਰੀਰਕ ਮੁਸ਼ੱਕਤ ਕਰਨ ਵਾਸਤੇ ਅਣਜਾਣੀਆਂ ਥਾਵਾਂ 'ਤੇ ਘੱਲ ਦਿੱਤੇ ਗਏ, ਕੁਝ ਬੇਇਜ਼ਤੀ ਦੇ ਦੁੱਖ ਨਾਲ ਆਤਮ ਹੱਤਿਆ ਕਰ ਗਏ ਅਤੇ ਕੁਝ ਹਿੰਸਕ ਵਿਰੋਧ ਵਿੱਚ ਮਾਰੇ ਵੀ ਗਏ।

ਪਰ ਇਸ ਦੇ ਉਲਟ, ਸਭਿਆਚਾਰਕ ਇਨਕਲਾਬ ਦੌਰਾਨ, ਪੇਂਡੂ ਖੇਤਰ ਵਿੱਚ ਬੁਨਿਆਦੀ ਸਿੱਖਿਆ ਨੂੰ ਬਹੁਤ ਬੜ੍ਹਾਵਾ ਮਿਲਿਆ। ਬੁਨਿਆਦੀ ਸਿੱਖਿਆ ਹਾਸਲ ਕਰਨ ਵਾਲੇ ਬੱਚਿਆਂ ਦੀ ਗਿਣਤੀ, ਜੋ ਪੇਂਡੂ ਖੇਤਰ ਵਿੱਚ ਪਹਿਲਾਂ 50 ਕੁ ਪ੍ਰਤੀਸ਼ਤ ਹੀ ਸੀ, ਸਭਿਆਚਾਰਕ ਇਨਕਲਾਬ ਦੌਰਾਨ ਲਗਪੱਗ ਸੌ ਪ੍ਰਤੀਸ਼ਤ ਹੋ ਗਈ। ਇਸੇ ਤਰ੍ਹਾਂ ਮਿਡਲ ਸਕੂਲ ਦੀ ਪੜ੍ਹਾਈ ਪੂਰੀ ਕਰਨ ਵਾਲਿਆਂ ਦੀ ਪ੍ਰਤੀਸ਼ਤ 15 ਤੋਂ ਵਧ ਕੇ 65% ਹੋ ਗਈ। ਇਸੇ ਤਰ੍ਹਾਂ ਸਭਿਆਚਾਰਕ ਇਨਕਲਾਬ ਦੌਰਾਨ ਬਹੁਤ ਸਾਰੇ ਵਿਅਕਤੀਆਂ ਨੂੰ ਸਾਧਾਰਣ ਬਿਮਾਰੀਆਂ ਦੇ ਇਲਾਜ ਬਾਰੇ ਮੁਢਲੀ ਜਾਣਕਾਰੀ ਦੇ ਕੇ ਪੇਂਡੂ ਖੇਤਰ ਵਿੱਚ ਭੇਜਿਆ ਗਿਆ, ਜਿਨ੍ਹਾਂ ਨੂੰ 'ਨੰਗੇ ਪੈਰਾਂ ਵਾਲੇ ਡਾਕਟਰ' ਕਿਹਾ ਗਿਆ। ਇਸ ਨਾਲ ਆਮ ਲੋਕਾਂ ਨੂੰ ਇਲਾਜ ਅਤੇ ਮੁਢਲੀਆਂ ਸਿਹਤ ਸਹੂਲਤਾਂ ਮਿਲਣ ਲੱਗੀਆਂ ਅਤੇ ਔਸਤ ਉਮਰ ਵਿੱਚ ਵੱਡਾ ਵਾਧਾ ਹੋਇਆ।

ਜਿਸ ਤਰ੍ਹਾਂ ਪਹਿਲਾਂ ਜ਼ਿਕਰ ਆਇਆ ਹੈ ਸਭਿਆਚਾਰਕ ਇਨਕਲਾਬ ਨੇ ਰਾਜਨੀਤੀ ਤੋਂ ਆਰਥਿਕਤਾ ਤੱਕ ਜੀਵਨ ਦੇ ਸਾਰੇ ਪੱਖਾਂ ਨੂੰ ਕਲਾਵੇ ਵਿੱਚ ਲਿਆ ਸੀ ਪਰ ਜੇ ਨਿਰੋਲ ਸਭਿਆਚਾਰਕ ਤੱਤਾਂ ਦੀ ਗੱਲ ਕੀਤੀ ਜਾਵੇ ਜਿਵੇਂ ਕਲਾ, ਸਾਹਿਤ, ਨਾਟਕ, ਫਿਲਮਾਂ ਆਦਿ ਤਾਂ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਨੂੰ ਜੀਵਨ ਦੇ ਵੱਖ ਵੱਖ ਪੱਖਾਂ ਦੇ ਸਿਰਜਣਾਤਮਿਕ ਪ੍ਰਗਟਾਵੇ ਦੀ ਥਾਂ ਕੁਝ ਵਿਸ਼ੇਸ਼ ਸਮਾਜਿਕ ਰਾਜਨੀਤਕ ਉਦੇਸ਼ਾਂ ਦੀ ਪੂਰਤੀ ਦਾ ਸਾਧਨ ਬਣਾ ਦਿੱਤਾ ਗਿਆ। ਇਸ ਖੇਤਰ ਦੀ ਕਮਾਂਡ ਪੂਰੀ ਤਰ੍ਹਾਂ ਮੈਡਮ ਚਿਆਂਗ ਦੇ ਹੱਥ ਵਿੱਚ ਸੀ। ਉਸ ਵੱਲੋਂ ਉਪੇਰਿਆਂ ਅਤੇ ਨਾਟਕਾਂ ਲਈ

ਇਨਕਲਾਬੀ ਮਾਡਲ ਲਿਆਂਦਾ ਗਿਆ, ਅੱਠ ਮਾਡਲ ਡਰਾਮੇ ਤਿਆਰ ਕੀਤੇ ਗਏ ਅਤੇ ਦੂਸਰੇ ਗਰੁੱਪਾਂ ਨੂੰ ਇਨ੍ਹਾਂ ਦੀ ਤਰਜ਼ 'ਤੇ ਹੀ ਓਪੇਰੇ ਅਤੇ ਡਰਾਮੇ ਤਿਆਰ ਕਰਨ ਲਈ ਕਿਹਾ ਗਿਆ। ਪੁਰਾਣੀ ਤਰਜ਼ ਦੇ ਸਾਰੇ ਡਰਾਮਿਆਂ ਉੱਤੇ ਪਾਬੰਦੀ ਲੱਗ ਗਈ ਕਿ ਉਹ ਜਾਗੀਰੂ ਅਤੇ ਪੁਰਾਤਨ ਕਦਰਾਂ ਕੀਮਤਾਂ ਫੈਲਾਉਂਦੇ ਹਨ। ਇਹੀ ਕੁਝ ਸਾਹਿਤ ਅਤੇ ਫਿਲਮਾਂ ਵਿਚ ਵਾਪਰਿਆ। ਜੋ ਇਨ੍ਹਾਂ ਹਦਾਇਤਾਂ ਅਨੁਸਾਰ ਨਹੀਂ ਚਲਦੇ ਸਨ ਉਨ੍ਹਾਂ ਦੀ ਨਿੰਦਾ ਕੀਤੀ ਜਾਂਦੀ, ਤੰਗ ਕੀਤਾ ਜਾਂਦਾ, ਸਜਾਵਾਂ ਦਿੱਤੀਆਂ ਜਾਂਦੀਆਂ ਅਤੇ ਉਨ੍ਹਾਂ ਦੀਆਂ ਲਿਖਤਾਂ, ਨਾਟਕਾਂ, ਫਿਲਮਾਂ ਨੂੰ ਦਿਖਾਏ ਜਾਣ ਦਾ ਤਾਂ ਸਵਾਲ ਹੀ ਨਹੀਂ ਪੈਦਾ ਹੁੰਦਾ ਸੀ। ਬਹੁਤ ਸਾਰੇ ਲੇਖਕਾਂ, ਕਲਾਕਾਰਾਂ ਨੂੰ ਸਰੀਰਕ ਮੁਸ਼ੱਕਤ ਲਈ ਖੇਤਾਂ ਜਾਂ ਕਾਰਖਾਨਿਆਂ ਵਿੱਚ ਭੇਜ ਦਿੱਤਾ ਗਿਆ ਅਤੇ ਫਿਰ ਇਸ ਅਨੁਭਵ ਦੇ ਆਧਾਰ 'ਤੇ ਸਭਿਆਚਾਰਕ ਇਨਕਲਾਬ ਦੇ ਪੱਖ ਵਿੱਚ ਲਿਖਣ ਲਈ ਕਿਹਾ ਗਿਆ।

ਇਸ ਦੌਰਾਨ ਇਤਿਹਾਸਕ ਮਹੱਤਵ ਦੇ ਸਮਾਰਕਾਂ, ਬੁੱਤਾਂ, ਕਲਾਕ੍ਰਿਤਾਂ, ਪੁਸਤਕਾਂ ਤੱਕ ਨੂੰ ਕਾਫੀ ਨੁਕਸਾਨ ਪਹੁੰਚਾਇਆ ਗਿਆ। ਹਾਲਾਂ ਕਿ ਕਮਿਊਨਿਸਟ ਪਾਰਟੀ ਦੀ ਅਜਿਹੀ ਕੋਈ ਨੀਤੀ ਨਹੀਂ ਸੀ ਅਤੇ ਪਾਰਟੀ ਦੀ ਕੇਂਦਰੀ ਕਮੇਟੀ ਵੱਲੋਂ 14 ਮਈ 1967 ਨੂੰ ਇੱਕ ਦਸਤਾਵੇਜ ਵੀ ਜਾਰੀ ਕੀਤਾ ਗਿਆ ਜਿਸ ਦਾ ਸਿਰਲੇਖ ਸੀ - *ਸਭਿਆਚਾਰਕ ਇਨਕਲਾਬ ਦੌਰਾਨ ਸਭਿਆਚਾਰਕ ਸਮਾਰਕਾਂ ਅਤੇ ਪੁਸਤਕਾਂ ਦੀ ਸੁਰੱਖਿਆ ਲਈ ਸੁਝਾਅ*। ਪਰ ਇਸ ਦੇ ਬਾਵਜੂਦ ਰੈੱਡ ਗਾਰਡਜ਼ ਦੀਆਂ ਬੇ-ਲ਼ਗਾਮ ਹੋਈਆਂ ਭੀੜਾਂ ਵੱਡੇ ਪੱਧਰ ਉੱਤੇ ਅਜਿਹੀ ਭੰਨਤੋੜ ਕਰਦੀਆਂ ਰਹੀਆਂ। ਅੰਦੋਲਨਾਂ ਅਤੇ ਘਰੇਲੂ ਜੰਗਾਂ ਦੌਰਾਨ ਅਕਸਰ ਹੀ ਅਜਿਹਾ ਵਾਪਰਦਾ ਹੈ ਕਿਉਂਕਿ ਉਤੇਜਿਤ ਹੋਈਆਂ ਭੀੜਾਂ ਨੂੰ ਅਜਿਹੀਆਂ ਇਤਿਹਾਸਕ ਚੀਜਾਂ ਦੇ ਮਹੱਤਵ ਦਾ ਅਹਿਸਾਸ ਹੀ ਨਹੀਂ ਹੁੰਦਾ। ਇਹੀ ਕੁਝ ਚੀਨ ਵਿੱਚ ਵਾਪਰਿਆ।

**ਸਭਿਆਚਾਰਕ ਇਨਕਲਾਬ ਦਾ ਮੁਲਅੰਕਣ -**

ਜਿਵੇਂ ਕਿ ਪਹਿਲਾਂ ਕਿਹਾ ਜਾ ਚੁੱਕਾ ਹੈ, ਸਭਿਆਚਾਰਕ ਇਨਕਲਾਬ ਦਾ ਗੁਣਗਾਣ ਕਰੀ ਜਾਣ ਜਾਂ ਅੰਨ੍ਹੇਵਾਹ ਨਿੰਦੀ ਜਾਣ ਦੀ ਬਜਾਏ ਇਸ ਦਾ ਸੰਤੁਲਿਤ ਮੁਲਅੰਕਣ ਕਰਨ ਦੀ ਲੋੜ ਹੈ। ਪਹਿਲੀ ਗੱਲ ਤਾਂ ਮਾਓ ਜਿਨ੍ਹਾਂ ਮਸਲਿਆਂ ਨੂੰ ਸੰਬੋਧਿਤ ਹੋਇਆ ਉਨ੍ਹਾਂ ਤੋਂ ਅੱਖਾਂ ਨਹੀਂ ਮੀਚੀਆਂ ਜਾ ਸਕਦੀਆਂ। ਪਾਰਟੀ ਅਹੁਦੇਦਾਰਾਂ ਵੱਲੋਂ ਇੱਕ ਵੱਖਰੀ ਜਮਾਤ ਵਜੋਂ ਵਿਚਰਨ ਲੱਗ ਜਾਣਾ, ਰਾਜਨੀਤਕ ਅਤੇ ਪੈਦਾਵਾਰੀ ਅਦਾਰਿਆਂ ਵਿੱਚ ਕਾਮੇ ਲੋਕਾਂ ਦੀ ਕੋਈ ਪੁਛਗਿੱਛ ਨਾ ਹੋਣੀ, ਸਮੂਹ ਦੀਆਂ ਲੋੜਾਂ ਨੂੰ ਅਣਗੌਲਿਆਂ ਕਰਕੇ ਨਿੱਜੀ ਪ੍ਰਾਪਤੀਆਂ ਦੀ ਦੌੜ ਵਿੱਚ ਪੈ ਜਾਣਾ, ਦਿਮਾਗੀ ਅਤੇ

ਸਰੀਰਕ ਮਿਹਨਤ ਕਰਨ ਵਾਲੇ ਲੋਕਾਂ ਵਿੱਚ ਵਖਰੇਵੇਂ ਨੂੰ ਘੱਟ ਕਰਨ ਲਈ ਯਤਨ ਨਾ ਕਰਨੇ, ਇਨਕਲਾਬ ਉਪਰੰਤ ਆਮ ਲੋਕਾਂ ਦੀ ਰਾਜਨੀਤਕ ਅਤੇ ਸਮਾਜਿਕ ਚੇਤਨਾ ਵਿੱਚ ਖੜੋਤ ਆ ਜਾਣੀ ਆਦਿ ਸਾਰੇ ਮਸਲੇ ਮਹੱਤਵਪੂਰਨ ਸਨ ਅਤੇ ਮਾਰਕਸ ਏਂਗਲਜ਼ ਵੱਲੋਂ ਚਿਤਵੇ ਸਮਾਜ ਦੀ ਉਸਾਰੀ ਲਈ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਕੋਸ਼ਿਸ਼ਾਂ ਕਰਨ ਦੀ ਲੋੜ ਸੀ। ਪਰ ਜਿਸ ਢੰਗ ਨਾਲ ਮਾਓ ਦੀ ਅਗਵਾਈ ਵਿੱਚ ਇਨ੍ਹਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ, ਕੀ ਉਹ ਠੀਕ ਸੀ ਜਾਂ ਗਲਤ ਸੀ ਇਸ ਨੂੰ ਬਗੈਰ ਕਿਸੇ ਤੁਅੱਸਬ ਜਾਂ ਸ਼ਰਧਾਮਈ ਪਹੁੰਚ ਦੇ ਨਿਰਖਣ ਪਰਖਣ ਦੀ ਲੋੜ ਹੈ।

ਇਸ ਬਾਰੇ ਸੰਤੁਲਿਤ ਸਮਝ ਬਨਾਉਣ ਲਈ ਸਭਿਆਚਾਰਕ ਇਨਕਲਾਬ ਨੂੰ ਸਿਧਾਂਤ ਅਤੇ ਅਮਲ ਦੋਹਾਂ ਪੱਖਾਂ ਤੋਂ ਦੇਖਣਾ ਪਵੇਗਾ।

ਸਿਧਾਂਤਕ ਪੱਖ ਤੋਂ ਪਹਿਲਾ ਸਵਾਲ ਇਹ ਬਣਦਾ ਹੈ ਕਿ ਬੰਦੇ ਦੀ ਮਾਨਸਿਕਤਾ ਬਨਾਉਣ ਵਾਲੀ ਬੁਨਿਆਦੀ ਚੀਜ਼ ਕੀ ਹੈ? ਪਦਾਰਥਕ ਹਾਲਤਾਂ ਜਾਂ ਉਸਾਰ ਢਾਂਚਾ (ਜਿਸ ਵਿੱਚ ਸਿਆਸਤ ਅਤੇ ਸਭਿਆਚਾਰ ਆਉਂਦੇ ਹਨ।) ਮਾਓ ਨੇ ਸਭਿਆਚਾਰਕ ਇਨਕਲਾਬ ਦੌਰਾਨ ਉਸਾਰ ਨੂੰ ਮੁੱਖ ਕਾਰਕ ਬਣਾ ਦਿੱਤਾ। ਉਸ ਨੇ ਇਹ ਫਾਰਮੂਲਾ ਪੇਸ਼ ਕਰ ਦਿੱਤਾ ਕਿ ਖਾਸ ਹਾਲਤਾਂ ਵਿੱਚ ਉਸਾਰ ਵੀ ਬੁਨਿਆਦ ਨੂੰ ਪ੍ਰਭਾਵਿਤ ਕਰਦਾ ਹੈ। ਮਾਓ ਜ਼ੇ-ਤੁੰਗ ਦੀਆਂ ਫਲਸਫ਼ਾਨਾ ਲਿਖਤਾਂ ਵਿਚੋਂ 'ਵਿਰੋਧਤਾਈਆਂ ਬਾਰੇ' ਲੇਖ ਬਹੁਤ ਮਹੱਤਵਪੂਰਨ ਹੈ। ਇਸ ਵਿੱਚ ਉਹ ਲਿਖਦਾ ਹੈ – *'ਇਹ ਗੱਲ ਠੀਕ ਹੈ ਕਿ ਪੈਦਾਵਾਰੀ ਸ਼ਕਤੀਆਂ, ਅਭਿਆਸ ਅਤੇ ਆਰਥਿਕ ਆਧਾਰ ਆਮ ਤੌਰ ਉੱਤੇ ਮੁੱਖ ਅਤੇ ਫੈਸਲਾਕੁੰਨ ਰੋਲ ਅਦਾ ਕਰਦੇ ਹਨ। ਜੋ ਵੀ ਇਸ ਤੋਂ ਮੁਨਕਰ ਹੁੰਦਾ ਹੈ ਉਹ ਪਦਾਰਥਵਾਦੀ ਨਹੀਂ ਹੈ। ਪਰ ਸਾਨੂੰ ਇਹ ਵੀ ਜ਼ਰੂਰ ਹੀ ਮੰਨਣਾ ਚਾਹੀਦਾ ਹੈ ਕਿ ਕੁਝ ਖਾਸ ਹਾਲਤਾਂ ਵਿੱਚ, ਅਜਿਹੇ ਪੱਖ ਜਿਵੇਂ ਪੈਦਾਵਾਰੀ ਸਬੰਧ, ਸਿਧਾਂਤ ਅਤੇ ਉਸਾਰ ਮੋੜਵੇਂ ਰੂਪ ਵਿੱਚ ਮੁੱਖ ਅਤੇ ਫੈਸਲਾਕੁੰਨ ਰੋਲ ਅਦਾ ਕਰਦੇ ਹਨ। ..... ਜਦੋਂ ਉਸਾਰ (ਸਿਆਸਤ, ਸਭਿਆਚਾਰ ਆਦਿ) ਆਰਥਿਕ ਆਧਾਰ ਦੇ ਵਿਕਾਸ ਵਿੱਚ ਅੜਿੱਕਾ ਬਣਦਾ ਹੈ, ਸਿਆਸੀ ਅਤੇ ਸਭਿਆਚਾਰਕ ਤਬਦੀਲੀਆਂ ਮੁੱਖ ਅਤੇ ਫੈਸਲਾਕੁੰਨ ਬਣ ਜਾਂਦੀਆਂ ਹਨ।'* ਚਾਹੇ ਮਾਓ ਨੇ ਇਹ ਲੇਖ ਬਹੁਤ ਪਹਿਲਾਂ 1937 ਵਿੱਚ ਲਿਖਿਆ ਸੀ ਪਰ ਸਭਿਆਚਾਰਕ ਇਨਕਲਾਬ ਦੌਰਾਨ ਖਾਸ ਹਾਲਤਾਂ ਵਿੱਚ ਸਿਆਸੀ ਅਤੇ ਸਭਿਆਚਾਰਕ ਤਬਦੀਲੀਆਂ ਨੂੰ ਮੁੱਖ ਮੰਨਣ ਵਾਲੀ ਇਸੇ ਵਿਆਖਿਆ ਨੂੰ ਲਾਗੂ ਕੀਤਾ ਗਿਆ ਅਤੇ ਕਿਹਾ ਗਿਆ ਕਿ ਆਰਥਿਕ ਆਧਾਰ ਨੂੰ ਹਰ ਮੌਕੇ ਬੁਨਿਆਦੀ ਮੰਨਣ ਵਾਲੀ ਧਾਰਨਾ ਮਸ਼ੀਨੀ ਪਦਾਰਥਵਾਦ ਹੈ। ਚਾਹੇ ਉਪਰੋਕਤ ਵਿਆਖਿਆ ਦਾ ਆਸਰਾ ਲੈ ਕੇ ਕਿਹਾ ਜਾ ਸਕਦਾ ਹੈ ਕਿ ਮਾਓ ਵਿਚਾਰਵਾਦ ਵੱਲ ਨਹੀਂ ਤਿਲਕਿਆ ਸੀ ਪਰ ਪਦਾਰਥਕ ਆਧਾਰ ਬਦਲੇ ਬਗੈਰ ਨਵਾਂ ਮਨੁੱਖ ਸਿਰਜਣ ਵਾਲੀ ਉਸ ਦੀ ਕੋਸ਼ਿਸ਼ ਅਮਲ ਵਿੱਚ ਉਸ ਨੂੰ ਆਦਰਸ਼ਵਾਦ ਵੱਲ ਹੀ ਲੈ ਜਾਂਦੀ ਸੀ। ਸਾਰੇ ਧਾਰਮਿਕ

ਆਗੂ ਵੀ ਇਸੇ ਢੰਗ ਨਾਲ ਹੀ ਮਨੁੱਖ ਨੂੰ ਬਦਲਣ ਲਈ ਕਹਿੰਦੇ ਹਨ ਪਰ ਕੁਝ ਚੋਣਵੇਂ ਪੈਰੋਕਾਰਾਂ ਤੋਂ ਬਿਨਾਂ ਬਾਕੀ ਸਾਰੀ ਜਨਤਾ ਦੇ ਵਿਚਾਰ ਉਨ੍ਹਾਂ ਦੀਆਂ ਪਦਾਰਥਕ ਹਾਲਤਾਂ ਤੋਂ ਹੀ ਨਿਰਧਾਰਤ ਹੁੰਦੇ ਰਹੇ ਹਨ ਨਾ ਕਿ ਉਪਦੇਸ਼ਾਂ ਜਾਂ ਹੱਲਾਸ਼ੇਰੀਆਂ ਨਾਲ। ਇਹ ਕੁਝ ਲੋਕਾਂ ਦੇ ਵਿਚਾਰ ਵੀ ਥੋੜ੍ਹੇ ਸਮੇਂ ਲਈ ਹੀ ਬਦਲਦੇ ਹਨ ਉਸ ਤੋਂ ਬਾਅਦ ਜ਼ਿੰਦਗੀ ਫਿਰ ਉਸੇ ਰਾਹ ਪੈ ਜਾਂਦੀ ਹੈ।

ਮਾਰਕਸਵਾਦ ਇਸ ਗੱਲ ਦੀ ਪ੍ਰੋੜਤਾ ਨਹੀਂ ਕਰਦਾ ਕਿ ਚੀਨ ਵਰਗੇ ਸਮਾਜ ਵਿੱਚ ਜਿੱਥੇ ਅਜੇ ਜੀਵਨ ਦੀਆਂ ਬੁਨਿਆਦੀ ਲੋੜਾਂ ਹੀ ਮਸਾਂ ਪੂਰੀਆਂ ਹੋਣ ਲੱਗੀਆਂ ਹੋਣ, ਉਸ ਸਮਾਜ ਦੇ ਲੋਕਾਂ ਦੀ ਮਾਨਸਿਕਤਾ, ਮਾਰਕਸਵਾਦੀ ਭਵਿੱਖ-ਨਕਸ਼ੇ ਮੁਤਾਬਿਕ, ਤਕਨੀਕੀ ਵਿਕਾਸ ਰਾਹੀਂ ਪਦਾਰਥਕ ਬਹੁਲਤਾ ਹਾਸਲ ਕਰ ਚੁੱਕੇ ਸਾਮਵਾਦੀ ਪੜਾਅ ਦੇ ਅਨੁਸਾਰੀ ਹੋ ਸਕਦੀ ਹੈ।

ਫਿਰ ਵੀ ਜੇ ਵਿਗਿਆਨਕ ਢੰਗ ਨਾਲ ਸੋਚਿਆ ਜਾਵੇ ਤਾਂ ਕੋਈ ਵੀ ਸਿਧਾਂਤਕ ਫਾਰਮੂਲੇ, ਅਗੰਮੀ ਵਾਕ ਨਹੀਂ ਹੁੰਦੇ ਜਿਨ੍ਹਾਂ ਨੂੰ ਬਦਲਿਆ ਹੀ ਨਹੀਂ ਜਾ ਸਕਦਾ। ਇਸ ਪਹੁੰਚ ਅਨੁਸਾਰ ਸਿਧਾਂਤ ਨੂੰ ਅਮਲ ਵਿੱਚ ਵਾਰ ਵਾਰ ਪਰਖਿਆ ਜਾਣਾ ਹੁੰਦਾ ਹੈ, ਅਮਲ ਵਿੱਚ ਨਿਕਲੇ ਸਿੱਟਿਆਂ ਦੇ ਆਧਾਰ 'ਤੇ ਸਿਧਾਂਤ ਨੂੰ ਮੰਨਿਆ, ਸੋਧਿਆ ਜਾਂ ਬਦਲਿਆ ਜਾ ਸਕਦਾ ਹੈ। ਚੀਨੀ ਇਨਕਲਾਬ ਦਾ ਰਾਹ ਵੀ ਮਾਰਕਸਵਾਦ ਦੇ ਕਲਾਸੀਕਲ ਸਿਧਾਂਤ ਦੇ ਅਨੁਸਾਰ ਨਹੀਂ ਸੀ। ਸਿਧਾਂਤ ਅਨੁਸਾਰ ਤਾਂ ਸਰਮਾਏਦਾਰੀ ਸਮਾਜ ਦੇ ਇੱਕ ਖਾਸ ਹੱਦ ਤੱਕ ਵਿਕਸਿਤ ਹੋਣ ਬਾਅਦ ਹੀ ਸਮਾਜਵਾਦੀ ਇਨਕਲਾਬ ਆ ਸਕਦਾ ਹੈ। ਪਰ ਮਾਓ ਨੇ ਨਵ-ਜਮਹੂਰੀ ਇਨਕਲਾਬ ਦਾ ਸੰਕਲਪ ਦੇ ਕੇ ਅਰਧ ਜਗੀਰੂ ਸਮਾਜ ਵਿੱਚ ਵੀ ਇਨਕਲਾਬ ਨੂੰ ਸਫਲ ਕਰ ਦਿੱਤਾ। ਇਥੇ ਉਸ ਦਾ ਨਵਾਂ ਸਿਧਾਂਤ ਅਮਲ ਵਿੱਚ ਪਾਸ ਹੋਇਆ ਇਸ ਲਈ ਉਸ ਨੂੰ ਮਾਨਤਾ ਮਿਲੀ ਯਾਨੀ ਚੀਨੀ ਇਨਕਲਾਬ ਲਈ ਮਾਓ ਦਾ ਰਾਹ ਦਰੁਸਤ ਸਾਬਤ ਹੋਇਆ।

ਪਰ ਸਭਿਆਚਾਰਕ ਇਨਕਲਾਬ ਦੇ ਪ੍ਰਸੰਗ ਵਿੱਚ ਮਾਓ ਦੇ ਵਿਚਾਰਾਂ ਦਾ ਮੁਲਅੰਕਣ ਕੀਤਾ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਇਥੇ ਉਸਾਰ ਦੇ ਪ੍ਰਭਾਵ ਰਾਹੀਂ ਆਧਾਰ, ਭਾਵ ਪਦਾਰਥਕ ਹਾਲਤਾਂ, ਨੂੰ ਬਦਲ ਦੇਣ ਵਾਲਾ ਸਿਧਾਂਤ ਚਿਤਵੇ ਸਿੱਟੇ ਨਾ ਕੱਢ ਸਕਿਆ ਸਗੋਂ ਇਸ ਨਾਲ ਪੈਦਾਵਾਰੀ ਸਾਧਨਾਂ ਉੱਤੇ ਮਾੜਾ ਅਸਰ ਹੀ ਪਿਆ। ਨਾ ਹੀ ਸਭਿਆਚਾਰਕ ਇਨਕਲਾਬ ਰਾਹੀਂ ਮਨੁੱਖੀ ਸਮਾਜ ਨੂੰ ਬਦਲਣ ਅਤੇ ਨਵਾਂ ਮਨੁੱਖ ਸਿਰਜਣ ਦੀ ਕੋਸ਼ਿਸ਼ ਦੇ ਕੋਈ ਸਾਰਥਿਕ ਨਤੀਜੇ ਨਿਕਲ ਸਕੇ। ਸਭਿਆਚਾਰਕ ਇਨਕਲਾਬ ਦੇ ਤਿੰਨ ਸਾਲਾਂ ਬਾਅਦ ਹੀ ਇਸ ਨੂੰ ਰੋਕਣਾ ਪਿਆ ਅਤੇ ਫਿਰ ਸਿਰਫ ਇੱਕ ਦਹਾਕੇ ਬਾਅਦ ਚੀਨ ਇਸ ਤੋਂ ਬਿਲਕੁਲ ਉਲਟ ਦਿਸ਼ਾ ਵੱਲ ਚੱਲ ਪਿਆ, ਯਾਨੀ ਸਰਮਾਏਦਾਰੀ ਦੀ ਬਹਾਲੀ ਵੱਲ। 'ਬੁਰਜੂਆ ਹੈੱਡਕੁਆਰਟਰ' ਵੀ ਮੁੜ

ਬਣ ਗਏ ਅਤੇ ਤਾਕਤ ਵੀ ਸਾਰੀ ਕੇਂਦ੍ਰਿਤ ਹੋ ਗਈ ਅਤੇ ਮੁੱਠੀ ਭਰ ਲੋਕਾਂ ਤੋਂ ਬਿਨਾਂ ਕਿਸੇ ਨੇ ਇਸ ਰਾਹ ਦਾ ਵਿਰੋਧ ਨਾ ਕੀਤਾ, ਸਗੋਂ ਸਰਮਾਏਦਾਰਾ ਪ੍ਰਬੰਧ ਦੀ ਬਹਾਲੀ ਰੂਸ ਨਾਲੋਂ ਜਿਆਦਾ ਤੇਜੀ ਨਾਲ ਹੋਈ।

ਇਸ ਪ੍ਰਸੰਗ ਵਿੱਚ ਸਭਿਆਚਾਰਕ ਇਨਕਲਾਬ ਦੇ ਚਿਤਵੇ ਸਿੱਟਿਆਂ ਬਾਰੇ ਇੱਕ ਮਾਓਵਾਦੀ ਇਨਕਲਾਬੀ ਪਰਚੇ ਟਾਕਰਾ ਵਿੱਚ 1976 ਵਿੱਚ ਪ੍ਰਕਾਸ਼ਿਤ ਵਿਚਾਰਾਂ ਨੂੰ ਦੇਖਿਆ ਜਾ ਸਕਦਾ ਹੈ ਅਤੇ ਇਨ੍ਹਾਂ ਵਿਚਾਰਾਂ ਦੀ ਕੁਝ ਸਾਲ ਬਾਅਦ ਵਾਪਰੀ ਹਕੀਕਤ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਇਸ ਪਰਚੇ ਵਿੱਚ ਸਭਿਆਚਾਰਕ ਇਨਕਲਾਬ ਬਾਰੇ ਇੱਕ ਆਰਟੀਕਲ ਦੇ ਅੰਤ ਵਿੱਚ ਲਿਖਿਆ ਗਿਆ ਹੈ – ਪ੍ਰੋਲਤਾਰੀ *ਸਭਿਆਚਾਰਕ ਇਨਕਲਾਬ ਦੀ ਮਹਾਨਤਾ ਸਿਰਫ ਇਸ ਗੱਲ ਵਿੱਚ ਹੀ ਨਹੀਂ ਹੈ ਕਿ ਇਸ ਨੇ ਵੱਖ ਵੱਖ ਮੌਕਿਆਂ 'ਤੇ ਉਭਰਦੀਆਂ ਸੱਜੀਆਂ ਅਤੇ ਖੱਬੀਆਂ ਮੌਕਾਪ੍ਰਸਤ ਲਾਈਨਾਂ ਨੂੰ ਭਾਂਜ ਦੇ ਕੇ ਚੀਨ ਅੰਦਰ ਪ੍ਰੋਲਤਾਰੀ ਡਿਕਟੇਟਰਸ਼ਿਪ ਨੂੰ ਹੋਰ ਪੱਕੇ ਪੈਰੀਂ ਕੀਤਾ ਤੇ ਸਰਮਾਏਦਾਰੀ ਦੀ ਮੁੜ ਬਹਾਲੀ ਦੇ ਖਤਰੇ ਨੂੰ ਹੋਰ ਘਟਾ ਦਿੱਤਾ, ਸਗੋਂ ਇਹ ਹੋਰ ਵੀ ਮਹੱਤਵਪੂਰਨ ਹੈ ਕਿ ਇਸ ਨੇ ਅਜਿਹੀਆਂ ਪਿਰਤਾਂ ਪਾ ਦਿੱਤੀਆਂ ਹਨ ਜਿਨ੍ਹਾਂ ਸਦਕਾ (1) ਸਭਿਆਚਾਰਕ ਇਨਕਲਾਬ ਜਾਰੀ ਰਹੇਗਾ... (2) ਕਰੋੜਾਂ ਪਾਰਟੀ ਮੈਂਬਰਾਂ ਦੀ ਸਿਆਸੀ ਚੇਤਨਤਾ ਸਭਿਆਚਾਰਕ ਇਨਕਲਾਬੀ ਅਮਲ ਦੌਰਾਨ ਬਹੁਤ ਉਚੇਰੇ ਪੜਾਅ 'ਤੇ ਪਹੁੰਚ ਗਈ ਹੈ, ਅਤੇ (3) ਪਾਰਟੀ ਅੰਦਰ ਅਫ਼ਸਰਸ਼ਾਹੀ ਅਤੇ ਗਲਤ ਲਾਈਨ ਦੀ ਸਥਾਪਤੀ ਨੂੰ ਬਹੁਤ ਹੀ ਮੁਸ਼ਕਿਲ ਬਣਾ ਦਿੱਤਾ ਗਿਆ ਹੈ, ਕਿਉਂਕਿ ਵਿਚਾਰਧਾਰਕ ਪੱਖੋਂ ਅੱਗੇ ਨਾਲੋਂ ਕਿਤੇ ਵੱਧ ਚੇਤਨ ਹੋਈ ਇਸ ਕਰੋੜਾਂ ਦੀ ਗਿਣਤੀ ਵਾਲੀ ਪਾਰਟੀ ਮੈਂਬਰਸ਼ਿਪ ਅਤੇ ਜਨਤਾ ਤੋਂ ਇਸ ਨੂੰ ਪਰਵਾਨਗੀ ਲੈਣੀ ਪੈਣੀ ਹੈ।* ਪਰ ਸਪਸ਼ਟ ਹੈ ਕਿ ਹਕੀਕਤ ਵਿੱਚ ਸਭਿਆਚਾਰਕ ਇਨਕਲਾਬ ਦਾ ਅਜਿਹਾ ਕੋਈ ਅਸਰ ਦਿਖਾਈ ਨਾ ਦਿੱਤਾ ਸਗੋਂ ਚੀਨ ਵਿੱਚ ਸਰਮਾਏਦਾਰੀ ਦੀ ਬਹਾਲੀ ਵੱਧ ਤੇਜੀ ਨਾਲ ਹੋਈ।

ਜਦ ਅਸੀਂ ਇਹ ਕਹਿੰਦੇ ਹਾਂ ਕਿ ਅਮਲ ਵਿੱਚ ਪਰਖਿਆਂ ਮਾਓ ਦਾ ਸਭਿਆਚਾਰਕ ਇਨਕਲਾਬ ਵਾਲਾ ਸਿਧਾਂਤ ਸਹੀ ਨਹੀਂ ਨਿਕਲਿਆ ਤਾਂ ਇਸ ਨੂੰ ਕੇਵਲ ਅਨੁਭਵਵਾਦੀ ਆਲੋਚਨਾ ਨਹੀਂ ਕਿਹਾ ਜਾ ਸਕਦਾ ਕਿਉਂਕਿ ਕਿਸੇ ਸਿਧਾਂਤ ਦੀ ਸਾਰਥਿਕਤਾ ਅਮਲ ਵਿੱਚ ਲਾਗੂ ਕਰਨ 'ਤੇ ਹੀ ਪਰਖੀ ਜਾਂਦੀ ਹੈ। ਇਸ ਬਾਰੇ ਮਾਓ ਜ਼ੇ-ਤੁੰਗ ਨੇ ਆਪਣੇ 'ਅਭਿਆਸ ਬਾਰੇ' ਆਰਟੀਕਲ ਵਿੱਚ ਖ਼ੁਦ ਲਿਖਿਆ ਹੈ- *ਮਾਰਕਸਵਾਦੀਆਂ ਦਾ ਵਿਸ਼ਵਾਸ ਹੈ ਕਿ ਮਨੁੱਖ ਦਾ ਸਮਾਜਿਕ ਅਭਿਆਸ ਬਾਹਰੀ ਸੰਸਾਰ ਬਾਰੇ ਮਨੁੱਖੀ ਗਿਆਨ ਦੀ ਸਚਾਈ ਦੀ ਇਕੋ ਇਕ ਕਸਵੱਟੀ ਹੈ। ਅਸਲ ਵਿੱਚ ਹੁੰਦਾ ਇਸ ਤਰ੍ਹਾਂ ਹੈ ਕਿ ਮਨੁੱਖੀ ਗਿਆਨ ਦੀ ਪੁਸ਼ਟੀ ਉਦੋਂ ਹੀ ਹੁੰਦੀ ਹੈ ਜਦੋਂ ਉਹ*

*ਸਮਾਜਿਕ ਅਭਿਆਸ (ਪਦਾਰਥਕ ਪੈਦਾਵਾਰ, ਜਮਾਤੀ ਘੋਲ ਅਤੇ ਵਿਗਿਆਨਕ ਤਜਰਬੇ) ਦੀ ਪ੍ਰਕਿਰਿਆ ਅੰਦਰ ਅਨੁਮਾਨੇ ਸਿੱਟੇ ਹਾਸਲ ਕਰਦਾ ਹੈ। ...... ਗਿਆਨ ਦਾ ਵਿਰੋਧ-ਵਿਕਾਸੀ ਪਦਾਰਥਵਾਦੀ ਸਿਧਾਂਤ ਅਭਿਆਸ ਨੂੰ ਪਹਿਲਾ ਸਥਾਨ ਦਿੰਦਾ ਹੈ। ਇਹ ਵਿਸ਼ਵਾਸ ਰੱਖਦਾ ਹੈ ਕਿ ਮਨੁੱਖੀ ਗਿਆਨ ਨੂੰ ਕਿਸੇ ਤਰ੍ਹਾਂ ਵੀ ਅਭਿਆਸ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ।*

– 0 –

ਸਭਿਆਚਾਰਕ ਇਨਕਲਾਬ ਦੇ ਆਦਰਸ਼ ਬਹੁਤ ਸੋਹਣੇ ਲਗਦੇ ਹਨ ਕਿ ਇਸ ਤਰ੍ਹਾਂ ਮਨੁੱਖ ਸਿਰਜਿਆ ਜਾਵੇ ਜੋ ਨਿੱਜੀ ਲਾਭਾਂ, ਵਖਰੇਵਿਆਂ, ਸਾੜਿਆਂ ਆਦਿ ਤੋਂ ਮੁਕਤ ਹੋਵੇ, ਜੋ ਸਾਰੇ ਸਮਾਜ ਦੀ ਤਰੱਕੀ ਵਿੱਚ ਹੀ ਆਪਣੀ ਤਰੱਕੀ ਦੇਖਦਾ ਹੋਵੇ, ਪਰ ਹਜਾਰਾਂ ਸਾਲਾਂ ਦੇ ਵਿਕਾਸ ਦੌਰਾਨ ਅਤੇ ਸਦੀਆਂ ਤੋਂ ਚੱਲੀਆਂ ਆ ਰਹੀਆਂ ਪਦਾਰਥਕ ਹਾਲਤਾਂ ਵਿਚੋਂ ਇਨਸਾਨ ਦੀਆਂ ਜੋ ਪ੍ਰਵਿਰਤੀਆਂ ਬਣੀਆਂ ਹਨ ਉਨ੍ਹਾਂ ਨੂੰ ਸਭਿਆਚਾਰਕ ਇਨਕਲਾਬ ਵਰਗੀਆਂ ਮੁਹਿੰਮਾਂ ਨਾਲ ਕੁਝ ਸਾਲਾਂ ਵਿੱਚ ਜਾਂ ਇਥੋਂ ਤੱਕ ਕਿ ਇੱਕ ਦੋ ਪੀੜ੍ਹੀਆਂ ਵਿੱਚ ਬਦਲਿਆ ਨਹੀਂ ਜਾ ਸਕਦਾ। ਸਭਿਆਚਾਰਕ ਤਬਦੀਲੀ ਇੱਕ ਸਹਿਜ ਵਰਤਾਰਾ ਹੈ ਇਸ ਨੂੰ ਰਾਜਨੀਤਕ ਇਨਕਲਾਬਾਂ ਵਾਂਗ ਝਟਕੇ ਦੇ ਕੇ ਹਾਸਲ ਨਹੀਂ ਕੀਤਾ ਜਾ ਸਕਦਾ। ਮੁਰਗੀ ਨੂੰ ਚੀਰ ਕੇ ਉਸ ਦੇ ਸਾਰੇ ਆਂਡੇ ਇਕੋ ਦਮ ਨਹੀਂ ਕੱਢੇ ਜਾ ਸਕਦੇ। ਸਭਿਆਚਾਰਕ ਇਨਕਲਾਬ ਦੌਰਾਨ ਮੁਰਗੀ ਮਾਰਨ ਵਾਲੀ ਗੱਲ ਹੀ ਹੋ ਗਈ ਸੀ ; ਪਾਰਟੀ, ਸਰਕਾਰ ਅਤੇ ਆਰਥਿਕ ਪ੍ਰਬੰਧ ਦਾ ਸਾਰਾ ਢਾਂਚਾ ਟੁੱਟ ਭੱਜ ਗਿਆ ਸੀ ਇਹ ਵੱਖਰੀ ਗੱਲ ਹੈ ਕਿ ਇਸ ਨੂੰ ਫੌਜ ਵਿੱਚ ਬਚੇ ਖੁਚੇ ਅਨੁਸ਼ਾਸ਼ਨ ਦੀ ਮਦਦ ਨਾਲ ਸੰਭਾਲ ਲਿਆ ਗਿਆ।

ਕੁਝ ਵਿਚਾਰਕਾਂ ਅਨੁਸਾਰ ਤਾਂ ਚੀਨ ਵਿੱਚ ਸਰਮਾਏਦਾਰੀ ਦੀ ਐਨੀ ਤੇਜੀ ਨਾਲ ਮੁੜ ਬਹਾਲੀ ਵਿੱਚ ਵੀ ਸਭਿਆਚਾਰਕ ਇਨਕਲਾਬ ਇੱਕ ਕਾਰਣ ਬਣਿਆ। ਯਾਨੀ ਜਿਸ ਆਸ਼ੇ ਨੂੰ ਲੈ ਕੇ ਸਭਿਆਚਾਰਕ ਇਨਕਲਾਬ ਸ਼ੁਰੂ ਕੀਤਾ ਗਿਆ ਸੀ ਅਮਲ ਵਿੱਚ ਇਹ ਉਸ ਤੋਂ ਬਿਲਕੁਲ ਉਲਟ ਵਾਪਰਨ ਵਿੱਚ ਸਹਾਈ ਹੋਇਆ। ਪਾਰਟੀ ਵਿੱਚ ਅਫ਼ਸਰਸ਼ਾਹ ਜਮਾਤ ਕਮਜੋਰ ਹੋਣ ਦੀ ਬਜਾਏ ਹੋਰ ਮਜਬੂਤ ਹੋ ਗਈ। ਪਾਰਟੀ ਦੇ ਅਧਿਕਾਰੀ, ਜਿਨ੍ਹਾਂ ਤੋਂ ਸੱਤਾ ਖੋਹ ਲਈ ਗਈ ਸੀ ਅਤੇ ਜਿਨ੍ਹਾਂ ਨਾਲ ਸਭਿਆਚਾਰਕ ਇਨਕਲਾਬ ਦੌਰਾਨ ਬਦਸਲੂਕੀ ਹੋਈ ਸੀ, ਉਹ ਜਦ ਮੁੜ ਬਹਾਲ ਹੋਏ ਤਾਂ ਉਨ੍ਹਾਂ ਨੇ ਮਨੋਮਨੀ ਫੈਸਲਾ ਕਰ ਲਿਆ ਕਿ ਉਹ ਮੁੜ ਅਜਿਹਾ ਨਹੀਂ ਵਾਪਰਨ ਦੇਣਗੇ। ਉਨ੍ਹਾਂ ਨੇ ਸੱਤਾ ਉੱਤੇ ਪਕੜ ਚੰਗੀ ਤਰ੍ਹਾਂ ਮਜਬੂਤ ਕਰ ਲਈ ਤਾਂ ਜੋ ਦੁਬਾਰਾ ਕੋਈ ਭੜਕੀਆਂ ਭੀੜਾਂ ਉਨ੍ਹਾਂ ਨੂੰ ਆਪਣਾ ਸ਼ਿਕਾਰ ਨਾ ਬਣਾ ਲੈਣ।

ਅਸਲ ਵਿੱਚ ਅਜੇ ਤੀਕ ਇਸ ਦੁਬਿਧਾ-ਜਨਕ ਮਸਲੇ ਨੂੰ ਹੱਲ

ਨਹੀਂ ਕੀਤਾ ਜਾ ਸਕਿਆ ਕਿ ਜੇ ਮਾਹਿਰਾਂ ਦੇ ਹੱਥ ਸਾਰੀ ਤਾਕਤ ਆ ਜਾਂਦੀ ਹੈ ਤਾਂ ਉਹ ਇਸ ਦਾ ਨਿੱਜੀ ਲਾਹਾ ਲੈਣ ਲੱਗ ਜਾਂਦੇ ਹਨ, ਸੱਤਾ ਅਤੇ ਸਹੂਲਤਾਂ ਜਮ੍ਹਾਂ ਕਰ ਲੈਂਦੇ ਹਨ। ਦੂਸਰੇ ਪਾਸੇ ਜੇ ਉਨ੍ਹਾਂ ਤੋਂ ਪ੍ਰਬੰਧ ਖੋਹ ਕੇ ਆਮ ਲੋਕਾਂ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ ਤਾਂ ਸਮਾਜ ਵਿੱਚ ਗੜਬੜਚੌਥ ਫੈਲ ਜਾਂਦੀ ਹੈ, ਕਿਸੇ ਪ੍ਰਬੰਧ ਦੀ ਅਣਹੋਂਦ ਵਿੱਚ ਭੀੜ ਆਪਮੁਹਾਰੀ ਹੋ ਜਾਂਦੀ ਹੈ, ਜਿਵੇਂ ਸਭਿਆਚਾਰਕ ਇਨਕਲਾਬ ਦੌਰਾਨ ਹੋਇਆ।

ਇਸ ਨਾਲ ਜੁੜਿਆ ਇੱਕ ਬਹੁਤ ਵੱਡਾ ਮਸਲਾ ਵਿਅਕਤੀਆਂ ਦੀਆਂ ਯੋਗਤਾਵਾਂ ਵਿਚਲੇ ਫਰਕਾਂ ਦਾ ਹੈ। ਕਿਹਾ ਜਾ ਸਕਦਾ ਹੈ ਕਿ ਇਹ ਫਰਕ ਉਨ੍ਹਾਂ ਨੂੰ ਪਾਲਣ ਪੋਸ਼ਣ ਦੌਰਾਨ ਮਿਲੀਆਂ ਸਹੂਲਤਾਂ ਅਤੇ ਹਾਲਤਾਂ ਵਿਚਲੇ ਫਰਕ ਕਾਰਣ ਹਨ। ਮਾਰਕਸਵਾਦ ਦੇ ਪ੍ਰਭਾਵ ਹੇਠਲੇ ਮਨੋਵਿਗਿਆਨੀਆਂ ਵੱਲੋਂ ਇਸ ਵਾਤਾਵਰਣ ਵਾਲੇ ਸਿਧਾਂਤ ਉੱਤੇ ਬਹੁਤ ਜ਼ੋਰ ਦੇ ਕੇ ਇਸ ਮਨੁੱਖੀ ਯੋਗਤਾਵਾਂ ਵਿੱਚ ਫਰਕਾਂ ਦਾ ਇਕੋ ਇੱਕ ਕਾਰਣ ਬਣਾ ਦਿੱਤਾ ਗਿਆ। ਜਦ ਕਿ ਇਸ ਦੇ ਉਲਟ ਵਿਚਾਰਾਂ ਵਾਲੇ ਮਨੋਵਿਗਿਆਨੀਆਂ ਵੱਲੋਂ ਵਿਰਸੇ ਵਿੱਚ ਮਿਲਦੇ ਜੀਨਜ਼ ਉੱਤੇ ਵੱਧ ਜ਼ੋਰ ਦਿੱਤਾ ਗਿਆ। ਇਸ ਦੇ ਜਵਾਬ ਵਿੱਚ ਮਾਰਕਸਵਾਦੀ ਮਨੋਵਿਗਿਆਨੀਆਂ ਵੱਲੋਂ ਕਿਹਾ ਗਿਆ ਕਿ ਜਦ ਇਕੋ ਜਿਹਾ ਵਾਤਾਵਰਣ ਮਿਲੇਗਾ ਤਾਂ ਇਸ ਦਾ ਅਸਰ ਜੀਨਜ਼ ਉੱਤੇ ਵੀ ਪਵੇਗਾ। ਜੇ ਇਸ ਮਗਰਲੇ ਪੱਖ ਨੂੰ ਪੂਰੀ ਤਰ੍ਹਾਂ ਸਹੀ ਵੀ ਮੰਨ ਲਿਆ ਜਾਵੇ ਫਿਰ ਵੀ ਇਹ ਤਾਂ ਸਪਸ਼ਟ ਹੈ ਕਿ ਇਹ ਤਦ ਹੀ ਵਾਪਰੇਗਾ ਜੇ ਕਈ ਪੀੜ੍ਹੀਆਂ ਤੱਕ ਠੀਕ ਵਾਤਾਵਰਣ ਮਿਲਦਾ ਰਹੇ। ਪਰ ਸਭਿਆਚਾਰਕ ਇਨਕਲਾਬ ਦੌਰਾਨ ਮਾਓ ਵਰਗੇ ਕਮਿਊਨਿਸਟ ਆਗੂਆਂ ਵੱਲੋਂ ਇਹ ਵਖਰੇਵੇਂ ਧੱਕੇ ਨਾਲ ਕੁਝ ਮੁਹਿੰਮਾਂ ਰਾਹੀਂ ਖਤਮ ਕਰਨ ਦੇ ਯਤਨ ਕੀਤੇ ਗਏ। ਅਸਲ ਹਾਲਤਾਂ ਨਾਲ ਮੇਲ ਨਾ ਖਾਂਦੇ ਹੋਣ ਕਾਰਣ ਇਹ ਯਤਨ ਅਸਫਲ ਹੋਣੇ ਹੀ ਸਨ।

---

# ਜੀਵਨ ਦੇ ਆਖਰੀ ਸਾਲ

ਮਾਓ ਚਾਹੇ ਸਰੀਰਕ ਪੱਖੋਂ ਬਹੁਤ ਮਜਬੂਤ ਸੀ ਅਤੇ 1966 ਵਿੱਚ ਉਸ ਨੇ 72 ਸਾਲ ਦੀ ਉਮਰ ਵਿੱਚ ਯਾਂਗਸੀ ਦਰਿਆ ਤੈਰ ਕੇ ਪਾਰ ਕੀਤਾ ਸੀ, ਪਰ ਆਖਰ ਵਧਦੀ ਉਮਰ ਨੇ ਉਸ ਦੀ ਸਿਹਤ ਉੱਤੇ ਅਸਰ ਪਾਉਣਾ ਸ਼ੁਰੂ ਕਰ ਦਿੱਤਾ। ਦੂਜਾ ਉਹ ਵੀ ਸਾਡੇ ਪੁਰਾਣੇ ਬੁੜ੍ਹਿਆਂ ਵਾਂਗ ਡਾਕਟਰਾਂ ਤੋਂ ਦਵਾਈ ਬੂਟੀ ਲੈਣ ਵਿੱਚ ਘੱਟ ਹੀ ਵਿਸ਼ਵਾਸ ਰਖਦਾ ਸੀ। 1969-70 ਦੀ ਸਰਦ ਰੁੱਤ ਵਿੱਚ ਆਮ ਨਾਲੋਂ ਜਿਆਦਾ ਠੰਢ ਪਈ ਪਰ ਮਾਓ ਨੇ ਆਪਣੇ ਕਮਰੇ ਵਿੱਚ ਹੀਟਰ ਲੁਆਉਣ ਤੋਂ ਇਨਕਾਰ ਕਰ ਦਿੱਤਾ। ਉਸ ਦਾ ਖਿਆਲ ਸੀ ਕਿ ਵੱਧ ਕਸਰਤ ਕਰ ਕੇ ਇਸ ਦਾ ਮੁਕਾਬਲਾ ਕਰਦਾ ਰਹੇਗਾ। ਪਰ ਵੱਡੀ ਉਮਰ ਕਾਰਣ ਠੰਢ ਲੱਗ ਗਈ, ਕੁਝ ਫੇਫੜੇ ਪਹਿਲਾਂ ਵੀ ਕਮਜੋਰ ਹੋ ਚੁੱਕੇ ਸਨ ਅਤੇ ਦਮੇ ਦੀ ਸਮੱਸਿਆ ਹੋਣ ਲੱਗੀ ਸੀ, ਹੁਣ ਨਾਲ ਨਮੂਨੀਆ ਵੀ ਹੋ ਗਿਆ। ਇਲਾਜ ਨੇ ਠੀਕ ਤਾਂ ਕਰ ਦਿੱਤਾ ਪਰ ਸਿਹਤ ਕਾਫੀ ਕਮਜੋਰ ਹੋ ਗਈ। ਬਿਮਾਰ ਹਾਲਤ ਵਿੱਚ ਵੀ ਉਹ ਪਾਰਟੀ ਦੀਆਂ ਸਰਗਰਮੀਆਂ ਵਿੱਚ ਉਸੇ ਤਰ੍ਹਾਂ ਭਾਗ ਲੈਂਦਾ ਰਿਹਾ। ਅਗਲੇ ਸਾਲ ਲਿਨ ਪਿਆਓ ਨਾਲ ਭੇੜ ਦੌਰਾਨ ਫਿਰ ਕਾਫੀ ਸੰਘਰਸ਼ਸ਼ੀਲ ਰਹਿਣਾ ਪਿਆ, ਵੱਡਾ ਮਸਲਾ ਸੀ ਸੋ ਮਾਨਸਿਕ ਤਨਾਓ ਵੀ ਹੁੰਦਾ ਹੀ ਹੈ, ਇਸ ਉਮਰ ਵਿੱਚ ਜਿੰਨਾ ਆਰਾਮ ਚਾਹੀਦਾ ਹੈ ਉਹ ਵੀ ਨਹੀਂ ਮਿਲ ਰਿਹਾ ਸੀ। ਇਸ ਸਭ ਕਾਸੇ ਦੇ ਸਿੱਟੇ ਵਜੋਂ ਸਿਹਤ ਵਿਗੜਣ ਲੱਗੀ। 1971 ਦੇ ਅੰਤ ਵਿੱਚ ਫਿਰ ਫੇਫੜਿਆਂ ਦੀ ਇਨਫੈਕਸ਼ਨ ਹੋ ਗਈ ਅਤੇ ਦਿਲ ਵੀ ਘੱਟ ਕੰਮ ਕਰਨ ਦੇ ਸੰਕੇਤ ਦੇ ਰਿਹਾ ਸੀ। ਮਾਓ ਨੇ ਦਵਾਈ ਲੈਣ ਤੋਂ ਫਿਰ ਘੌਲ ਕਰੀ ਰੱਖੀ ਪਰ 21 ਫਰਵਰੀ ਨੂੰ ਅਮਰੀਕੀ ਰਾਸ਼ਟਰਪਤੀ ਨਿਕਸਨ ਨੇ ਚੀਨ ਦੇ ਦੌਰੇ ’ਤੇ ਆਉਣਾ ਸੀ ਜੋ ਕਿ ਇੱਕ ਬਹੁਤ ਹੀ ਵੱਡਾ ਇਤਿਹਾਸਕ ਮੌਕਾ ਸੀ। ਉਸ ਦਿਨ ਤੱਕ ਠੀਕ ਹੋਣਾ ਜਰੂਰੀ ਸੀ ਇਸ ਲਈ ਦਵਾਈ ਲੈਣ ਲਈ ਸਹਿਮਤ ਹੋਣਾ ਪਿਆ। 1973 ਤੋਂ ਬਾਅਦ ਸਿਹਤ ਜਿਆਦਾ ਖਰਾਬ ਹੋਣ ਲੱਗੀ, ਸਾਹ ਔਖਾ ਰਹਿੰਦਾ ਸੀ, ਬੋਲਣ ਵਿੱਚ ਦਿੱਕਤ ਆਉਂਦੀ ਸੀ, ਨਿਗ੍ਹਾ ਕਮਜੋਰ ਹੋ ਗਈ ਸੀ, ਪਾਰਕਿੰਸਨ ਬਿਮਾਰੀ ਕਾਰਣ ਮਾਸਪੇਸ਼ੀਆਂ ਉੱਤੇ ਕੰਟਰੋਲ ਘਟ ਰਿਹਾ ਸੀ। ਪੜ੍ਹਨਾ ਮੁਸ਼ਕਿਲ ਹੋ ਜਾਣ ਕਾਰਣ ਮਾਓ ਹੁਣ ਫਿਲਮਾਂ ਦੇਖਣ ਨੂੰ ਕਾਫੀ ਸਮਾਂ ਦੇਣ ਲੱਗ

ਪਿਆ ਸੀ, ਖਾਸ ਕਰ ਮਾਰਸ਼ਲ ਆਰਟ ਵਾਲੀਆਂ ਫਿਲਮਾਂ ਉਨ੍ਹਾਂ ਨੂੰ ਪਸੰਦ ਸਨ (ਮਾਓ ਦੀ ਸਿਹਤ ਸਬੰਧੀ ਇਹ ਵੇਰਵੇ ਰੇਬੇਕਾ ਈ. ਕਾਰਲ ਦੀ ਪੁਸਤਕ 'ਮਾਓ ਜ਼ੇ-ਤੁੰਗ ਐਂਡ ਚਾਈਨਾ' ਵਿੱਚ ਦਿੱਤੇ ਗਏ ਹਨ) ਉਕਤ ਲੇਖਕਾ ਇਹ ਵੀ ਲਿਖਦੀ ਹੈ ਸਿਹਤ ਵਿਗੜਣ ਕਾਰਣ ਚਾਹੇ ਸਰੀਰ ਸਾਥ ਨਹੀਂ ਦੇ ਰਿਹਾ ਸੀ ਪਰ ਮਾਨਸਿਕ ਤੌਰ 'ਤੇ ਮਾਓ ਪੂਰੀ ਤਰ੍ਹਾਂ ਚੇਤਨ ਸੀ ਅਤੇ ਵਿਚਾਰਾਂ ਪੱਖੋਂ ਪਹਿਲਾਂ ਵਾਲੀ ਹੀ ਸਪਸ਼ਟਤਾ ਬਰਕਰਾਰ ਸੀ। ਇਸ ਕਰਕੇ ਉਹ ਪਾਰਟੀ ਮੀਟਿੰਗਾਂ ਵਿੱਚ ਉਸੇ ਤਰ੍ਹਾਂ ਸ਼ਾਮਲ ਹੁੰਦਾ ਰਿਹਾ ਅਤੇ ਵਿਦੇਸ਼ੀ ਨੁਮਾਇੰਦਿਆਂ ਨੂੰ ਮਿਲਦਾ ਰਿਹਾ। ਮਾਓ ਦੀ ਕਿਸੇ ਵਿਦੇਸ਼ ਮੁਖੀ ਨਾਲ ਸਭ ਤੋਂ ਆਖਰੀ ਮੁਲਾਕਾਤ 27 ਮਈ 1976 ਨੂੰ ਪਾਕਿਸਤਾਨ ਦੇ ਜ਼ੁਲਫ਼ਕਾਰ ਅਲੀ ਭੁੱਟੋ ਨਾਲ ਹੋਈ ਮੰਨੀ ਜਾਂਦੀ ਹੈ, ਜੋ ਜਾਤੀ ਤੌਰ 'ਤੇ ਮਾਓ ਦਾ ਵੱਡਾ ਪ੍ਰਸੰਸਕ ਸੀ।

1976 ਦਾ ਸਾਲ, ਚੀਨੀ ਰਾਜਨੀਤੀ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੇ ਆਗੂਆਂ ਦੇ ਸੰਸਾਰ ਵਿਚੋਂ ਚਲੇ ਜਾਣ ਦਾ ਸਾਲ ਸੀ। ਜਨਵਰੀ ਵਿੱਚ ਚਾਓ ਐਨ ਲਾਈ ਦਾ ਦਿਹਾਂਤ ਹੋ ਗਿਆ। ਚਾਓ ਐਨ-ਲਾਈ ਵਿੱਚ ਸਮਾਜਵਾਦੀ ਆਦਰਸ਼ਾਂ ਨੂੰ ਵਾਸਤਵਿਕ ਸਥਿਤੀਆਂ ਨਾਲ ਮੇਲ ਕੇ ਰੱਖਣ ਦੀ ਅਨੂਠੀ ਪ੍ਰਤਿਭਾ ਸੀ। ਜਦ ਪਾਰਟੀ ਇਨਕਲਾਬੀ ਜੋਸ਼ ਵਿੱਚ ਸਰਕਾਰ ਦੇ ਸਿਸਟਮ ਅਤੇ ਆਰਥਿਕਤਾ ਨੂੰ ਹਿਲਾ ਦਿੰਦੀ ਤਾਂ ਇਹ ਚਾਓ ਐਨ-ਲਾਈ ਹੀ ਹੁੰਦਾ ਸੀ ਜੋ ਉਸਨੂੰ ਮੁੜ ਲੀਹ 'ਤੇ ਲੈ ਕੇ ਆਉਂਦਾ। ਜੁਲਾਈ 1976 ਵਿੱਚ ਮਾਓ ਦੇ ਇਨਕਲਾਬੀ ਜੰਗ ਵਿੱਚ ਸਭ ਤੋਂ ਨੇੜਲੇ ਜੋੜੀਦਾਰ ਅਤੇ ਲਾਲ ਫੌਜ ਦੇ ਸੰਸਥਾਪਕ ਮਾਰਸ਼ਲ ਜ਼ੂ ਤੇਹ ਦਾ ਵੀ ਦਿਹਾਂਤ ਹੋ ਗਿਆ। ਇਸੇ ਸਾਲ ਅਪ੍ਰੈਲ ਵਿੱਚ ਚੀਨੀ ਕਮਿਊਨਿਸਟ ਪਾਰਟੀ ਦੇ ਸਭ ਤੋਂ ਵੱਡੇ ਵਿਰੋਧੀ ਰਹੇ ਚਿਆਂਗ ਕਾਈ ਸ਼ੇਕ ਦਾ ਵੀ ਤਾਇਵਾਨ ਵਿੱਚ ਅੰਤ ਹੋ ਗਿਆ ਸੀ।

.........ਅਤੇ ਇਸੇ 1976 ਦੇ 9 ਸਤੰਬਰ ਦੀ ਸ਼ਾਮ ਨੂੰ ਚੀਨ ਦੇ ਰੇਡੀਓ ਨੇ ਖ਼ਬਰ ਨਸ਼ਰ ਕੀਤੀ – 'ਚੇਅਰਮੈਨ ਮਾਓ ਦੁਨੀਆ ਤੋਂ ਵਿਛੜ ਗਏ ਹਨ'। ਇਹ ਸੱਤ ਸ਼ਬਦ ਇੱਕ ਇਨਸਾਨ ਦੀ ਮੌਤ ਤੋਂ ਬਹੁਤ ਵੱਡੀ ਸੂਚਨਾ ਦੇ ਰਹੇ ਸਨ ਕਿ ਇੱਕ ਯੁੱਗ ਦਾ ਅੰਤ ਹੋ ਗਿਆ ਹੈ, ਜਿਸ ਦਾ ਅਸਰ, ਆਉਣ ਵਾਲੇ ਸਾਲਾਂ ਵਿੱਚ, ਨਾ ਸਿਰਫ ਚੀਨ ਵਿੱਚ ਬਲਕਿ ਸਾਰੀ ਦੁਨੀਆਂ ਵਿੱਚ ਮਹਿਸੂਸ ਕੀਤਾ ਜਾਣਾ ਸੀ।

***

# ਮਾਓ ਜ਼ੇ-ਤੁੰਗ ਦਾ ਪਰਿਵਾਰ

ਕਿਸੇ ਵਿਅਕਤੀ ਦੇ ਨਿੱਜੀ ਅਤੇ ਸਮੂਹਿਕ ਜੀਵਨ ਵਿਚੋਂ ਕਮਿਊਨਿਸਟ ਅਕਸਰ ਉਸ ਦੇ ਸਮੂਹਿਕ ਜੀਵਨ ਨੂੰ ਮੁੱਖ ਰਖਦੇ ਹਨ। ਇਸ ਕਰਕੇ ਉਹ ਕਿਸੇ ਆਗੂ ਦੇ ਉਨ੍ਹਾਂ ਪੱਖਾਂ ਨੂੰ ਹੀ ਜਾਣਨਾ ਅਤੇ ਬਿਆਨਣਾ ਸਹੀ ਸਮਝਦੇ ਹਨ ਜੋ ਉਸ ਦੀਆਂ ਸਮਾਜਿਕ-ਰਾਜਨੀਤਕ ਗਤੀਵਿਧੀਆਂ ਨਾਲ ਸਬੰਧਿਤ ਹੁੰਦੇ ਹਨ। ਉਸ ਬਾਰੇ ਪਰਿਵਾਰਕ ਜਾਣਕਾਰੀ, ਉਸ ਦੀਆਂ ਭਾਵਨਾਵਾਂ, ਦਿਲਚਸਪੀਆਂ, ਵਿਅਕਤੀਗਤ ਸਬੰਧਾਂ, ਆਦਤਾਂ ਆਦਿ ਬਾਰੇ ਗੱਲ ਕਰਨੀ ਬੇਲੋੜੀ ਸਮਝਦੇ ਹਨ। ਦੂਸਰੇ ਪਾਸੇ ਜੋ ਵਪਾਰਕ ਮੀਡੀਆ ਹੈ ਉਹ ਵਿਅਕਤੀਗਤ ਪੱਖਾਂ ਨੂੰ ਹੀ ਵੱਧ ਮਹੱਤਤਾ ਦਿੰਦੇ ਹਨ ਜਿਸ ਵਿੱਚ ਪਰਿਵਾਰਕ ਪਿਛੋਕੜ, ਬੱਚਿਆਂ ਬਾਰੇ, ਦੋਸਤੀਆਂ ਖਾਸ ਕਰ ਜੇ ਉਹ ਉਲਟ ਲਿੰਗ ਨਾਲ ਹੋਣ, ਆਦਿ ਗੱਲਾਂ ਨੂੰ ਸਨਸਨੀਖੇਜ਼ ਅਤੇ ਦਿਲਚਸਪ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਮੈਨੂੰ ਜਾਪਦਾ ਹੈ ਕਿ ਮਾਓ ਵਰਗੀ ਵੱਡੀ ਸ਼ਖ਼ਸੀਅਤ ਦੇ ਪਰਿਵਾਰ ਬਾਰੇ ਜਾਣਨ ਵਿੱਚ ਵੀ ਪਾਠਕਾਂ ਦੀ ਦਿਲਚਸਪੀ ਹੋਵੇਗੀ ਕਿ ਉਸ ਦੇ ਭੈਣ ਭਾਈ, ਧੀਆਂ ਪੁੱਤਰ ਕੌਣ ਸਨ, ਕੀ ਕਰਦੇ ਸਨ, ਮਾਓ ਨਾਲ ਉਨ੍ਹਾਂ ਦੇ ਸਬੰਧ ਕਿਹੋ ਜਿਹੇ ਸਨ। ਹੁਣ ਤੱਕ ਪੰਜਾਬੀ ਵਿੱਚ ਉਸ ਦੇ ਪਰਿਵਾਰ ਬਾਰੇ ਪੜ੍ਹਨ ਨੂੰ ਨਹੀਂ ਮਿਲਿਆ ਇਸੇ ਕਰਕੇ ਮਾਓ ਦੇ ਪ੍ਰਸੰਸਕਾਂ ਵਿਚੋਂ ਵੀ ਬਹੁਤੇ ਇਹ ਨਹੀਂ ਜਾਣਦੇ ਮਾਓ ਦੇ ਦੋਹਵੇਂ ਛੋਟੇ ਭਰਾ, ਪਤਨੀ, ਵੱਡਾ ਪੁੱਤਰ, ਮਾਓ ਦੇ ਚਾਚੇ ਦੀ ਲੜਕੀ ਵੀ ਇਨਕਲਾਬ ਦੌਰਾਨ ਸ਼ਹੀਦ ਹੋਏ ਸਨ। ਇਸ ਤੋਂ ਬਿਨਾਂ ਮਾਓ ਦੀ ਸੰਤਾਨ ਵਿਚੋਂ ਕੁਝ ਬੱਚੇ ਘਰੇਲੂ ਜੰਗ ਦੌਰਾਨ ਵਿਛੜ ਗਏ ਜਾਂ ਰੁਲ ਕੇ ਮਰ ਗਏ। ਇਸ ਪੁਸਤਕ ਦੇ ਆਖਰੀ ਭਾਗ ਵਿੱਚ ਮਾਓ ਜ਼ੇ-ਤੁੰਗ ਦੀਆਂ ਕੁਝ ਜੀਵਨੀਆਂ ਬਾਰੇ ਗੱਲ ਕੀਤੀ ਗਈ ਹੈ ਕਿ ਕਿਸ ਤਰ੍ਹਾਂ ਪੱਛਮੀ ਪ੍ਰੈਸ ਵਿੱਚ ਮਾਓ ਦੇ ਵਿਅਕਤੀਗਤ ਜੀਵਨ ਨੂੰ ਬਹੁਤ ਸਨਸਨੀਖੇਜ ਬਣਾ ਕੇ ਪੇਸ਼ ਕੀਤਾ ਗਿਆ ਹੈ। ਅਜਿਹੀ ਪਹੁੰਚ ਨੂੰ ਰੱਦ ਕਰ ਕੇ ਇਥੇ ਮਾਓ ਦੇ ਪਰਿਵਾਰਕ ਮੈਂਬਰਾਂ ਬਾਰੇ ਪ੍ਰਾਪਤ ਜਾਣਕਾਰੀ ਪੇਸ਼ ਕੀਤੀ ਜਾ ਰਹੀ ਹੈ।

ਮਾਓ ਦੇ ਮਾਤਾ ਪਿਤਾ ਬਾਰੇ ਦੂਸਰੇ ਚੈਪਟਰ ਵਿੱਚ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਮਾਓ ਦੇ ਮਾਪਿਆਂ ਦੇ 7 ਬੱਚੇ (5 ਲੜਕੇ ਅਤੇ 2 ਲੜਕੀਆਂ) ਹੋਏ ਪਰ

ਤਿੰਨ ਲੜਕੇ ਹੀ ਬਚੇ ਜਿਨ੍ਹਾਂ ਵਿਚੋਂ ਮਾਓ ਸਭ ਤੋਂ ਵੱਡਾ ਸੀ।

ਦੂਸਰਾ ਭਰਾ ਮਾਓ ਜ਼ੇ-ਮਿਨ ਸੀ ਜੋ ਮਾਓ ਤੋਂ ਦੋ ਸਾਲ ਛੋਟਾ ਸੀ। ਉਹ ਮਾਓ ਦੇ ਹੀ ਪੈਰ-ਚਿੰਨ੍ਹਾਂ ਉੱਤੇ ਚਲਦਾ ਹੋਇਆ 1922 ਵਿੱਚ ਚੀਨੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਇਆ। ਉਹ ਚਾਂਗਸ਼ਾ, ਐਂਯੂਆਨ ਅਤੇ ਹੋਰ ਇਲਾਕਿਆਂ ਵਿੱਚ ਮਜਦੂਰਾਂ ਨੂੰ ਜਥੇਬੰਦ ਕਰਦਾ ਰਿਹਾ। ਉਹ ਆਰਥਿਕ ਮਾਮਲਿਆਂ ਦਾ ਮਾਹਿਰ ਸੀ ਜਿਸ ਕਰਕੇ ਉਹ ਆਜਾਦ ਕਰਵਾਏ ਇਲਾਕਿਆਂ ਦੇ ਆਰਥਿਕ ਪ੍ਰਬੰਧ ਦੀ ਜਿੰਮੇਵਾਰੀ ਸੰਭਾਲਦਾ ਰਿਹਾ। ਉਸ ਨੇ ਮਹਾਨ ਲੰਮੇ ਕੂਚ ਦੌਰਾਨ ਭੋਜਨ, ਪੈਸੇ ਅਤੇ ਹੋਰ ਵਸਤਾਂ ਦੀ ਸਪਲਾਈ ਦਾ ਕੰਮ ਸੰਭਾਲਿਆ। ਇਸ ਉਪਰੰਤ ਸਾਂਕਸ਼ੀ ਸੂਬੇ ਵਿੱਚ ਰੂੰ ਅਤੇ ਕੱਪੜੇ ਦੀ ਟਰਾਂਸਪੋਰਟ ਦਾ ਪ੍ਰਬੰਧ ਕੀਤਾ ਅਤੇ ਵਰਕਰਾਂ ਨੂੰ ਲਾਲ ਫੌਜ ਲਈ ਕੱਪੜੇ ਤਿਆਰ ਕਰਨ ਲਈ ਜਥੇਬੰਦ ਕੀਤਾ। ਅਪ੍ਰੈਲ 1937 ਵਿੱਚ ਉਹ ਲਾਲ ਇਲਾਕੇ ਨੂੰ ਛੱਡ ਕੇ ਇੱਕ ਖਾਸ ਆਰਥਿਕ ਮਿਸ਼ਨ ਲਈ ਸ਼ੰਘਾਈ ਗਿਆ। 17 ਸਤੰਬਰ 1942 ਨੂੰ ਇੱਕ ਜੰਗੀ ਸਰਦਾਰ ਸ਼ੈਂਗ ਸ਼ਿਕਾਈ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਚੀਨੀ ਕਮਿਊਨਿਸਟਾਂ ਦੀਆਂ ਯੋਜਨਾਵਾਂ ਦੇ ਭੇਤ ਲੈਣ ਅਤੇ ਕਮਿਊਨਿਸਟਾਂ ਦੇ ਵਿਰੋਧੀ ਬਿਆਨ ਦਿਵਾਉਣ ਲਈ ਦਸ ਦਿਨ ਉਸ ਨੂੰ ਤਸੀਹੇ ਦਿੰਦੇ ਰਹੇ ਪਰ ਜ਼ੇਮਿਨ ਆਪਣੇ ਸਿਦਕ 'ਤੇ ਕਾਇਮ ਰਿਹਾ। ਆਖਰ 27 ਸਤੰਬਰ 1942 ਨੂੰ ਉਸ ਨੂੰ ਗੋਲੀ ਮਾਰ ਦਿੱਤੀ ਗਈ।

ਮਾਓ ਜ਼ੇ-ਤਾਨ ਸਭ ਤੋਂ ਛੋਟਾ ਭਰਾ ਸੀ ਜੋ 18 ਸਾਲ ਦੀ ਉਮਰ ਵਿੱਚ ਹੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਿਆ। 1927 ਵਿੱਚ ਉਸ ਨੇ ਲਾਲ ਫੌਜ ਦਾ ਮੁੱਢ ਬੰਨਣ ਵਾਲੇ ਨਾਨਚਿੰਗ ਵਿਦਰੋਹ ਵਿੱਚ ਹਿੱਸਾ ਲਿਆ ਅਤੇ ਫਿਰ ਮਾਓ ਨਾਲ ਹੀ ਚਿੰਗਕਾਂਗਸ਼ਾਨ ਦੀ ਪਹਾੜੀਆਂ ਵਿੱਚ ਮੋਰਚਾ ਸੰਭਾਲ ਲਿਆ। 1935 ਤੱਕ ਉਹ ਹੂਨਾਨ ਦੇ ਲਾਲ ਇਲਾਕੇ ਵਿੱਚ ਵੱਖ ਵੱਖ ਮੋਰਚਿਆਂ 'ਤੇ ਕੰਮ ਕਰਦਾ ਰਿਹਾ। ਜਦ ਮਹਾਨ ਲੰਮਾ ਕੂਚ ਸ਼ੁਰੂ ਹੋਇਆ ਤਾਂ ਉਹ ਕੌਮਿਨਤਾਂਗ ਦੀ ਫੌਜਾਂ ਨੂੰ ਲਾਲ ਫੌਜ ਦਾ ਪਿੱਛਾ ਕਰਨ ਤੋਂ ਰੋਕ ਕੇ ਰੱਖਣ ਵਾਲੇ ਵਾਲੰਟੀਅਰਾਂ ਵਿੱਚ ਸ਼ਾਮਲ ਹੋਇਆ। ਇਹ ਮੌਤ ਸਹੇੜਨ ਵਾਲਾ ਕੰਮ ਸੀ ਕਿਉਂਕਿ ਲਾਲ ਫੌਜ ਦਾ ਮੁੱਖ ਹਿੱਸਾ ਤਾਂ ਲੰਮੇ ਕੂਚ ਲਈ ਨਿਕਲ ਗਿਆ ਸੀ। ਇਹ ਤਾਂ ਕੁਝ ਮਰਜੀਵੜੇ ਸਨ ਜਿਨ੍ਹਾਂ ਨੇ ਆਪਣੇ ਮਰਦੇ ਦਮ ਤੱਕ ਕੌਮਿਨਤਾਂਗ ਦੀ ਵਿਸ਼ਾਲ ਫੌਜ ਨੂੰ ਆਪਣੇ ਦੁਆਲੇ ਉਲਝਾ ਕੇ ਰੱਖਣਾ ਸੀ। ਸੋ ਇਨ੍ਹਾਂ ਵਿਚੋਂ ਬਹੁਤਿਆਂ ਨੇ ਮਾਰੇ ਹੀ ਜਾਣਾ ਸੀ ਅਤੇ ਮਾਓ ਜ਼ੇ-ਤਾਨ ਵੀ ਇਸ ਲੜਾਈ ਵਿੱਚ ਲੜਦਿਆਂ ਹੋਇਆਂ 29 ਸਾਲ ਦੀ ਉਮਰ ਵਿੱਚ ਸ਼ਹੀਦੀ ਪ੍ਰਾਪਤ ਕਰ ਗਿਆ।

ਮਾਓ ਜ਼ੇ-ਜੀਆਨ ਮਾਓ ਜ਼ੇ-ਤੁੰਗ ਦੇ ਚਾਚੇ ਦੀ ਲੜਕੀ ਸੀ ਜਿਸ ਨੂੰ

ਉਸ ਦੀ ਮਾਤਾ ਛੱਡ ਕੇ ਚਲੀ ਗਈ ਸੀ। ਇਸ ਕਰਕੇ ਉਹ ਮਾਓ ਦੇ ਮਾਂ ਪਿਓ ਨਾਲ ਹੀ ਰਹਿੰਦੀ ਸੀ। ਮਾਓ ਦੀ ਇਸ ਚਚੇਰੀ ਭੈਣ ਨੂੰ ਵੀ ਕੌਮਿਨਤਾਂਗੀ ਫੌਜਾਂ ਨੇ ਗ੍ਰਿਫਤਾਰ ਕਰ ਕੇ ਕਤਲ ਕਰ ਦਿੱਤਾ। ਉਸ ਵਕਤ ਉਸ ਦੀ ਉਮਰ ਕੇਵਲ 24 ਸਾਲ ਸੀ।

– 0 –

ਮਾਓ ਦਾ ਪਹਿਲਾ ਵਿਆਹ 1908 ਵਿੱਚ ਉਸ ਦੇ ਪਿਉ ਨੇ ਧੱਕੇ ਨਾਲ ਹੀ ਕਰ ਦਿੱਤਾ। ਉਸ ਵਕਤ ਮਾਓ ਕੇਵਲ 14 ਸਾਲ ਦਾ ਸੀ ਜਦ ਕਿ ਉਸ ਦੀ ਪਤਨੀ ਲਿਊ ਯੀ-ਸ਼ੀਊ 18 ਸਾਲ ਦੀ ਸੀ। ਮਾਓ ਨੂੰ ਵਿਆਹ ਦੀਆਂ ਰਸਮਾਂ ਤਾਂ ਨਿਭਾਉਣੀਆਂ ਪਈਆਂ ਪਰ ਉਸ ਨੇ ਆਪਣੀ ਇਸ ਪਤਨੀ ਨਾਲ ਕੋਈ ਰਿਸ਼ਤਾ ਨਾ ਬਣਾਇਆ ਅਤੇ ਪਿੰਡ ਛੱਡਕੇ ਪੜ੍ਹਨ ਚਲਾ ਗਿਆ। ਇਹ ਪਤਨੀ ਦੋ ਸਾਲ ਮਾਓ ਦੇ ਮਾਪਿਆਂ ਨਾਲ ਰਹਿੰਦੀ ਰਹੀ ਜਿੱਥੇ ਦਸਤਾਂ ਦੀ ਬਿਮਾਰੀ ਨਾਲ ਉਸ ਦੀ ਮੌਤ ਹੋ ਗਈ।

ਮਾਓ ਦੀ ਦੂਸਰੀ ਪਤਨੀ ਯਾਂਗ ਕਾਈ ਹੂਈ ਬਾਰੇ ਪਹਿਲਾਂ ਦੱਸਿਆ ਜਾ ਚੁੱਕਾ ਹੈ ਜੋ ਕੌਮਿਨਤਾਂਗੀਆਂ ਹੱਥੋਂ ਸ਼ਹੀਦ ਹੋ ਗਈ ਸੀ।

ਮਾਓ ਨੇ ਤੀਸਰੀ ਸ਼ਾਦੀ ਹੇ ਜ਼ੀਜ਼ੈਨ ਨਾਲ 1928 ਵਿੱਚ ਕੀਤੀ ਜੋ ਛਾਪਾਮਾਰ ਯੁੱਧ ਦੀ ਮਾਹਿਰ ਅਤੇ ਕਮਾਲ ਦੀ ਨਿਸ਼ਾਨੇਬਾਜ ਸੀ। ਉਹ ਉੱਚ ਵਰਗੀ ਪਰਿਵਾਰ ਨਾਲ ਸਬੰਧਿਤ ਸੀ ਅਤੇ ਯੌਰਪੀ ਮਿਸ਼ਨਰੀਆਂ ਵੱਲੋਂ ਚਲਾਏ ਜਾ ਰਹੇ ਇੱਕ ਸਕੂਲ ਵਿੱਚ ਪੜ੍ਹ ਰਹੀ ਸੀ। ਉਥੇ ਉਸ ਨੂੰ ਕੁਝ ਗਰਮ ਖਿਆਲੀ ਮੈਗ਼ਜ਼ੀਨ ਪੜ੍ਹਨ ਨੂੰ ਮਿਲੇ ਅਤੇ ਕੁਝ 30 ਮਈ ਦੀਆਂ ਘਟਨਾਵਾਂ ਨੇ ਅਸਰ ਪਾਇਆ ਸਿੱਟੇ ਵਜੋਂ ਉਹ ਸਿਆਸੀ ਤੌਰ 'ਤੇ ਸਰਗਰਮ ਹੋ ਗਈ। ਉਸ ਦੀ ਸਿਆਸਤ ਕਾਰਣ ਅਗਲੇ ਸਾਲ ਉਸ ਨੂੰ ਸਕੂਲ ਵਿਚੋਂ ਕੱਢ ਦਿੱਤਾ ਗਿਆ। ਇਸ ਉਪਰੰਤ ਉਹ ਔਰਤਾਂ ਅਤੇ ਕਿਸਾਨਾਂ ਨੂੰ ਜਥੇਬੰਦ ਕਰਨ ਲੱਗੀ। 1927 ਵਿੱਚ ਜਦ ਸਰਕਾਰੀ ਦਹਿਸ਼ਤ ਨੇ ਜੋਰ ਪਾਇਆ ਤਾਂ ਉਹ ਸ਼ਹਿਰੀ ਇਲਾਕੇ ਛੱਡ ਕੇ ਗੁਰੀਲਾ ਲੜਾਈ ਵਾਲੇ ਇਲਾਕਿਆਂ ਵਿੱਚ ਚਲੀ ਗਈ। ਇਥੇ ਉਹ ਲੜਾਕੂ ਵਜੋਂ ਕਾਫੀ ਚਰਚਿਤ ਹੋਈ ਕਿਉਂਕਿ ਉਹ ਘੋੜ ਸਵਾਰੀ ਕਰਦੀ ਹੋਈ ਦੋਹਵਾਂ ਹੱਥਾਂ ਨਾਲ ਰਾਈਫਲ ਚਲਾ ਲੈਂਦੀ ਸੀ। ਕਿੰਗਸ਼ਾਨ ਦੀਆਂ ਪਹਾੜੀਆਂ ਵਿੱਚ ਉਸ ਦਾ ਮਾਓ ਨਾਲ ਮੇਲ ਹੋਇਆ ਜੋ ਜਲਦੀ ਹੀ ਵਿਆਹੁਤਾ ਸਬੰਧਾਂ ਵਿੱਚ ਬਦਲ ਗਿਆ। ਇਸ ਵਿਆਹ ਤੋਂ ਉਨ੍ਹਾਂ ਦੇ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਪੈਦਾ ਹੋਈਆਂ ਪਰ ਇੱਕ ਲੜਕੀ ਲੀ ਮਿਨ ਨੂੰ ਛੱਡ ਕੇ ਬਾਕੀ ਪੰਜੇ ਬੱਚੇ ਯੁੱਧ ਦੀਆਂ ਔਖੀਆਂ ਹਾਲਤਾਂ ਵਿੱਚ ਜਾਂ ਤਾਂ ਉਨ੍ਹਾਂ ਤੋਂ ਵਿਛੜ ਗਏ ਜਾਂ ਮਰ ਗਏ। ਲੜਾਈ ਦੌਰਾਨ ਲੱਗੀ ਇੱਕ ਗੋਲੀ ਦੇ ਪੁਰਾਣੇ ਜ਼ਖ਼ਮ ਦੇ ਇਲਾਜ ਲਈ 1937 ਵਿੱਚ ਉਹ ਸੋਵੀਅਤ ਯੂਨੀਅਨ ਗਈ ਅਤੇ ਇਲਾਜ ਉਪਰੰਤ ਉਹ ਏਸ਼ੀਆਈ ਦੇਸ਼ਾਂ ਦੇ ਕਾਮਰੇਡਾਂ ਨੂੰ ਸਿੱਖਿਅਤ ਕਰਨ ਲਈ ਬਣਾਈ ਗਈ ਮਾਸਕੋ ਦੀ ਪੂਰਬੀ ਯੂਨੀਵਰਸਿਟੀ

ਵਿੱਚ ਦਾਖਲ ਹੋ ਗਈ। ਜਦ ਉਹ ਰੂਸ ਵਿੱਚ ਹੀ ਸੀ ਤਾਂ ਪਿੱਛੋਂ ਮਾਓ ਨੇ ਫਿਲਮ ਅਭਿਨੇਤਰੀ ਚਿਆਂਗ ਚਿੰਗ ਨਾਲ ਵਿਆਹ ਕਰਵਾ ਲਿਆ। ਜ਼ੀ-ਜ਼ੈਨ 1947 ਵਿੱਚ ਚੀਨ ਵਾਪਸ ਆਈ ਤਾਂ ਬਦਲੀ ਪ੍ਰਸਥਿਤੀ ਵਿੱਚ ਮਾਓ ਤੋਂ ਅਲੱਗ ਰਹਿਣ ਲੱਗੀ ਪਰ ਸਿਆਸੀ ਤੌਰ 'ਤੇ ਸਰਗਰਮ ਰਹੀ ਅਤੇ ਸੀਕਿਆਂਗ ਸੂਬੇ ਦੀ ਔਰਤ ਜਥੇਬੰਦੀ ਦੀ ਮੁਖੀ ਬਣ ਗਈ। ਉਸ ਦਾ ਦਿਹਾਂਤ 1984 ਵਿੱਚ ਸ਼ੰਘਾਈ ਵਿਖੇ ਹੋਇਆ।

ਮਾਓ ਦੀ ਚੌਥੀ ਪਤਨੀ ਚਿਆਂਗ ਚਿੰਗ ਦਾ ਜਨਮ 19 ਮਾਰਚ 1914 ਨੂੰ ਹੋਇਆ। ਉਸ ਵਿੱਚ ਐਕਟਿੰਗ ਦੀ ਬਹੁਤ ਪ੍ਰਤਿਭਾ ਸੀ ਜਿਸ ਕਰਕੇ ਛੋਟੀ ਉਮਰ ਵਿੱਚ ਹੀ ਉਹ ਨਾਟਕਾਂ ਵਿੱਚ ਹਿੱਸਾ ਲੈਣ ਲੱਗੀ। 1931 ਵਿੱਚ ਉਹ ਯੂ ਕਵਾਈ ਨੂੰ ਮਿਲੀ ਜੋ ਕਮਿਊਨਿਸਟ ਪਾਰਟੀ ਦੇ ਪ੍ਰਾਪੇਗੰਡਾ ਵਿਭਾਗ ਦਾ ਮੈਂਬਰ ਸੀ। ਉਹ ਉਸ ਦੇ ਨਾਲ ਰਹਿਣ ਲੱਗੀ ਅਤੇ ਕਮਿਊਨਿਸਟ ਕਲਚਰਲ ਫਰੰਟ ਦੀ ਮੈਂਬਰ ਬਣ ਕੇ ਥੀਏਟਰ ਦਾ ਕੰਮ ਕਰਨ ਲੱਗੀ। 1933 ਵਿੱਚ ਉਹ ਚੀਨੀ ਕਮਿਊਨਿਸਟ ਪਾਰਟੀ ਦੀ ਬਕਾਇਦਾ ਮੈਂਬਰ ਬਣ ਗਈ। ਉਸ ਦੀਆਂ ਸਿਆਸੀ ਸਰਗਰਮੀਆਂ ਕਾਰਣ ਉਸ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਜਿਥੋਂ ਤਿੰਨ ਮਹੀਨੇ ਬਾਅਦ ਰਿਹਾ ਕੀਤਾ ਗਿਆ। ਇਸ ਤੋਂ ਬਾਅਦ ਉਹ ਸ਼ੰਘਾਈ ਆ ਗਈ ਅਤੇ ਨਾਟਕਾਂ ਦੇ ਨਾਲ ਨਾਲ ਫਿਲਮਾਂ ਵਿੱਚ ਕੰਮ ਕਰਨ ਲੱਗੀ। 1937 ਵਿੱਚ ਸ਼ੰਘਾਈ ਉੱਤੇ ਹੋਏ ਜਾਪਾਨੀ ਹਮਲੇ ਉਪਰੰਤ ਉਹ ਫਿਲਮੀ ਨਾਇਕਾ ਵਾਲੀ ਜ਼ਿੰਦਗੀ ਛੱਡ ਕੇ ਯੇਨਾਨ ਦੇ ਲਾਲ ਇਲਾਕੇ ਵਿੱਚ ਆ ਗਈ। ਇਥੇ ਉਹ ਕਮਿਊਨਿਸਟਾਂ ਵੱਲੋਂ ਨਵੀਂ ਸਥਾਪਿਤ ਕੀਤੀ ਲੂ-ਸ਼ੁਨ ਅਕੈਡਮੀ ਦੇ ਡਰਾਮਾ ਵਿਭਾਗ ਵਿੱਚ ਅਧਿਆਪਕ ਅਤੇ ਕਲਾਕਾਰ ਦੋਹਾਂ ਰੂਪਾਂ ਵਿੱਚ ਕੰਮ ਕਰਨ ਲੱਗੀ।

ਇਥੇ ਆਉਣ 'ਤੇ ਜਲਦੀ ਹੀ ਉਸ ਦੀ ਮਾਓ ਨਾਲ ਨੇੜਤਾ ਬਣ ਗਈ। ਇਸ ਨਾਲ ਪਾਰਟੀ ਵਿੱਚ ਰੱਫੜ ਪੈ ਗਿਆ ਕਿਉਂਕਿ ਮਾਓ ਪਹਿਲਾਂ ਹੀ ਹੋ ਜ਼ੀਜ਼ੈਨ ਨਾਲ ਸ਼ਾਦੀਸ਼ੁਦਾ ਸੀ ਅਤੇ ਜ਼ੀਜ਼ੈਨ ਕੋਈ ਸਾਧਾਰਣ ਔਰਤ ਨਹੀਂ ਸੀ। ਉਹ ਇੱਕ ਸਮਰਪਿਤ ਕਮਿਊਨਿਸਟ, ਹਥਿਆਰਬੰਦ ਗੁਰੀਲਾ ਲੜਾਈ ਦੀ ਮਾਹਿਰ ਅਤੇ ਸਾਰੇ ਲੌਂਗ ਮਾਰਚ ਦੌਰਾਨ ਮਾਓ ਦੀ ਸਾਥਣ ਰਹੀ ਸੀ। ਉਸ ਸਮੇਂ ਵੀ ਉਹ ਲੜਾਈ ਦੌਰਾਨ ਮਿਲੇ ਜ਼ਖ਼ਮ ਦਾ ਇਲਾਜ ਕਰਵਾਉਣ ਹੀ ਰੂਸ ਗਈ ਹੋਈ ਸੀ। ਇਸ ਤੋਂ ਇਲਾਵਾ ਮਾਓ ਅਤੇ ਚਿਆਂਗ ਦੀ ਉਮਰ ਦਾ ਵੀ ਫਰਕ ਸੀ ਅਤੇ ਆਪਣੇ ਫਿਲਮੀ ਸਮੇਂ ਦੌਰਾਨ ਉਹ ਬੁਰਜੂਆ ਸ਼ੈਲੀ ਵਿੱਚ ਜੀਵਨ ਜਿਉਂਦੀ ਰਹੀ ਸੀ। ਪਰ ਮਾਓ ਨੇ ਦੂਸਰੇ ਵੱਡੇ ਆਗੂਆਂ ਨੂੰ ਮਨਾ ਹੀ ਲਿਆ ਅਤੇ ਪਾਰਟੀ ਤੋਂ ਉਸ ਨਾਲ ਵਿਆਹ ਕਰਵਾਉਣ ਦੀ ਇਜਾਜ਼ਤ ਲੈ ਲਈ। ਪਾਰਟੀ ਨੇ ਇਸ ਵਿਆਹ ਲਈ ਇੱਕ ਸ਼ਰਤ ਲਗਾਈ ਕਿ ਚਿਆਂਗ 30 ਸਾਲ ਪਾਰਟੀ ਦੀ ਸਰਗਰਮ ਸਿਆਸਤ ਵਿੱਚ ਹਿੱਸਾ ਨਹੀਂ ਲਵੇਗੀ ਅਤੇ ਜਨਤਕ ਮੰਚਾਂ

ਉੱਤੇ ਮਾਓ ਨਾਲ ਖੜ੍ਹੀ ਨਹੀਂ ਹੋਵੇਗੀ। ਚਿਆਂਗ ਨੇ ਇਸ ਲਈ ਸਹਿਮਤੀ ਦੇ ਦਿੱਤੀ ਅਤੇ ਬਹੁਤ ਹੱਦ ਤੱਕ ਇਸ ਦੀ ਪਾਲਣਾ ਵੀ ਕੀਤੀ। ਪਰ ਉਹ ਸਭਿਆਚਾਰਕ ਫਰੰਟ 'ਤੇ ਕੰਮ ਕਰਦੀ ਰਹੀ। ਪਾਰਟੀ ਦੀ ਸਰਗਰਮ ਸਿਆਸਤ ਵਿੱਚ ਉਹ ਸਭਿਆਚਾਰਕ ਇਨਕਲਾਬ ਦੌਰਾਨ ਹੀ ਜੋਰਦਾਰ ਢੰਗ ਨਾਲ ਸ਼ਾਮਲ ਹੋਈ ਪਰ ਤਦ ਤੀਕ ਪਾਰਟੀ ਨਾਲ ਸਮਝੌਤੇ ਦੇ 30 ਸਾਲ ਪੂਰੇ ਹੋ ਚੁੱਕੇ ਸਨ।

ਇਸ ਤਰ੍ਹਾਂ 28 ਨਵੰਬਰ 1938 ਨੂੰ ਇੱਕ ਸਾਦਾ ਰਸਮ ਰਾਹੀਂ ਮਾਓ ਅਤੇ ਚਿਆਂਗ ਚਿੰਗ ਦਾ ਵਿਆਹ ਹੋ ਗਿਆ ਜਿਸ ਤੋਂ 1940 ਵਿੱਚ ਉਨ੍ਹਾਂ ਦੀ ਇਕੋ ਪੁਤਰੀ ਲੀ ਨਾ ਦਾ ਜਨਮ ਹੋਇਆ। ਚੀਨ ਦੀ ਕਮਿਊਨਿਸਟ ਰਾਜਨੀਤੀ ਵਿੱਚ ਚਿਆਂਗ ਚਿੰਗ ਬਹੁਤ ਵਿਵਾਦ ਪੂਰਨ ਸ਼ਖ਼ਸੀਅਤ ਸੀ। ਸਭਿਆਚਾਰਕ ਇਨਕਲਾਬ ਦੌਰਾਨ ਚਿਆਂਗ ਚਿੰਗ ਮੋਹਰੀ ਆਗੂ ਸੀ ਇਸੇ ਕਰਕੇ ਜਦ ਮਾਓ ਦੇ ਦਿਹਾਂਤ ਤੋਂ ਬਾਅਦ ਡੈਂਗ ਜ਼ਿਆਓ ਪਿੰਗ ਦਾ ਗਰੁੱਪ ਕਮਿਊਨਿਸਟ ਪਾਰਟੀ ਉੱਤੇ ਕਾਬਜ ਹੋਇਆ ਤਾਂ ਚਿਆਂਗ ਚਿੰਗ ਨੂੰ ਗ੍ਰਿਫਤਾਰ ਕਰਕੇ ਉਸ ਉੱਤੇ ਸਭਿਆਚਾਰਕ ਇਨਕਲਾਬ ਦੌਰਾਨ ਵਧੀਕੀਆਂ ਕਰਨ ਦਾ ਮੁਕੱਦਮਾ ਚਲਾਇਆ ਗਿਆ। ਉਸ ਨੂੰ ਪਹਿਲਾਂ ਸਜਾਏ ਮੌਤ ਦਿੱਤੀ ਗਈ ਜੋ ਬਾਅਦ ਵਿੱਚ ਉਮਰ ਕੈਦ ਵਿੱਚ ਬਦਲ ਦਿੱਤੀ ਗਈ। ਜੇਲ੍ਹ ਦੌਰਾਨ ਉਸ ਨੂੰ ਗਲੇ ਦਾ ਕੈਂਸਰ ਹੋ ਗਿਆ ਅਤੇ 1991 ਵਿੱਚ ਉਸ ਨੂੰ ਸਿਹਤ ਦੇ ਆਧਾਰ 'ਤੇ ਰਿਹਾ ਕਰ ਦਿੱਤਾ ਗਿਆ। ਪਰ 14 ਮਈ 1991 ਨੂੰ ਉਸ ਨੇ ਹਸਪਤਾਲ ਦੇ ਗੁਸਲਖਾਨੇ ਵਿੱਚ ਫਾਹਾ ਲੈ ਕੇ ਖ਼ੁਦਕਸ਼ੀ ਕਰ ਲਈ। ਆਪਣੇ ਖ਼ੁਦਕਸ਼ੀ ਨੋਟ ਵਿੱਚ ਉਸ ਨੇ ਲਿਖਿਆ, 'ਚੀਨੀ ਇਨਕਲਾਬ ਨੂੰ ਡੈਂਗ ਜ਼ਿਆਓ ਪਿੰਗ ਅਤੇ ਉਸ ਦੇ ਸਾਥੀਆਂ ਦੇ ਸੋਧਵਾਦੀ ਗਰੁੱਪ ਨੇ ਅਗਵਾ ਕਰ ਲਿਆ ਹੈ ਜਿਸ ਦੇ ਸਿੱਟੇ ਵਜੋਂ ਚੀਨੀ ਲੋਕਾਂ ਅਤੇ ਦੇਸ਼ ਉੱਤੇ ਨਾ ਮੁੱਕਣ ਵਾਲੀਆਂ ਬੁਰਾਈਆਂ ਦਾ ਬੋਝ ਪੈ ਗਿਆ ਹੈ। ਚੇਅਰਮੈਨ, ਤੁਹਾਡੀ ਵਿਦਿਆਰਥਣ ਅਤੇ ਲੜਾਕੂ ਸਾਥਣ ਤੁਹਾਡੇ ਕੋਲ ਆ ਰਹੀ ਹੈ।'

## ਪੁੱਤਰ ਅਤੇ ਧੀਆਂ

ਮਾਓ ਐਨੀਇੰਗ ਮਾਓ ਦਾ ਵੱਡਾ ਪੁੱਤਰ ਸੀ। ਉਹ ਅਜੇ ਅੱਠ ਸਾਲ ਦਾ ਸੀ ਜਦ ਉਸ ਦੀ ਮਾਂ ਯਾਂਗ ਕਾਈ ਹੂਈ ਨੂੰ ਐਨੀਇੰਗ ਸਮੇਤ ਕੌਮਿਨਤਾਂਗ ਨੇ ਗ੍ਰਿਫਤਾਰ ਕਰ ਲਿਆ ਅਤੇ ਤਸੀਹੇ ਦੇਣ ਉਪਰੰਤ ਉਸ ਨੂੰ ਗੋਲੀ ਮਾਰ ਦਿੱਤੀ ਗਈ। ਕਾਈ ਹੂਈ ਨੂੰ ਗੋਲੀ ਮਾਰਨ ਸਮੇਂ ਉਸ ਨੂੰ ਸਾਹਮਣੇ ਖੜ੍ਹਾ ਕੀਤਾ ਗਿਆ ਤਾਂ ਜੋ ਉਸ ਨੂੰ ਆਪਣੀ ਮਾਂ ਦਾ ਮਰਨਾ ਦਿਖਾ ਕੇ ਡਰ ਪਾਇਆ ਜਾਵੇ। ਕਾਈ ਹੂਈ ਨੂੰ ਮਾਰਨ ਬਾਅਦ ਉਨ੍ਹਾਂ ਦੋਵਾਂ ਭਰਾਵਾਂ ਨੂੰ ਛੱਡ ਦਿੱਤਾ ਗਿਆ ਜਿਥੋਂ ਸ਼ੰਘਾਈ ਦੇ ਇੱਕ

ਕਮਿਊਨਿਸਟ ਕਾਰਕੁੰਨ ਨੇ ਸੰਭਾਲ ਲਿਆ ਅਤੇ ਉਥੇ ਪੜ੍ਹਨ ਲਾ ਦਿੱਤੇ। ਬਾਅਦ ਵਿੱਚ ਉਹ ਸੋਵੀਅਤ ਰੂਸ ਵਿਖੇ ਟ੍ਰੇਨਿੰਗ ਲਈ ਚਲੇ ਗਏ ਅਤੇ ਦੂਜੀ ਸੰਸਾਰ ਜੰਗ ਦੌਰਾਨ ਰੂਸ ਦੀ ਲਾਲ ਫੌਜ ਵਿੱਚ ਭਰਤੀ ਹੋ ਗਏ। ਐਨੀਇੰਗ ਨੇ ਤੋਪਖਾਨੇ ਦੇ ਅਫਸਰ ਵਜੋਂ ਪੋਲੈਂਡ ਵਿੱਚ ਜਰਮਨਾਂ ਖਿਲਾਫ਼ ਲੜਾਈ ਵਿੱਚ ਹਿੱਸਾ ਲਿਆ। 1947 ਵਿੱਚ ਉਹ ਚੀਨ ਵਾਪਸ ਆ ਗਿਆ ਅਤੇ 1949 ਵਿੱਚ ਉਸ ਨੇ ਲੀਊ ਸੌਂਗਲਿਨ ਨਾਲ ਸ਼ਾਦੀ ਕਰ ਲਈ। ਪਰ ਉਸ ਦਾ ਇਹ ਵਿਆਹੁਤਾ ਜੀਵਨ ਲੰਮਾ ਨਾ ਚੱਲਿਆ ਅਤੇ ਅਗਲੇ ਸਾਲ ਹੀ ਉਹ ਕੋਰੀਆ ਦੀ ਜੰਗ ਵਿੱਚ ਚੀਨੀ ਜਨਰਲ ਪੈਂਗ ਤੇ-ਹੂਈ ਦੇ ਸਕੱਤਰ ਵਜੋਂ ਕੋਰੀਆ ਚਲਾ ਗਿਆ ਜਿੱਥੇ 24 ਨਵੰਬਰ 1950 ਨੂੰ ਅਮਰੀਕੀ ਬੰਬਾਰਾਂ ਵੱਲੋਂ ਕੀਤੇ ਇੱਕ ਹਮਲੇ ਵਿੱਚ ਉਹ ਮਾਰਿਆ ਗਿਆ।

ਐਨੀਇੰਗ ਦੀ ਵਿਧਵਾ ਲੀਊ ਸੌਂਗਲਿਨ 1955 ਵਿੱਚ ਪੜ੍ਹਨ ਲਈ ਮਾਸਕੋ ਚਲੀ ਗਈ ਜਿਥੋਂ ਉਸ ਨੇ ਗਣਿਤ ਵਿਸ਼ੇ ਨਾਲ ਡਿਗਰੀ ਹਾਸਲ ਕੀਤੀ ਅਤੇ ਵਾਪਸ ਆ ਕੇ ਚੀਨੀ ਫੌਜ ਵਿੱਚ ਨੌਕਰੀ ਕਰਨ ਲੱਗੀ ਜਿਸ ਦੌਰਾਨ ਉਸ ਨੇ ਫੌਜ ਦੇ ਇੱਕ ਛੋਟੇ ਅਫ਼ਸਰ ਨਾਲ ਸ਼ਾਦੀ ਕਰ ਲਈ।

ਜਦ ਲੀਊ ਸੌਂਗਲਿਨ ਰੂਸ ਵਿੱਚ ਪੜ੍ਹ ਰਹੀ ਸੀ ਤਾਂ ਉਸ ਸਮੇਂ ਦਾ ਮਾਓ ਵੱਲੋਂ ਉਸ ਨੂੰ ਲਿਖਿਆ ਇੱਕ ਖ਼ਤ ਮਿਲਦਾ ਹੈ ਜਿਸ ਤੋਂ ਲੀਊ ਨੂੰ ਚੀਨ ਨਾਲ ਜੁੜੇ ਰਹਿਣ ਦੀ ਨਸੀਹਤ ਦੇਣ ਦੇ ਨਾਲ ਨਾਲ ਮਾਓ ਦਾ ਇੱਕ ਸਾਧਾਰਣ ਬਾਪ ਵਾਲਾ ਪਰਿਵਾਰਕ ਮੋਹ ਦੇਖਿਆ ਜਾ ਸਕਦਾ ਹੈ। –

*ਮੇਰੇ ਪਿਆਰੇ ਬੱਚੇ,*

*ਮੈਨੂੰ ਤੇਰੇ ਸਾਰੇ ਪੱਤਰ ਮਿਲ ਗਏ ਹਨ। ਮੈਂ ਆਸ ਕਰਦਾ ਹਾਂ ਕਿ ਤੂੰ ਆਪਣੀਂ ਸਿਹਤ ਦਾ ਖਿਆਲ ਰੱਖੇਂਗੀ ਤਾਂ ਜੋ ਬਿਮਾਰੀ ਵਗੈਰਾ ਦੂਰ ਰਹਿ ਸਕੇ ਅਤੇ ਤੂੰ ਆਪਣੀ ਪੜ੍ਹਾਈ ਚੰਗੀ ਤਰ੍ਹਾਂ ਕਰ ਸਕੇਂ। ਅਸੀਂ ਸਾਰੇ ਠੀਕ ਠਾਕ ਹਾਂ ਅਤੇ ਸਾਡੇ ਬਾਰੇ ਕੋਈ ਫਿਕਰ ਕਰਨ ਦੀ ਲੋੜ ਨਹੀਂ। ਆਪਣੇ ਦੇਸ਼ ਵਿੱਚ ਹੁਣ ਸਮਾਜਵਾਦ ਦਾ ਉਭਾਰ ਆ ਰਿਹਾ ਹੈ। ਕੀ ਤੈਨੂੰ ਸਾਡੇ ਅਖ਼ਬਾਰ ਮਿਲਦੇ ਹਨ? ਤੈਨੂੰ ਕੁਝ ਅਖ਼ਬਾਰ ਜ਼ਰੂਰ ਹਾਸਲ ਕਰਨੇ ਚਾਹੀਦੇ ਹਨ ਤਾਂ ਜੋ ਤੂੰ ਚੀਨ ਦੇ ਹਾਲਾਤ ਤੋਂ ਜਾਣੂ ਰਹੇਂ। ਆਪਣੇ ਦੇਸ਼ ਦੀ ਸਥਿਤੀ ਤੋਂ ਟੁੱਟ ਨਾ ਜਾਵੀਂ।*

*ਮੇਰੀਆਂ ਸ਼ੁਭ ਇੱਛਾਵਾਂ*

(ਇਹ ਖ਼ਤ 14 ਫਰਵਰੀ 1956 ਨੂੰ ਲਿਖਿਆ ਗਿਆ ਅਤੇ ਐਮ.ਈ. ਸ਼ਾਰਪੇ ਪ੍ਰਕਾਸ਼ਨ, ਅਰਮੌਂਕ, ਨਿਊਯਾਰਕ ਵੱਲੋਂ ਛਾਪੀ ਗਈ ਅੰਗਰੇਜ਼ੀ ਪੁਸਤਕ The Writings of Mao Zedong 1949-1976 Vol.II ਵਿੱਚ ਸਫਾ 23 ਤੇ ਸ਼ਾਮਲ ਹੈ)

ਮਾਓ ਐਨਕਿੰਗ ਮਾਓ ਜ਼ੇ ਤੁੰਗ ਅਤੇ ਯਾਂਗ ਕਾਈ ਹੂਈ ਦਾ ਦੂਸਰਾ

ਪੁੱਤਰ ਸੀ ਜਿਸ ਦਾ ਜਨਮ 23 ਨਵੰਬਰ 1923 ਨੂੰ ਹੋਇਆ। ਇਹ ਜਿਆਦਾਤਰ ਆਪਣੇ ਵੱਡੇ ਭਰਾ ਮਾਓ ਐਨੀਇੰਗ ਦੇ ਨਾਲ ਹੀ ਰਿਹਾ। ਉਸ ਦੇ ਨਾਲ ਹੀ ਇਸ ਨੇ ਸੋਵੀਅਤ ਰੂਸ ਵਿਚੋਂ ਟ੍ਰੇਨਿੰਗ ਹਾਸਲ ਕੀਤੀ ਅਤੇ ਨਾਜ਼ੀਆਂ ਖਿਲਾਫ਼ ਸੰਸਾਰ ਜੰਗ ਵਿੱਚ ਹਿੱਸਾ ਲਿਆ। ਪਰ ਇਹ ਸਮੇਂ ਸਮੇਂ 'ਤੇ ਮਾਨਸਿਕ ਬਿਮਾਰੀ ਸਕੀਜ਼ੋਫਰੇਨੀਆ ਦਾ ਸ਼ਿਕਾਰ ਹੋ ਜਾਂਦਾ ਸੀ ਇਸ ਕਰਕੇ ਸਿਆਸੀ ਤੌਰ ਉੱਤੇ ਬਹੁਤਾ ਸਰਗਰਮ ਨਹੀਂ ਹੋਇਆ। ਉਂਜ ਬੌਧਿਕ ਤੌਰ 'ਤੇ ਤੇਜ ਸੀ , ਅਕੈਡਮੀ ਆਫ਼ ਮਿਲਟਰੀ ਸਾਇੰਸਜ਼ ਵਿੱਚ ਖੋਜਕਾਰ ਵਜੋਂ ਕੰਮ ਕਰਦਾ ਰਿਹਾ, ਰੂਸੀ ਵਿਚੋਂ ਬਹੁਤ ਸਾਰੀਆਂ ਪੁਸਤਕਾਂ ਚੀਨੀ ਵਿੱਚ ਅਨੁਵਾਦ ਕੀਤੀਆਂ ਅਤੇ ਖ਼ੁਦ ਵੀ ਕਈ ਪੁਸਤਕਾਂ ਲਿਖੀਆਂ। ਸਤੰਬਰ 1960 ਵਿੱਚ ਇਸ ਨੇ ਸ਼ਾਓ ਹੂਆ ਨਾਲ ਸ਼ਾਦੀ ਕੀਤੀ ਜੋ ਚੀਨੀ ਫੌਜ ਵਿੱਚ ਮੇਜਰ ਜਨਰਲ ਦੇ ਪਦ 'ਤੇ ਸੀ। ਇਸ ਜੋੜੀ ਦੇ 1970 ਵਿੱਚ ਇੱਕ ਲੜਕਾ ਮਾਓ ਜ਼ਿਨਯੂ ਪੈਦਾ ਹੋਇਆ। 23 ਮਾਰਚ 2007 ਨੂੰ ਐਨੀਕਿੰਗ ਦਾ ਦਿਹਾਂਤ ਹੋ ਗਿਆ।

ਲੀ ਮਿਨ ਦਾ ਜਨਮ 1936 ਵਿੱਚ ਹੋਇਆ। ਮਾਓ ਜ਼ੇ ਤੁੰਗ ਅਤੇ ਉਸ ਦੀ ਤੀਸਰੀ ਪਤਨੀ ਹੇ ਜ਼ੀਜ਼ੈਨ ਦੇ ਪੰਜ ਬੱਚਿਆਂ ਵਿਚੋਂ ਕੇਵਲ ਇਹ ਲੜਕੀ ਹੀ ਬਚ ਸਕੀ ਸੀ, ਬਾਕੀ ਬੱਚੇ ਘਰੇਲੂ ਜੰਗ ਦੀਆਂ ਕਠਿਨ ਹਾਲਤਾਂ ਮਰ ਗਏ ਜਾਂ ਵਿਛੜ ਗਏ ਜਿਨ੍ਹਾਂ ਦਾ ਬਾਅਦ ਵਿੱਚ ਕੋਈ ਥਹੁ ਪਤਾ ਨਾ ਲੱਗਿਆ। ਲੀ ਮਿਨ ਚੀਨੀ ਕਮਿਊਨਿਸਟ ਪਾਰਟੀ ਵਿੱਚ ਸਰਗਰਮੀ ਨਾਲ ਕੰਮ ਕਰਦੀ ਰਹੀ।

ਲੀ ਨਾ ਦਾ ਜਨਮ ਮਾਓ ਦੀ ਪਤਨੀ ਚਿਆਂਗ ਚਿੰਗ ਦੀ ਕੁੱਖੋਂ ਅਗਸਤ 1940 ਵਿੱਚ ਹੋਇਆ। ਇਨ੍ਹਾਂ ਦੋਵਾਂ ਭੈਣਾਂ ਦਾ ਨਾਂ ਮਾਓ ਦੀ ਬਜਾਏ ਲੀ ਨਾਲ ਸ਼ੁਰੂ ਹੁੰਦਾ ਹੈ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਮਾਓ ਜ਼ੇ ਤੁੰਗ ਆਪਣੇ ਗੁਪਤ ਨਾਮ ਲੀ ਦੇਸ਼ਿੰਗ ਨਾਲ ਵਿਚਰ ਰਿਹਾ ਸੀ। ਇਸ ਨੇ ਬੀਜ਼ਿੰਗ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵਿਚੋਂ ਗਰੈਜੂਏਸ਼ਨ ਕੀਤੀ ਅਤੇ ਚੀਨੀ ਫੌਜ ਦੇ ਅਖ਼ਬਾਰ ਵਿੱਚ ਕੰਮ ਕਰਦੀ ਰਹੀ। 1973 ਵਿੱਚ ਉਹ ਚੀਨੀ ਕਮਿਊਨਿਸਟ ਪਾਰਟੀ ਦੀ ਦਸਵੀਂ ਕਾਂਗਰਸ ਲਈ ਚੁਣੀ ਗਈ ਅਤੇ ਬਾਅਦ ਵਿੱਚ ਪਾਰਟੀ ਦੀ ਬੀਜ਼ਿੰਗ ਸ਼ਾਖਾ ਡਿਪਟੀ ਸਕੱਤਰ ਰਹੀ। ਚਾਹੇ ਡੈਂਗ ਜ਼ਿਆਓ ਪਿੰਗ ਦੇ ਸੱਤਾ ਵਿੱਚ ਆਉਣ ਨਾਲ ਇਸ ਦੀ ਮਾਤਾ ਚਿਆਂਗ ਚਿੰਗ ਦਾ ਸਿਆਸੀ ਕੈਰੀਅਰ ਖਤਮ ਹੋ ਗਿਆ ਪਰ ਲੀ ਨਾ ਬਾਰੇ ਸੂਚਨਾ ਮਿਲਦੀ ਹੈ ਕਿ ਉਹ 2003 ਵਿੱਚ ਵੀ ਚੀਨ ਦੀ ਸਿਆਸੀ ਸਲਾਹਕਾਰ ਕਮੇਟੀ ਦੀ ਮੈਂਬਰ ਸੀ।

ਮਾਓ ਜ਼ਿਨਯੂ 17 ਜਨਵਰੀ 1970 ਨੂੰ ਜਨਮਿਆ ਮਾਓ ਦਾ ਪੋਤਰਾ ਹੈ। ਇਸ ਨੇ ਅਕੈਡਮੀ ਆਫ਼ ਮਿਲਟਰੀ ਸਾਇੰਸ ਤੋਂ ਡਾਕਟ੍ਰੇਟ ਕੀਤੀ ਅਤੇ ਬਾਅਦ ਵਿੱਚ ਫੌਜ ਵਿੱਚ ਮੇਜਰ ਜਨਰਲ ਦੇ ਪਦ 'ਤੇ ਕੰਮ ਕਰ੍ਦਾ ਰਿਹਾ। ਸਤੰਬਰ 2011 ਤੋਂ ਗੁਆਂਗਜ਼ੂ ਯੂਨੀਵਰਸਿਟੀ ਵਿੱਚ ਮਾਓ ਜ਼ੇ ਤੁੰਗ ਵਿਚਾਰਧਾਰਾ ਪੜ੍ਹਾ ਰਿਹਾ ਹੈ। ਚੀਨੀ

ਸਰਕਾਰ ਦੀ ਸਿਆਸੀ ਸਲਾਹਕਾਰ ਕਾਨਫਰੰਸ ਦੀ ਕੌਮੀ ਕਮੇਟੀ ਦਾ ਮੈਂਬਰ ਹੈ। ਬੌਧਿਕ ਖੇਤਰ ਵਿੱਚ ਕਾਫੀ ਸਰਗਰਮ ਹੈ, ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਜਿਨ੍ਹਾਂ ਵਿੱਚੋਂ ਮਾਓ ਬਾਰੇ ਲਿਖੀ ਪੁਸਤਕ – *ਬਾਬਾ ਮਾਓ ਜ਼ੇਤੁੰਗ* 2003 ਵਿੱਚ ਪ੍ਰਕਾਸ਼ਿਤ ਹੋਈ ਹੈ। ਉਹ ਮਾਓ ਜ਼ੇ ਤੁੰਗ ਦਾ ਵੱਡਾ ਪ੍ਰਸੰਸਕ ਹੈ ਪਰ 2013 ਵਿੱਚ ਮਾਓ ਬਾਰੇ ਇੱਕ ਇੰਟਰਵਿਊ ਵਿੱਚ ਉਸ ਨੇ ਆਪਣੇ ਵਿਚਾਰਾਂ ਨੂੰ ਸੰਤੁਲਿਤ ਢੰਗ ਨਾਲ ਪੇਸ਼ ਕਰਦੇ ਹੋਏ ਕਿਹਾ, "ਮੇਰੇ ਦਾਦੇ ਸਮੇਤ ਬਹੁਤ ਸਾਰੇ ਲੋਕਾਂ ਨੂੰ ਪੂਜਾ ਸਥਾਨ 'ਤੇ ਖੜ੍ਹਾ ਕਰ ਦਿੱਤਾ ਗਿਆ। ਪਰ ਹੁਣ ਉਨ੍ਹਾਂ ਨੂੰ ਵਾਪਸ ਅਸਲ ਇਨਸਾਨਾਂ ਵਿੱਚ ਬਦਲ ਕੇ ਹੀ ਠੀਕ ਤਰ੍ਹਾਂ ਨਾਲ ਸਮਝਿਆ ਜਾ ਸਕਦਾ ਹੈ ਅਤੇ ਲੋਕ ਫਿਰ ਹੀ ਉਨ੍ਹਾਂ ਤੋਂ ਸਿੱਖਣਗੇ। ਮੇਰੇ ਬਾਬੇ ਦੇ ਮਰਨ ਤੋਂ ਬਾਅਦ ਦੇ 37 ਸਾਲਾਂ ਵਿੱਚ ਬਹੁਤ ਤਬਦੀਲੀਆਂ ਹੋਈਆਂ ਹਨ ਪਰ ਉਨ੍ਹਾਂ ਦੀ ਵਿਚਾਰਧਾਰਾ ਦਾ ਮਹੱਤਵ ਉਸੇ ਤਰ੍ਹਾਂ ਕਾਇਮ ਹੈ। *(ਟੈਲੀਗ੍ਰਾਫ਼ ਅਖ਼ਬਾਰ ਦੇ ਪੱਤਰਕਾਰ ਮੈਲਕਮ ਮੂਰ ਦੀ 7 ਮਾਰਚ 2013 ਨੂੰ ਬੀਜ਼ਿੰਗ ਤੋਂ ਭੇਜੀ ਰਿਪੋਰਟ)*

ਮਾਓ ਜ਼ੇ ਤੁੰਗ ਦਾ ਭਤੀਜਾ **ਮਾਓ ਯੂਆਨਸ਼ਿਨ** ਇਨਕਲਾਬੀ ਜੰਗ ਵਿੱਚ ਮਾਰੇ ਗਏ ਮਾਓ ਦੇ ਛੋਟੇ ਭਰਾ ਮਾਓ ਜ਼ੇਮਿਨ ਦਾ ਪੁੱਤਰ ਹੈ। ਜ਼ੇਮਿਨ ਦੀ ਵਿਧਵਾ ਵੱਲੋਂ ਮੁੜ ਵਿਆਹ ਕਰਵਾ ਲੈਣ ਉਪਰੰਤ ਯੂਆਨਸ਼ਿਨ ਮਾਓ ਹੋਰਾਂ ਦੇ ਪਰਿਵਾਰ ਨਾਲ ਹੀ ਰਿਹਾ ਅਤੇ ਮਾਓ ਜ਼ੇਤੁੰਗ ਦਾ ਖਾਸ ਵਿਸ਼ਵਾਸ਼ਪਾਤਰ ਸੀ। ਮਾਓ ਦੇ ਅਖੀਰਲੇ ਸਮਿਆਂ ਵਿੱਚ ਜਦ ਮਾਓ ਜਿਆਦਾ ਬਿਮਾਰ ਸੀ ਤਾਂ ਯੂਆਨਸ਼ਿਨ ਹੀ ਮਾਓ ਅਤੇ ਚੀਨੀ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਵਿਚਕਾਰ ਮੁੱਖ ਕੜੀ ਸੀ। ਸਭਿਆਚਾਰਕ ਇਨਕਲਾਬ ਵਿੱਚ ਇਹ ਮੁੱਖ ਆਗੂਆਂ ਵਿਚੋਂ ਸੀ। ਮਾਓ ਦੇ ਦਿਹਾਂਤ ਤੋਂ ਬਾਅਦ ਇਸ ਨੂੰ 'ਗੈਂਗ ਆਫ਼ ਫੋਰ' ਕਹੇ ਜਾਂਦੇ ਅਤਿ ਖੱਬੇ ਗਰੁੱਪ ਦੇ ਅਹਿਮ ਮੈਂਬਰ ਵਜੋਂ ਗ੍ਰਿਫਤਾਰ ਕਰ ਲਿਆ ਗਿਆ ਅਤੇ 17 ਸਾਲ ਦੀ ਕੈਦ ਦੀ ਸਜਾ ਸੁਣਾਈ ਗਈ। ਸਜਾ ਭੁਗਤ ਕੇ ਇਹ 1993 ਵਿੱਚ ਰਿਹਾ ਹੋਇਆ ਅਤੇ ਸ਼ੰਘਾਈ ਦੇ ਇੱਕ ਸਨਅਤੀ ਅਦਾਰੇ ਵਿੱਚ ਤਕਨੀਸ਼ੀਅਨ ਵਜੋਂ ਕੰਮ ਕਰਨ ਲੱਗਾ ਜਿਥੋਂ ਇਹ 2001 ਵਿੱਚ ਰਿਟਾਇਰ ਹੋਇਆ। 2013 ਵਿੱਚ ਹੁਨਾਨ ਵਿਖੇ ਮਾਓ ਜ਼ੇਤੁੰਗ ਦੇ 120 ਵੇਂ ਜਨਮ ਦਿਨ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਇਆ ਦੇਖਿਆ ਗਿਆ।

***

# ਕੁਝ ਮਹੱਤਵਪੂਰਨ ਵਿਅਕਤੀਆਂ, ਨਾਵਾਂ, ਘਟਨਾਵਾਂ ਬਾਰੇ ਟਿੱਪਣੀਆਂ

1. ਡਾ. ਸੁਨ ਯੱਤ-ਸੇਨ (1866-1925) - ਡਾ. ਸੁਨ ਯੱਤ-ਸੇਨ ਨੂੰ ਆਧੁਨਿਕ ਚੀਨ ਦਾ ਪਿਤਾਮਾ ਕਿਹਾ ਜਾਂਦਾ ਹੈ। ਉਹ ਚੀਨ ਵਿੱਚ ਬਾਦਸ਼ਾਹਤ ਖਤਮ ਕਰਨ ਵਾਲੇ 1911 ਦੇ ਜ਼ਿਨਹੂਈ ਇਨਕਲਾਬ ਦਾ ਮੁੱਖ ਆਗੂ ਸੀ। ਬਾਦਸ਼ਾਹਤ ਖਤਮ ਕਰਕੇ ਬਣੇ ਚੀਨੀ ਗਣਰਾਜ ਦਾ ਉਹ ਪਹਿਲਾ ਪ੍ਰਧਾਨ ਬਣਿਆ ਪਰ ਢਾਈ ਕੁ ਮਹੀਨੇ ਬਾਅਦ ਹੀ ਉਸ ਨੂੰ ਅਸਤੀਫ਼ਾ ਦੇ ਕੇ ਸੱਤਾ ਯੂਆਨ ਸ਼ੀ-ਕਾਈ ਨੂੰ ਸੌਂਪਣੀ ਪਈ ਕਿਉਂਕਿ ਫੌਜ ਯੂਆਨ ਦੇ ਕੰਟਰੋਲ ਵਿੱਚ ਸੀ। ਡਾ. ਸੇਨ ਚੀਨ ਨੂੰ ਇੱਕ ਜਮਹੂਰੀ ਸਮਾਜਵਾਦੀ ਦੇਸ਼ ਬਨਾਉਣਾ ਚਾਹੁੰਦਾ ਸੀ ਜਦ ਕਿ ਯੂਆਨ ਸ਼ੀਕਾਈ ਖ਼ੁਦ ਚੀਨ ਦਾ ਨਵਾਂ ਬਾਦਸ਼ਾਹ ਬਣਨਾ ਚਾਹੁੰਦਾ ਸੀ। ਇਸ ਮਸਲੇ 'ਤੇ ਡਾ. ਸੇਨ ਨੇ ਯੂਆਨ ਨਾਲ ਟੱਕਰ ਵੀ ਲਈ ਪਰ ਹਾਰ ਜਾਣ ਕਾਰਣ ਉਸ ਨੂੰ ਜਾਪਾਨ ਵਿੱਚ ਪਨਾਹ ਲੈਣੀ ਪਈ। ਯੂਆਨ ਸ਼ੀਕਾਈ ਦੀ ਮੌਤ ਬਾਅਦ ਡਾ. ਸੇਨ ਚੀਨ ਪਰਤ ਆਇਆ, ਕੌਮਿਨਤਾਂਗ ਪਾਰਟੀ ਨੂੰ ਮੁੜ ਖੜ੍ਹਾ ਕੀਤਾ ਅਤੇ ਚੀਨ ਨੂੰ ਵੱਖ ਵੱਖ ਜੰਗੀ ਸਰਦਾਰਾਂ ਦੇ ਕਬਜੇ ਵਿਚੋਂ ਕੱਢ ਕੇ ਇੱਕ ਲੋਕਤੰਤਰੀ ਚੀਨ ਬਨਾਉਣ ਲਈ ਸੰਘਰਸ਼ ਸ਼ੁਰੂ ਕੀਤਾ ਪਰ ਇਸ ਦੌਰਾਨ ਹੀ 12 ਮਾਰਚ 1925 ਨੂੰ ਉਸ ਦਾ ਦਿਹਾਂਤ ਹੋ ਗਿਆ।

2. ਯੂਆਨ ਸ਼ੀਕਾਈ (1859-1916) - ਯੁਆਨ ਸ਼ੀਕਾਈ ਚੀਨ ਦੇ ਬਾਦਸ਼ਾਹ ਦੀ ਫੌਜ ਵਿੱਚ ਤਾਕਤਵਰ ਜਰਨੈਲ ਸੀ। 1911 ਵਿੱਚ ਜਦ ਬਾਦਸ਼ਾਹਤ ਨੂੰ ਖਤਮ ਕਰਨ ਲਈ ਬਗਾਵਤ ਉੱਠੀ ਤਾਂ ਉਹ ਬਾਦਸ਼ਾਹ ਦੇ ਵਿਰੋਧੀਆਂ ਦੇ ਖਿਲਾਫ਼ ਲੜ ਰਿਹਾ ਸੀ ਪਰ ਇਸੇ ਦੌਰਾਨ ਡਾ. ਸੇਨ ਨੇ ਉਸ ਨਾਲ ਇਹ ਵਾਅਦਾ ਕਰ ਕੇ ਆਪਣੇ ਹੱਕ ਵਿੱਚ ਕਰ ਲਿਆ ਕਿ ਜੇ ਉਹ ਬਾਦਸ਼ਾਹ ਨੂੰ ਗੱਦੀਉਂ ਲਾਹੁਣ ਵਿੱਚ ਬਾਗੀਆਂ ਦਾ ਸਾਥ ਦੇਵੇ ਤਾਂ ਉਸ ਨੂੰ ਨਵੇਂ ਚੀਨੀ ਗਣਰਾਜ ਦਾ ਪ੍ਰਧਾਨ ਬਣਾ ਦਿੱਤਾ ਜਾਵੇਗਾ। ਉਸ ਦੇ ਪਾਸਾ ਪਲਟਣ ਨਾਲ ਬਾਦਸ਼ਾਹ ਪੱਖੀ ਫੌਜਾਂ ਹਾਰ ਗਈਆਂ ਅਤੇ ਵਾਅਦੇ ਨੂੰ ਪੂਰਾ ਕਰਦਿਆਂ ਮਾਰਚ 1912 ਵਿੱਚ ਉਸ ਨੂੰ ਚੀਨ ਦਾ ਪ੍ਰਧਾਨ ਬਣਾ ਦਿੱਤਾ ਗਿਆ। ਪਰ ਉਸ ਦੀ ਲੋਕਰਾਜੀ ਪ੍ਰਬੰਧ ਸਥਾਪਿਤ ਕਰਨ ਵਿੱਚ ਕੋਈ ਰੁਚੀ

ਨਹੀਂ ਸੀ ਸੋ ਉਸ ਨੇ ਡਾ. ਸੁਨ ਯੱਤ-ਸੇਨ ਵੱਲੋਂ ਬਣਾਈ ਕੌਮੀ ਅਸੈਂਬਲੀ ਨੂੰ ਅਣਗੌਲਿਆਂ ਕਰਦੇ ਹੋਏ ਆਪਣੇ ਆਪ ਨੂੰ ਚੀਨ ਦਾ ਨਵਾਂ ਬਾਦਸ਼ਾਹ ਐਲਾਨ ਕਰਨ ਦੀ ਕੋਸ਼ਿਸ਼ ਕੀਤੀ। ਇਸ ਦਾ ਜੋਰਦਾਰ ਵਿਰੋਧ ਹੋਣ ਕਾਰਣ ਉਸ ਨੂੰ ਇਸ ਕਦਮ ਤੋਂ ਪਿੱਛੇ ਹਟਣਾ ਪਿਆ ਅਤੇ ਜੂਨ 1916 ਵਿੱਚ ਉਸ ਦੀ ਮੌਤ ਹੋ ਗਈ।

3. ਚਿਆਂਗ ਕਾਈ ਸ਼ੇਕ (1887-1975) - ਚਿਆਂਗ ਸ਼ੁਰੂ ਵਿੱਚ ਡਾ. ਸੁਨ ਯੱਤ-ਸੇਨ ਵੱਲੋਂ ਸਥਾਪਿਤ ਕੀਤੀ ਗਈ ਕੌਮਵਾਦੀ ਪਾਰਟੀ ਕੌਮਿਨਤਾਂਗ ਦੀ ਮਿਲਟਰੀ ਅਕੈਡਮੀ ਦਾ ਮੁਖੀ ਸੀ। ਉਹ ਤਾਨਾਸ਼ਾਹੀ ਰੁਚੀਆਂ ਅਤੇ ਰੂੜੀਵਾਦੀ ਵਿਚਾਰਾਂ ਦਾ ਧਾਰਨੀ ਸੀ ਜਿਸ ਕਰਕੇ ਉਹ ਕਮਿਊਨਿਸਟਾਂ ਨੂੰ ਸਖਤ ਨਫ਼ਰਤ ਕਰਦਾ ਸੀ। 1925 ਵਿੱਚ ਡਾ. ਸੁਨ ਯੱਤ-ਸੇਨ ਦੇ ਦਿਹਾਂਤ ਉਪਰੰਤ ਉਹ ਕੌਮਿਨਤਾਂਗ ਦਾ ਮੁਖੀ ਬਣ ਗਿਆ ਅਤੇ ਉਸ ਨੇ ਕੌਮਿਨਤਾਂਗ ਵਿਚੋਂ ਖੱਬੇਪੱਖੀਆਂ ਦਾ ਸਫਾਇਆ ਸ਼ੁਰੂ ਕਰ ਦਿੱਤਾ। 1927 ਵਿੱਚ ਉਸ ਦੁਆਰਾ ਸ਼ੰਘਾਈ ਵਿੱਚ ਕਮਿਊਨਿਸਟਾਂ ਦਾ ਵੱਡਾ ਕਤਲੇਆਮ ਕੀਤਾ ਗਿਆ ਜਿਸ ਉਪਰੰਤ ਚਿਆਂਗ ਕਾਈ-ਸ਼ੇਕ ਅਤੇ ਚੀਨੀ ਕਮਿਊਨਿਸਟਾਂ ਵਿਚਕਾਰ ਸਿੱਧੀ ਜੰਗ ਸ਼ੁਰੂ ਹੋ ਗਈ ਜੋ 1949 ਵਿੱਚ ਚਿਆਂਗ ਦੀ ਹਾਰ ਨਾਲ ਹੀ ਸਮਾਪਤ ਹੋਈ। ਇਸ ਉਪਰੰਤ ਉਹ ਆਪਣੇ ਸਹਾਇਕਾਂ ਦੇ ਨਾਲ ਚੀਨ ਦੇ ਤਾਈਵਾਨ ਟਾਪੂ ਵਿੱਚ ਚਲਾ ਗਿਆ ਅਤੇ ਉਥੋਂ ਆਪਣੇ ਆਪ ਨੂੰ ਚੀਨ ਦਾ ਅਸਲ ਸ਼ਾਸ਼ਕ ਹੋਣ ਦਾ ਦਾਅਵਾ ਕਰਦਾ ਰਿਹਾ।

4. ਚੈੱਨ ਤੂ-ਸੀਓ (1879-1942) - ਉਹ ਚੀਨੀ ਕਮਿਊਨਿਸਟ ਪਾਰਟੀ ਦੇ ਮੋਢੀਆਂ ਵਿਚੋਂ ਸੀ ਅਤੇ ਇਸ ਦਾ ਪਹਿਲਾ ਸਕੱਤਰ ਬਣਿਆ। 1925 ਤੋਂ ਬਾਅਦ ਪਾਰਟੀ ਅੰਦਰ ਉਸ ਦਾ ਮਾਓ ਜ਼ੇ-ਤੁੰਗ ਨਾਲ ਵਿਰੋਧ ਚੱਲ ਪਿਆ ਕਿਉਂਕਿ ਉਹ ਮਾਰਕਸਵਾਦ ਦੀ ਰਵਾਇਤੀ ਸਮਝ ਅਨੁਸਾਰ ਇਨਕਲਾਬ ਦਾ ਰਾਹ ਸਨਅਤੀ ਮਜਦੂਰ ਜਮਾਤ ਨੂੰ ਜਥੇਬੰਦ ਕਰਕੇ ਸ਼ਹਿਰਾਂ ਵਿੱਚ ਸੱਤਾ ਹਥਿਆਉਣ ਵਾਲਾ ਮੰਨਦਾ ਸੀ ਜਦ ਕਿ ਮਾਓ ਕਿਸਾਨਾਂ ਨੂੰ ਜਥੇਬੰਦ ਕਰਕੇ ਪੇਂਡੂ ਖੇਤਰ ਵਿਚੋਂ ਲੜਾਈ ਦੇਣ ਵਾਲੀ ਲਾਈਨ ਪੇਸ਼ ਕਰ ਰਿਹਾ ਸੀ। ਜਦ ਅਮਲ ਵਿੱਚ ਮਾਓ ਦੀ ਲਾਈਨ ਸਹੀ ਸਾਬਤ ਹੋਣ ਲੱਗੀ ਤਾਂ ਉਸ ਦਾ ਪਾਰਟੀ ਵਿਚੋਂ ਆਧਾਰ ਘਟਦਾ ਗਿਆ ਅਤੇ 1927 ਵਿੱਚ ਉਸ ਨੂੰ ਸਕੱਤਰੀ ਤੋਂ ਲਾਹ ਦਿੱਤਾ ਗਿਆ ਅਤੇ ਪਾਰਟੀ ਲਾਈਨ ਦਾ ਵਿਰੋਧ ਜਾਰੀ ਰੱਖਣ ਕਰਕੇ 1929 ਵਿੱਚ ਉਸ ਨੂੰ ਕਮਿਊਨਿਸਟ ਪਾਰਟੀ ਵਿਚੋਂ ਖਾਰਜ ਕਰ ਦਿੱਤਾ ਗਿਆ। ਇਸ ਉਪਰੰਤ ਉਹ ਟਰਾਟਸਕੀਵਾਦੀ ਬਣ ਗਿਆ ਪਰ ਚੀਨ ਦੀ ਰਾਜਨੀਤੀ ਵਿੱਚ ਦੁਬਾਰਾ ਉਹ ਕੋਈ ਪ੍ਰਭਾਵ ਨਾ ਬਣਾ ਸਕਿਆ।

5. ਲੀ ਤਾ-ਚਾਓ (1888-1927) - ਉਹ ਬੀਜ਼ਿੰਗ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿੱਚ ਲਾਇਬ੍ਰੇਰੀਅਨ ਸੀ ਜਿੱਥੇ ਉਸ ਦੇ ਸਹਾਇਕ ਵਜੋਂ ਮਾਓ ਨੇ ਵੀ ਕੁਝ

ਸਮਾਂ ਕੰਮ ਕੀਤਾ। ਇਸ ਦੌਰਾਨ ਉਸ ਨੇ ਮਾਓ ਸਮੇਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਆਪਣੇ ਵਿਚਾਰਾਂ ਨਾਲ ਕਾਫੀ ਪ੍ਰਭਾਵਿਤ ਕੀਤਾ। 1921 ਵਿੱਚ ਉਸ ਨੇ ਚੌਨ ਤੂ-ਸੀਓ ਨਾਲ ਮਿਲ ਕੇ ਚੀਨ ਦੀ ਕਮਿਊਨਿਸਟ ਪਾਰਟੀ ਦੀ ਨੀਂਹ ਰੱਖੀ। ਜਦ 1927 ਵਿੱਚ ਚਿਆਂਗ ਕਾਈ-ਸ਼ੇਕ ਨੇ ਕਮਿਊਨਿਸਟਾਂ ਨਾਲੋਂ ਸਾਂਝ ਤੋੜ ਕੇ ਉਨ੍ਹਾਂ ਉੱਤੇ ਹੱਲਾ ਬੋਲਿਆ ਤਾਂ ਲੀ ਤਾ-ਚਾਓ ਵੀ ਇਸ ਦਾ ਸ਼ਿਕਾਰ ਹੋ ਗਿਆ ਅਤੇ ਉਸ ਨੂੰ ਗ੍ਰਿਫ਼ਤਾਰ ਕਰਕੇ 28 ਅਪ੍ਰੈਲ 1927 ਨੂੰ ਫਾਂਸੀ ਦੇ ਦਿੱਤੀ ਗਈ।

**6. ਚਾਓ ਐਨ ਲਾਈ (1898-1976)** - ਕਮਿਊਨਿਸਟ ਇਨਕਲਾਬ ਤੋਂ ਬਾਅਦ ਉਹ ਚੀਨ ਦਾ ਪਹਿਲਾ ਪ੍ਰਧਾਨ ਮੰਤਰੀ ਬਣਿਆ ਜਿਸ ਅਹੁੱਦੇ ਉੱਤੇ ਉਹ ਆਪਣੀ ਮੌਤ ਤੱਕ ਰਿਹਾ। ਚੀਨੀ ਕਮਿਊਨਿਸਟ ਪਾਰਟੀ ਵਿੱਚ ਵੱਖ ਵੱਖ ਸਮਿਆਂ 'ਤੇ ਚੱਲੇ ਬਹੁਤ ਵੱਡੇ ਵਿਚਾਰਧਾਰਕ ਸੰਘਰਸ਼ਾਂ ਵਿੱਚ ਉਸ ਦਾ ਆਪਣੇ ਅਹੁਦੇ ਉੱਤੇ ਲਗਾਤਾਰ ਬਣੇ ਰਹਿਣਾ ਉਸ ਦੀ ਕਾਬਲੀਅਤ ਅਤੇ ਸੰਤੁਲਿਤ ਪਹੁੰਚ ਨੂੰ ਦਰਸਾਉਂਦਾ ਹੈ। ਇਨਕਲਾਬ ਉਪਰੰਤ ਜਿੱਥੇ ਮਾਓ ਪਾਰਟੀ ਅਤੇ ਵਿਚਾਰਧਾਰਕ ਮਾਮਲਿਆਂ ਵਿੱਚ ਵਧੇਰੇ ਰੁਝਿਆ ਰਿਹਾ ਉਥੇ ਸਰਕਾਰ ਚਲਾਉਣ ਅਤੇ ਦੂਜੇ ਦੇਸ਼ਾਂ ਨਾਲ ਸਬੰਧਾਂ ਦੇ ਕੂਟਨੀਤਕ ਮਾਮਲੇ ਚਾਓ ਐਨ-ਲਾਈ ਦੇ ਹੱਥ ਵਿੱਚ ਰਹੇ। ਉਹ ਵਿਚਾਰਧਾਰਕ ਤੌਰ 'ਤੇ ਮਾਓ ਨਾਲ ਸਹਿਮਤ ਹੁੰਦਿਆਂ ਹੋਇਆਂ ਵੀ ਪ੍ਰੈਕਟੀਕਲ ਪਹੁੰਚ ਵਾਲਾ ਸੀ ਅਤੇ ਵਿਚਾਰਧਾਰਕ ਜੋਸ਼ ਕਾਰਣ ਪੈਦਾ ਹੋਏ ਮਸਲਿਆਂ ਨੂੰ ਸੁਲਝਾਉਣ ਵਿੱਚ ਮੁਹਾਰਤ ਰਖਦਾ ਸੀ।

**7. ਪੈਂਗ ਤੇਹ-ਹੂਈ (1898-1974)** - ਗਰੀਬ ਪਰਿਵਾਰ ਵਿੱਚ ਪੈਦਾ ਹੋਇਆ ਪੈਂਗ ਤੇਹ-ਹੂਈ ਸਿਪਾਹੀ ਦੇ ਅਹੁਦੇ ਤੋਂ ਉਠ ਕੇ ਆਪਣੀ ਯੋਗਤਾ ਨਾਲ ਫੌਜੀ ਕਮਾਂਡਰ ਬਣਿਆ ਜੋ ਕੌਮਿਨਤਾਂਗ ਛੱਡ ਕੇ ਕਮਿਊਨਿਸਟਾਂ ਨਾਲ ਆ ਰਲਿਆ ਅਤੇ ਲੰਮੇ ਕੂਚ ਦੌਰਾਨ ਮਾਓ ਦਾ ਯੁੱਧ ਸਾਥੀ ਰਿਹਾ। ਕੋਰੀਆਈ ਜੰਗ ਦੌਰਾਨ ਉਹ ਚੀਨੀ ਫੌਜ ਦਾ ਕਮਾਂਡਰ ਸੀ ਅਤੇ ਮਾਓ ਦਾ ਲੜਕਾ ਮਾਓ ਐਨੀਇੰਗ ਉਸ ਦੇ ਸਹਾਇਕ ਵਜੋਂ ਕੰਮ ਕਰ ਰਿਹਾ ਸੀ। ਉਹ ਫੌਜ ਵਿੱਚ ਵਿਚਾਰਧਾਰਕ ਜਾਂ ਰਾਜਨੀਤਕ ਸਿੱਖਿਆ ਉਤੇ ਜੋਰ ਦੇਣ ਦੀ ਥਾਂ ਇਸ ਨੂੰ ਪ੍ਰੋਫੈਸ਼ਨਲ ਢੰਗ ਨਾਲ ਵਿਕਸਿਤ ਕਰਨਾ ਚਾਹੁੰਦਾ ਸੀ। ਸਪਸ਼ਟ ਹੈ ਕਿ ਉਹ ਮਾਓ ਅਤੇ ਲਿਨ ਪਿਆਓ ਨਾਲ ਮੱਤਭੇਦ ਰਖਦਾ ਸੀ ਜੋ ਫੌਜ ਨੂੰ ਪੂਰੀ ਤਰ੍ਹਾਂ ਰਾਜਸੀ ਸੂਝ ਨਾਲ ਲੈਸ ਕਰਨਾ ਚਾਹੁੰਦੇ ਸਨ। ਜਦ 'ਅਗਾਂਹ ਵੱਲ ਲੰਮੀ ਛਾਲ' ਮੁਹਿੰਮ ਦੇ ਮੁਲਅੰਕਣ ਲਈ ਲੂਸ਼ਾਨ ਕਾਨਫਰੰਸ ਹੋਈ ਤਾਂ ਉਸ ਨੇ ਦੇਸ਼ ਵਿੱਚ ਪੈਦਾ ਹੋਈਆਂ ਮੁਸ਼ਕਿਲਾਂ ਲਈ ਮਾਓ ਨੂੰ ਜਿੰਮੇਂਵਾਰ ਠਹਿਰਾਇਆ ਅਤੇ ਦੋਹਵਾਂ ਵਿੱਚ ਤਕੜੀ ਬਹਿਸ ਹੋਈ ਪਰ ਮਾਓ ਦਾ ਪੱਖ ਇਥੇ ਭਾਰੂ ਰਿਹਾ ਜਿਸ ਦੇ ਸਿੱਟੇ ਵਜੋਂ ਪੈਂਗ ਨੂੰ ਉਸ ਦੇ ਅਹੁਦੇ ਤੋਂ ਲਾਹ ਕੇ ਖੂੰਜੇ ਲਾ ਦਿੱਤਾ ਗਿਆ। ਸਭਿਆਚਾਰਕ

ਇਨਕਲਾਬ ਦੌਰਾਨ ਉਹ ਰੈਡਗਾਰਡਾਂ ਦਾ ਵਿਸ਼ੇਸ਼ ਨਿਸ਼ਾਨਾ ਬਣਿਆ ਜਿਨ੍ਹਾਂ ਨੇ ਉਸ ਨੂੰ ਕਾਫੀ ਤੰਗ ਕੀਤਾ ਅਤੇ 1970 ਵਿੱਚ ਉਸ ਨੂੰ ਉਮਰ ਕੈਦ ਦੀ ਸਜਾ ਸੁਣਾ ਦਿੱਤੀ ਗਈ ਜਿਸ ਦੌਰਾਨ ਜੇਲ੍ਹ ਵਿੱਚ ਹੀ ਉਸ ਦੀ ਮੌਤ ਹੋ ਗਈ। ਜਦ ਡੈਂਗ ਜ਼ਿਆਓ ਪਿੰਗ ਸੱਤਾ ਵਿੱਚ ਆਇਆ ਸਭ ਤੋਂ ਪਹਿਲਾਂ ਪੈਂਗ ਤੇਹ-ਹੁਈ ਦਾ ਹੀ ਚੀਨੀ ਕਮਿਊਨਿਸਟ ਪਾਰਟੀ ਦੇ ਇਤਿਹਾਸ ਵਿੱਚ ਮਾਨ ਸਨਮਾਨ ਬਹਾਲ ਕੀਤਾ ਗਿਆ।

**8. ਲਿਊ ਸ਼ਾਓ-ਚੀ (1898-1969)** - 'ਚੰਗੇ ਕਮਿਊਨਿਸਟ ਕਿਵੇਂ ਬਣੀਏ' ਵਰਗੀ ਮਸ਼ਹੂਰ ਲਿਖਤ ਦਾ ਲੇਖਕ ਲਿਊ ਸ਼ਾਓ-ਚੀ ਚੀਨੀ ਕਮਿਊਨਿਸਟ ਪਾਰਟੀ ਦੇ ਮੁੱਖ ਆਗੂਆਂ ਵਿਚੋਂ ਸੀ। 'ਅਗਾਂਹ ਵੱਲ ਲੰਮੀ ਛਾਲ' ਦੀ ਅਸਫਲਤਾ ਬਾਅਦ ਜਦ ਮਾਓ ਨੇ ਚੀਨ ਦੇ ਪ੍ਰੇਜ਼ੀਡੈਂਟ ਦੇ ਅਹੁਦੇ ਤੋਂ ਅਸਤੀਫਾ ਦਿੱਤਾ ਤਾਂ ਲਿਊ ਸ਼ਾਓ-ਚੀ ਚੀਨ ਦਾ ਪ੍ਰੇਜ਼ੀਡੈਂਟ ਬਣਿਆ। ਮਾਓ ਵੱਲੋਂ ਵਿਚਾਰਧਾਰਾ ਨੂੰ ਪ੍ਰਮੁੱਖ ਮੰਨਣ ਦੀ ਧਾਰਨਾ ਦੇ ਉਲਟ ਲਿਊ ਪੈਦਾਵਾਰ ਵਧਾਉਣ ਉਤੇ ਜੋਰ ਦਿੰਦਾ ਸੀ ਯਾਨੀ ਕਿ ਚੀਨੀ ਕਮਿਊਨਿਸਟ ਪਾਰਟੀ ਅੰਦਰ ਚੱਲੇ ਦੋ ਲੀਹਾਂ ਵਿਚਕਾਰ ਸੰਘਰਸ਼ ਦੌਰਾਨ ਉਹ ਮਾਓ ਜ਼ੇ-ਤੁੰਗ ਦੀ ਲੀਹ ਦੇ ਉਲਟ ਖੜ੍ਹਦਾ ਸੀ। ਇਸ ਪਹੁੰਚ ਦੇ ਕਾਰਣ ਜਦ ਸਭਿਆਚਾਰਕ ਇਨਕਲਾਬ ਦੌਰਾਨ ਖੱਬੇ ਪੱਖੀ ਰੈਡਗਾਰਡਾਂ ਦਾ ਜੋਰ ਪਿਆ ਤਾਂ ਉਸ ਨੂੰ ਸਰਕਾਰ ਅਤੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਲਾਹ ਦਿੱਤਾ ਗਿਆ। ਉਸ ਨੂੰ ਪਾਰਟੀ ਅੰਦਰਲੇ 'ਬੁਰਜੂਆ ਹੈਡਕੁਆਰਟਰ ਦਾ ਕਮਾਂਡਰ' ਅਤੇ ਸੋਧਵਾਦੀ ਆਗੂ ਕਿਹਾ ਗਿਆ। ਇਸ ਤਰ੍ਹਾਂ ਬੇਇਜ਼ਤੀ ਅਤੇ ਘਰ ਵਿੱਚ ਨਜ਼ਰਬੰਦੀ ਦੀ ਹਾਲਤ ਵਿੱਚ ਉਸ ਦੀ ਮੌਤ ਹੋ ਗਈ।

**9. ਲਿਨ ਪਿਆਓ (1907-1971)** - ਚੀਨ ਦਾ ਰੱਖਿਆ ਮੰਤਰੀ ਲਿਨ ਪਿਆਓ, ਮਾਓ ਦਾ ਬਹੁਤ ਨੇੜਲਾ ਸਾਥੀ ਸੀ ਜਿਸ ਕਰਕੇ ਇੱਕ ਸਮੇਂ ਮਾਓ ਦਾ ਵਾਰਿਸ ਮੰਨਿਆ ਜਾਂਦਾ ਸੀ। ਇਨਕਲਾਬ ਤੋਂ ਪਹਿਲਾਂ ਉਸ ਨੇ ਲਾਲ ਫੌਜ ਦੇ ਕਮਾਂਡਰ ਵੱਜੋਂ ਬਹੁਤ ਬਹਾਦਰੀ ਅਤੇ ਯੋਗਤਾ ਦਿਖਾਈ ਅਤੇ ਇਨਕਲਾਬ ਉਪਰੰਤ ਉਹ ਪਦਾਰਥਕ ਸਹੂਲਤਾਂ ਦੀ ਬਜਾਏ ਸਿਆਸਤ ਨੂੰ ਸਿਰਮੌਰ ਰੱਖਣ ਵਾਲੀ ਮਾਓ ਦੀ ਵਿਚਾਰਧਾਰਾ ਦਾ ਸਭ ਤੋਂ ਵੱਡਾ ਸਮਰਥਕ ਸੀ। ਉਸ ਨੇ ਫੌਜ ਨੂੰ ਮਾਓ ਵਿਚਾਰਧਾਰਾ ਦਾ ਪਾਠ ਪੜ੍ਹਾਉਣ ਉੱਤੇ ਬਹੁਤ ਜੋਰ ਦਿੱਤਾ ਅਤੇ ਬਹੁ-ਚਰਚਿਤ 'ਲਾਲ ਕਿਤਾਬ' ਮਾਓ ਦੀਆਂ ਲਿਖਤਾਂ ਵਿਚੋਂ ਟੂਕਾਂ ਚੁਣ ਕੇ ਉਸੇ ਨੇ ਤਿਆਰ ਕੀਤੀ ਸੀ। ਚੀਨੀ ਸਭਿਆਚਾਰਕ ਇਨਕਲਾਬ ਦੌਰਾਨ ਉਸ ਨੇ ਫੌਜ ਨੂੰ ਇਸ ਸਿਆਸੀ ਘੋਲ ਵਿੱਚ ਸ਼ਾਮਲ ਕਰਕੇ ਬਹੁਤ ਸਰਗਰਮ ਰੋਲ ਕੀਤਾ ਪਰ 1970-71 ਵਿੱਚ ਮਾਓ ਜ਼ੇ-ਤੁੰਗ ਅਤੇ ਖਾਸ ਕਰ ਮਾਓ ਦੀ ਪਤਨੀ ਚਿਆਂਗ ਚਿੰਗ ਨੂੰ ਇਹ ਜਾਪਣ ਲੱਗਾ ਕਿ ਲਿਨ ਪਿਆਓ ਸਾਰੀ ਤਾਕਤ ਆਪਣੇ ਹੱਥ ਕਰਨੀ ਚਾਹੁੰਦਾ ਹੈ ਸੋ ਉਸ ਦੇ ਖਿਲਾਫ਼ ਮੁਹਿੰਮ ਸ਼ੁਰੂ ਹੋ ਗਈ ਅਤੇ ਉਸ ਨੇ

ਪਰਿਵਾਰ ਸਮੇਤ ਹਵਾਈ ਜਹਾਜ ਰਾਹੀਂ ਚੀਨ ਛੱਡ ਕੇ ਜਾਣ ਦਾ ਫੈਸਲਾ ਕਰ ਲਿਆ। ਇਹ ਜਹਾਜ 13 ਸਤੰਬਰ 1971 ਨੂੰ ਮੰਗੋਲੀਆ ਉਪਰ ਹਾਦਸੇ ਦਾ ਸ਼ਿਕਾਰ ਹੋ ਗਿਆ ਅਤੇ ਸਾਰਾ ਪਰਿਵਾਰ ਮਾਰਿਆ ਗਿਆ।

**10. ਡੈਂਗ ਜ਼ਿਆਓਪਿੰਗ (1904-1997) -** ਡੈਂਗ ਜ਼ਿਆਓਪਿੰਗ ਚੀਨ ਦੀ ਕਮਿਊਨਿਸਟ ਪਾਰਟੀ ਦੇ ਅੰਦਰ ਮਾਓ ਦੇ ਵਿਰੋਧੀ ਵਿਚਾਰਾਂ ਦੀ ਨੁਮਾਂਇੰਦਗੀ ਕਰਦਾ ਸੀ ਅਤੇ ਮਾਓ ਦੇ ਦਿਹਾਂਤ ਬਾਅਦ ਚੀਨ ਦੀ ਰਾਜਨੀਤੀ ਅਤੇ ਆਰਥਿਕਤਾ ਨੂੰ ਮੰਡੀ ਆਰਥਿਕਤਾ ਵੱਲ ਮੋੜ ਦੇਣ ਵਿੱਚ ਸਭ ਤੋਂ ਵੱਡਾ ਰੋਲ ਉਸ ਦਾ ਹੈ। ਜੇ ਮਾਓ ਜ਼ੇ-ਤੁੰਗ ਕਮਿਊਨਿਸਟ ਸਮਾਜ ਦੀ ਉਸਾਰੀ ਲਈ ਮਨੁੱਖ ਦੀ ਵਿਚਾਰਧਾਰਕ ਢਲਾਈ ਉੱਤੇ ਸਭ ਤੋਂ ਵੱਧ ਜੋਰ ਦਿੰਦਾ ਸੀ ਤਾਂ ਡੈਂਗ ਜ਼ਿਆਓਪਿੰਗ ਇਸ ਲਈ ਪਦਾਰਥਕ ਬਹੁਲਤਾ ਵਾਲੀ ਆਰਥਿਕਤਾ ਨੂੰ ਸਭ ਤੋਂ ਜਰੂਰੀ ਸਮਝਦਾ ਸੀ ਅਤੇ ਵੱਧ ਪੈਦਾਵਾਰ ਲਈ ਉਤਸ਼ਾਹਿਤ ਕਰਨ ਵਾਸਤੇ ਉਹ ਵਿਅਕਤੀਆਂ ਨੂੰ ਪਦਾਰਥਕ ਲਾਭ ਦੇਣ ਦੇ ਹੱਕ ਵਿੱਚ ਸੀ। ਉਸ ਦਾ ਇੱਕ ਮਸ਼ਹੂਰ ਕਥਨ ਹੈ ਕਿ 'ਇਸ ਗੱਲ ਦਾ ਕੋਈ ਮਹੱਤਵ ਨਹੀਂ ਕਿ ਬਿੱਲੀ ਕਾਲੀ ਹੈ ਜਾਂ ਚਿੱਟੀ, ਬੱਸ ਉਹ ਚੂਹੇ ਠੀਕ ਫੜਦੀ ਹੋਵੇ' ਯਾਨੀ ਵਿਅਕਤੀ ਚਾਹੇ ਇਨਕਲਾਬੀ ਵਿਚਾਰ ਰਖਦਾ ਹੋਵੇ ਜਾਂ ਨਾ, ਉਹ ਪੈਦਾਵਾਰ ਪੂਰੀ ਕਰਦਾ ਹੋਵੇ। ਇਸ ਕਥਨ ਤੋਂ ਪਤਾ ਚਲਦਾ ਹੈ ਕਿ ਉਹ ਵਿਚਾਰਧਾਰਾ ਦਾ ਮਹੱਤਵ ਕਿੰਨਾ ਘਟਾ ਕੇ ਵੇਖਦਾ ਸੀ ਅਤੇ ਇਹ ਗੱਲ ਮਾਓ ਦੀ ਸੋਚ ਦੇ ਬਿਲਕੁਲ ਉਲਟ ਜਾਂਦੀ ਸੀ। ਉਸ ਨੂੰ ਸਭਿਆਚਾਰਕ ਇਨਕਲਾਬ ਦੌਰਾਨ ਦੋ ਵਾਰ ਅਹੁਦਿਆਂ ਤੋਂ ਲਾਹਿਆ ਗਿਆ ਪਰ ਉਸ ਵਿੱਚ ਕੋਈ ਖਾਸ ਗੱਲ ਸੀ ਕਿ ਉਸ ਨੂੰ ਆਰਥਿਕਤਾ ਨੂੰ ਸੰਭਾਲਣ ਲਈ ਮੁੜ ਮੁੜ ਬਹਾਲ ਕੀਤਾ ਜਾਂਦਾ ਰਿਹਾ ਅਤੇ ਮਾਓ ਦੇ ਦਿਹਾਂਤ ਉਪਰੰਤ ਉਹ ਪਾਰਟੀ ਅੰਦਰਲੇ ਸਾਰੇ ਖੱਬੇ ਪੱਖੀ ਗੁੱਟਾਂ ਨੂੰ ਪਛਾੜ ਕੇ 1978 ਵਿੱਚ ਸੱਤਾ ਉੱਤੇ ਕਾਬਜ਼ ਹੋ ਗਿਆ ਅਤੇ ਚੀਨੀ ਕਮਿਊਨਿਸਟ ਪਾਰਟੀ ਨੂੰ ਆਪਣੀ ਮਰਜੀ ਦਾ ਮੋੜਾ ਦੇਣ ਵਿੱਚ ਸਫਲ ਹੋ ਗਿਆ।

**ਜੰਗੀ ਸਰਦਾਰ (Warlords)-** 1911 ਵਿੱਚ ਜਦ ਮਾਂਚੂ ਰਾਜਿਆਂ ਦੀ ਸੱਤਾ ਸਮਾਪਿਤ ਕਰ ਦਿੱਤੀ ਗਈ ਤਾਂ ਉਸ ਤੋ ਬਾਅਦ ਚੀਨ ਦੀ ਕੋਈ ਕੇਂਦਰੀ ਸੱਤਾ ਨਾ ਰਹੀ। ਇਸ ਸਥਿਤੀ ਵਿੱਚ ਬਾਦਸ਼ਾਹ ਦੇ ਸੂਬੇਦਾਰ ਜਾਂ ਜਰਨੈਲ ਰਹੇ ਸਰਦਾਰਾਂ ਨੇ ਆਪੋ ਆਪਣੇ ਵਫ਼ਾਦਾਰ ਸੈਨਿਕਾਂ ਦੀਆਂ ਫੌਜਾਂ ਖੜ੍ਹੀਆਂ ਕਰਕੇ ਚੀਨ ਦੇ ਵੱਖ ਵੱਖ ਇਲਾਕਿਆਂ ਉੱਤੇ ਅਧਿਕਾਰ ਕਰ ਲਿਆ। ਕਿਉਂਕਿ ਇਨ੍ਹਾਂ ਦੇ ਕੋਈ ਮਾਨਤਾ ਪ੍ਰਾਪਤ ਰਾਜ ਨਹੀਂ ਸਨ ਅਤੇ ਜਿੰਨੇ ਇਲਾਕੇ ਉੱਤੇ ਕਾਬਜ ਸਨ ਉਹ ਆਪਣੀ ਤਾਕਤ ਦੇ ਜੋਰ ਨਾਲ ਹੀ ਸਨ ਇਸ ਲਈ ਅਕਸਰ ਉਹ ਆਪਣੇ ਇਲਾਕੇ ਨੂੰ ਬਚਾਉਣ ਲਈ ਇੱਕ ਦੂਜੇ ਨਾਲ ਜੰਗਾਂ ਵਿੱਚ ਲੱਗੇ ਰਹਿੰਦੇ ਸਨ ਜਿਸ ਕਰਕੇ ਇਨ੍ਹਾਂ ਨੂੰ ਜੰਗੀ

ਸਰਦਾਰ ਕਿਹਾ ਜਾਂਦਾ ਹੈ। ਇਨ੍ਹਾਂ ਦਾ ਆਪਣੀ ਜਨਤਾ ਦੀ ਭਲਾਈ ਜਾਂ ਅਧੀਨ ਇਲਾਕੇ ਦੇ ਵਿਕਾਸ ਨਾਲ ਕੋਈ ਲੈਣਾ ਦੇਣਾ ਨਹੀਂ ਸੀ ਅਤੇ ਇਹ ਆਪਣੇ ਜ਼ੁਲਮਾਂ ਦੀ ਦਹਿਸ਼ਤ ਨਾਲ ਹੀ ਲੋਕਾਂ ਉੱਤੇ ਰਾਜ ਕਰਦੇ ਸਨ।

**ਵੂਹਾਨ ਬਗਾਵਤ ਅਤੇ ਜ਼ਿਨਹੂਈ ਇਨਕਲਾਬ** - ਅਕਤੂਬਰ 1911 ਵਿੱਚ ਚੀਨ ਦੇ ਵੂਹਾਨ ਸ਼ਹਿਰ ਵਿੱਚ ਬਾਦਸ਼ਾਹੀ ਰਾਜ ਦੇ ਖਿਲਾਫ਼ ਬਗਾਵਤ ਸ਼ੁਰੂ ਹੋਈ ਜੋ ਚੀਨ ਦੇ ਹੋਰ ਹਿੱਸਿਆਂ ਵਿੱਚ ਵੀ ਫੈਲ ਗਈ। ਡਾ. ਸੁਨ ਯੱਤ-ਸੇਨ ਨੇ ਇਸ ਦੀ ਅਗਵਾਈ ਕਰਦੇ ਹੋਏ ਬਾਦਸ਼ਾਹ ਦੇ ਜਰਨੈਲ ਯੂਆਨ ਸ਼ਿਕਾਈ ਨੂੰ ਆਪਣੇ ਪੱਖ ਵਿੱਚ ਕਰ ਲਿਆ ਅਤੇ ਸਿੱਟੇ ਵਜੋਂ ਫਰਵਰੀ 1912 ਵਿੱਚ ਬਾਦਸ਼ਾਹ ਨੂੰ ਗੱਦੀ ਛੱਡਣੀ ਪਈ ਅਤੇ ਚੀਨ ਵਿੱਚ ਬਾਦਸ਼ਾਹਤ ਖਤਮ ਹੋ ਕੇ ਚੀਨੀ ਗਣਰਾਜ ਸਥਾਪਿਤ ਹੋਇਆ। ਚੀਨੀ ਕੈਲੰਡਰ ਮੁਤਾਬਿਕ ਇਸ ਇਨਕਲਾਬ ਵਾਲੇ ਸਾਲ ਦਾ ਨਾਮ ਜ਼ਿਨਹੂਈ ਸੀ ਇਸ ਲਈ ਇਸ ਨੂੰ ਜ਼ਿਨਹੂਈ ਇਨਕਲਾਬ ਵੀ ਕਿਹਾ ਜਾਂਦਾ ਹੈ।

***